
ISSN: 2277-9930

82-83

ਜਨਵਰੀ-ਮਾਰਚ 2025

# ਪ੍ਰਤਿਮਾਨ

ਮੁੱਲ: 75/-



# ਮਹਿਮਾਨ ਕਵਿਤਾਵਾਂ / ਗੁਰਚਰਨ ਸੱਗੂ (ਯੂ.ਕੇ.)

## ਅਹਿਸਾਸ

ਵੱਧਦੀ ਉਮਰ ਦੇ ਨਾਲ
ਹੁਣ ਜਾ ਕੇ ਇਹ
ਅਹਿਸਾਸ ਹੋਇਆ ਹੈ
ਕਿ ਇਸ ਧਰਤ ਤੇ ਅਸੀਂ
ਕੁੱਝ ਸਮੇਂ ਲਈ ਕਿਰਾਏਦਾਰ ਹਾਂ
ਤੇ ਇੱਕ ਦਿਨ
ਇਹ ਮਕਾਨ ਛੱਡ ਜਾਵਾਂਗੇ

ਹੁਣ ਮੈਂ ਇਸ ਦੁਨੀਆਂ ਨੂੰ
ਆਪਣੇ ਚੌਗਿਰਦੇ ਭਾਈਚਾਰੇ
ਸਾਕ ਸੰਬੰਧੀਆਂ ਧੀਆਂ ਪੁੱਤਰਾਂ ਨੂੰ
ਇੱਕ ਵੱਖਰੀ ਅੱਖ ਨਾਲ
ਵੇਖਣਾ ਸ਼ੁਰੂ ਕਰ ਦਿੱਤਾ ਹੈ

ਹੁਣ ਪਹਾੜ, ਝਰਨੇ, ਨਦੀਆਂ,
ਸਮੁੰਦਰ ਸੂਰਜ ਚੰਦ ਤਾਰੇ, ਬਾਰਿਸ਼
ਸੱਤਰੰਗੀਆਂ ਪੀਂਘਾਂ, ਜੰਗਲੀ
ਜਾਨਵਰ ਖੌਰੂ ਪਾਉਂਦੇ ਬਾਂਦਰ
ਹੋਰ ਵੀ ਸੋਹਣੇ
ਲੱਗਣ ਲੱਗ ਪਏ ਹਨ

ਇੱਥੋਂ ਤੱਕ ਕਿ
ਪਾਰਕ ਵਿੱਚ ਭੌਂਕਦੇ ਕੁੱਤੇ ਵੀ
ਪਿਆਰੇ ਲੱਗਦੇ ਹਨ
ਡੁੱਬਦਾ ਸੂਰਜ ਚੰਗਾ ਲੱਗਦਾ ਹੈ
ਸ਼ਾਇਦ ਮਕਾਨ
ਖਾਲੀ ਕਰਨ ਦਾ ਵਕਤ
ਨੇੜੇ ਆ ਰਿਹਾ ਹੈ

ਮਕਾਨ ਜੋ ਬੜੀਆਂ ਰੀਝਾਂ ਨਾਲ
ਬਣਾਇਆ ਸੀ
ਹਰ ਕਮਰਾ ਵੱਡਮੁਲੀਆਂ ਵਸਤਾਂ
ਨਾਲ ਸਜਾਇਆ ਸੀ
ਇੱਕ ਇੱਕ ਕਮਰੇ ਵਿੱਚ
ਹੱਡ ਭੰਨ ਜਾਨ ਪਾਈ ਸੀ
ਤੇ ਆਪਣੀ ਜ਼ਿੰਦਗੀ ਲਾਈ ਸੀ

ਹੁਣ ਉਹ ਹੀ ਅੰਬਰੀਂ ਉੱਡਦੇ
ਕਮਰੇ ਵੱਡਮੁਲੀਆਂ ਵਸਤਾਂ
ਪੇਂਟਿੰਗਜ਼, ਸ਼ੈਂਡਲਰਜ਼
ਬੇ-ਜਾਨ ਹੁੰਦੇ ਜਾ ਰਹੇ
ਮੇਰਾ ਘਰ ਖਾਲੀ ਹੋਈ ਜਾ ਰਿਹਾ

ਮੈਂ ਖਾਲੀ ਹੋਈ ਜਾ ਰਿਹਾ
ਬੇ-ਜਾਨ ਹੋਈ ਜਾ ਰਿਹਾ
ਅਪਣੇ ਹੀ ਘਰ ਦਾ ਮਾਲਕ
ਕਿਰਾਏਦਾਰ ਬਣਦਾ ਜਾ ਰਿਹਾ।


## ਦੇਸ ਤਾਂ ਆਪਣਾ ਹੀ ਸੀ

ਦੇਸ ਤਾਂ ਆਪਣਾ ਹੀ ਸੀ
ਹੈ ...ਤੇ ਰਵ੍ਹੇਗਾ ਵੀ
ਚਾਹੇ ਬਣ ਗਏ ਹਾਂ
ਅਸੀਂ ਐਨ ਆਰ ਆਈ
ਦੇਸ ਤਾਂ ਆਪਣਾ ਹੀ ਸੀ
ਹੈ ...ਤੇ ਰਵ੍ਹੇਗਾ ਵੀ

ਜਦ ਵੀ ਆਉਂਦੇ ਹਾਂ
ਬੜਾ ਚਾਅ ਹੁੰਦਾ ਹੈ ਪਿੰਡ ਵੇਖਣ ਦਾ
ਘਰ ਦਾ ਚੁੱਲ੍ਹਾ ਵੇਖਣ ਦਾ
ਜਿੱਥੇ ਮਾਂ ਬੈਠੀ ਆਟਾ ਗੁਨ੍ਹਦੀ ਸੀ
ਤੱਤੇ ਸਾਗ ਉੱਪਰ ਮੱਖਣ ਦਾ ਪੇੜਾ
ਬਲਦੀ ਅੱਗ ਦੇ ਚੰਗਿਆੜੇ
ਮਾਂ ਦਾ ਦਗ ਦਗ ਕਰਦਾ ਚਿਹਰਾ
ਹੋਰ ਵੀ ਲਾਲ ਹੋ ਜਾਂਦਾ ਸੀ

ਬੜਾ ਚਾਅ ਹੁੰਦਾ ਹੈ
ਪਿੰਡ ਵੇਖਣ ਦਾ
ਦੇਸ ਤਾਂ ਆਪਣਾ ਹੀ ਸੀ
ਹੈ ...ਤੇ ਰਵ੍ਹੇਗਾ ਵੀ

ਅਜੇ ਤਿੰਨ ਹਫ਼ਤੇ ਹੀ ਹੋਏ ਹੁੰਦੇ
ਦਿਲ ਉਦਾਸ ਹੋਣ ਲੱਗਦਾ
ਵਲੈਤੀ ਘਰ ਮੁੜਨ ਨੂੰ ਮਨ ਕਰਦਾ
ਧੀਆਂ ਪੁੱਤਰਾਂ ਦੀ ਯਾਦ
ਸਤਾਉਣ ਲਗਦੀ
ਪਿੰਡ ਦੀਆਂ ਗਲੀਆਂ ਮੁਹੱਲੇ
ਢੱਠੇ ਖੂਹ, ਵੇਲਣੇ, ਖੇਤ
ਜੀਤ ਦੀ ਚੱਕੀ ਦਾ ਗੇੜਾ ਕੱਢਦਾ ਹਾਂ
ਆਪਣਾ ਗੁਆਚਾ ਬਚਪਨ



ਆਪਣੇ ਹੀ ਘਰ 'ਚੋਂ ਲੱਭਦਾ ਹਾਂ

ਹੁਣ ਸਾਡਾ ਇੱਥੇ ਕੌਣ ਹੈ
ਨਾ ਕੋਈ ਹਾਣ ਦਾ
ਨਾ ਕੋਈ ਮਿੱਤਰ ਪਿਆਰਾ ਦੋਸਤ
ਦਿਲ ਦੀਆਂ ਗੱਲਾਂ ਕਰਨ ਵਾਲਾ
ਸੁਣਨ ਵਾਲਾ
ਨਾ ਕੋਈ ਸੁਣਾਉਣ ਵਾਲਾ
ਅਜਨਬੀ ਮਹਿਸੂਸ ਕਰਨ
ਲੱਗਦਾ ਹਾਂ

ਹਾਰ ਟੁੱਟ ਕੇ ਮੈਂ
ਬੁੱਢੇ ਬੋਹੜ ਦੀ ਛਾਵੇਂ ਜਾ ਬੈਠਦਾ
ਹਾਂ ਇਸ ਬੋਹੜ ਦੀ ਛਾਂ
ਉਹ ਹੀ ਹੈ ਜੋ ਬਚਪਨ ਵਿੱਚ ਸੀ
ਤੇ ਅੱਜ ਵੀ ਹੈ

ਆਪਣੇ ਇਸ
ਅਜਨਬੀ ਪਿੰਡ ਵਿੱਚ
ਹੁਣ ਸਿਰਫ ਇਹ ਬੋਹੜ ਹੀ
ਮੈਨੂੰ ਆਪਣਾ ਲੱਗਦਾ ਹੈ
ਆਪਣੇ ਹਾਣ ਦਾ ਲੱਗਦਾ ਹੈ
ਇਸ ਦੀ ਛਾਵੇਂ ਬੈਠ
ਗਲਵੱਕੜੀ ਪਾ ਚੁੰਮਣ ਦੇ
ਮੈਂ ਆਪਣੇ ਵਲੈਤੀ ਘਰ
ਵਾਪਸ ਪਰਤ ਆਉਂਦਾ ਹਾਂ
ਵੈਸੇ ਦੇਸ ਤਾਂ ਆਪਣਾ ਹੀ ਸੀ
ਹੈ...ਤੇ ਰਵ੍ਹੇਗਾ ਵੀ।

# ਪ੍ਰਤਿਮਾਨ

ਪੰਜਾਬੀ ਸਾਹਿਤ, ਸੱਭਿਆਚਾਰ ਅਤੇ ਭਾਸ਼ਾ ਦੇ ਬਦਲਦੇ ਰੁਝਾਨਾਂ ਨੂੰ ਰੇਖਾਂਕਿਤ ਕਰਦਾ ਤ੍ਰੈਮਾਸਿਕ ਮੈਗਜ਼ੀਨ

ਅਕਤੂਬਰ-ਦਸੰਬਰ 2024

ਜਨਵਰੀ-ਮਾਰਚ 2025 ਅੰਕ 82-83

ISSN: 2277-9930

RNI No. PUNPUN/2006/16230

**ਸੰਪਾਦਕ**

ਡਾ. ਅਮਰਜੀਤ ਕੌਂਕੇ

**ਪ੍ਰਬੰਧ ਸੰਪਾਦਕ**

ਗਗਨਦੀਪ ਸਿੰਘ

**ਰਚਨਾਵਾਂ ਭੇਜਣ ਲਈ ਪਤਾ**

ਡਾ. ਅਮਰਜੀਤ ਕੌਂਕੇ
718, ਰਣਜੀਤ ਨਗਰ-ਏ
ਪਟਿਆਲਾ-147001 (ਪੰਜਾਬ)
98142-31698
E-mail
pratimaan@yahoo.co.in
www.pratimaan.in

**ਸਲਾਹਕਾਰ ਬੋਰਡ**

ਡਾ. ਜਸਵਿੰਦਰ ਸਿੰਘ, ਡਾ. ਰਵੇਲ ਸਿੰਘ,
ਡਾ. ਸਰਬਜੀਤ ਸਿੰਘ,
ਡਾ. ਰਵੀ ਰਵਿੰਦਰ
ਡਾ. ਆਤਮ ਰੰਧਾਵਾ

**ਕਨਸੈਪਟ, ਕੰਪੋਜ਼ਿੰਗ ਅਤੇ ਡੀਜ਼ਾਈਨਿੰਗ**

ਰਾ ਡੀਜ਼ਾਇਨਜ਼,ਪਟਿਆਲਾ।
97810-33133
E-mail: raadesigns89@gmail.com

**ਸਹਿਯੋਗ ਰਾਸ਼ੀ**

ਇੱਕ ਅੰਕ: 75/-, ਵੀਹ ਅੰਕ (5 ਸਾਲ): 1500/-
ਜੀਵਨ ਮੈਂਬਰਸ਼ਿਪ: 3000/-, ਵਿਦੇਸ਼: $250

ਸਹਿਯੋਗ ਰਾਸ਼ੀ 'ਪ੍ਰਤਿਮਾਨ' ਦੇ ਨਾਂ 'ਤੇ ਭੇਜੀ ਜਾਵੇ

PRATIMAAN
718-Ranjit Nagar-A
Patiala. (Punjab) India
Mob. 098142-31698
E-mail: pratimaan@yahoo.co.in

Hon. Editor : Dr. Amarjeet Kaunke

## ਤਰਤੀਬ

ਨਾਬਰੀ ਦੀ ਤਪਸ਼ ਨੇ ਐਸਾ ਉਬਾਲਾ ਮਾਰਿਆ,
ਕਹਿਰ ਦੀ ਸਰਦੀ 'ਚ ਵੀ ਮਘਦਾ ਰਿਹਾ, ਠਰਿਆ ਨਹੀਂ। – ਅਜੈ ਤਨਵੀਰ

### ਵਿਸ਼ੇਸ਼ ਲੇਖ

ਪੰਜਾਬ ਦੇ ਅਧਿਆਪਕਾਂ ਦੇ ਨਾਂ ਖੁੱਲ੍ਹਾ ਖ਼ਤ / ਅਮਰਜੀਤ ਸਿੰਘ ਗਰੇਵਾਲ / 2

### ਕਹਾਣੀਆਂ

ਦਲਾਲੀ / ਅਲਫਾਜ਼ / 4, ਪੰਚਾਲੀ / ਜਗਜੀਤ ਸਿੰਘ ਲੋਹਟਬੱਧੀ / 12, ਖਾਈ ਅਤੇ ਸਮੁੰਦਰ / ਪਰਮਜੀਤ / 17, ਪਰਖ਼ ਦੀ ਘੜੀ / ਗੁਰਮੀਤ ਸਿੰਘ ਸੋਹੀ / 24, ਭਟੂਰੇ / ਸ਼ਰਨਪ੍ਰੀਤ ਕੌਰ / 26, ਟੀ ਪੁਆਇੰਟ ਤੇ ਖੜ੍ਹਾ ਆਦਮੀ / ਭੁਪਿੰਦਰ ਉਪਰਾਮ, ਲਾਸ਼ / ਵਿਕਰਮਜੀਤ / 35,

### ਕਵਿਤਾ / ਗ਼ਜ਼ਲ / ਗੀਤ

ਸਿਮਰਜੋਤ ਮਾਨ / 8, ਮਿੰਦਰ / 9, ਗੁਰਨਾਮ ਢਿੱਲੋਂ / 10, ਕੇਸਰ ਕਰਮਜੀਤ / 11, ਅਵਤਾਰ ਮਾਨ / 14, ਗਗਨ ਗਿੱਲ / 15, ਗੁਰਪਰਵੀਨ ਕੌਰ / 16, ਡਾ. ਕੁਲਵਿੰਦਰ ਬਾਠ / 22, ਗੋਰਖ ਪਾਂਡੇ / 23, ਅਮਨਬੀਰ ਸਿੰਘ ਧਾਮੀ / 27, ਰਾਮ ਪਾਲ ਸ਼ਾਹਪੁਰੀ / 28, ਜਗਤਾਰ ਪੱਖੋ / 34, ਤੇਜਿੰਦਰ ਚੰਡਿਹੋਕ / 37, ਮਾਲਵਿੰਦਰ ਸ਼ਾਇਰ / 38, ਡਾ. ਗੁਰਵਿੰਦਰ ਅਮਨ / 43, ਜਗਜੀਤ ਗੁਰਮ / 47

### ਆਲੋਚਨਾ ਨਿਬੰਧ / ਰੀਵੀਊ

ਪਾਣੀਆਂ ਦੀ ਧਰਤੀ ਕੈਨੇਡਾ : ਦਵਿੰਦਰ ਬੋਹਾ / ਤੇਜਿੰਦਰ ਕੌਰ / 36, ਔਰਤਾਂ ਦੀ ਸਥਿਤੀ ਸੰਬੰਧੀ ਦਲੀਪ ਕੌਰ ਟਿਵਾਣਾ ਦੇ ਵਿਚਾਰਾਂ ਦਾ ਮੁਲਾਂਕਣ ਹਰਪ੍ਰੀਤ ਕੌਰ ਕਾਹਲੋਂ, ਡਾ. ਰਮਨਦੀਪ ਕੌਰ / 39, 'ਦਿਨ ਕਾਲਜ ਦੇ' ਇਕ ਰੁਮਾਂਟਿਕ ਬਿਰਤਾਂਤ / ਡਾ.ਰੁਪਿੰਦਰ ਕੌਰ / 42, ਭਾਰਤੀ ਦਰਸ਼ਨ ਦਾ ਆਧਾਰ ਤੇ ਉਸਾਰ : ਨੈਤਿਕ ਸਿੱਖਿਆ / ਡਾ. ਮਨੀਸ਼ਾ ਬੱਤਰਾ / 44, ਤਬਾਦਲਾ / ਬੇਅੰਤ ਕੌਰ ਗਿੱਲ / ਡਾ. ਗੁਰਵਿੰਦਰ ਅਮਨ / 47, ਛਲਾਵਿਆਂ ਦੀ ਰੁੱਤ / ਅਲਫ਼ਾਜ਼ / ਰੀਵਿਊ ਕਰਤਾ / ਭੁਪਿੰਦਰ ਮਾਨ

ਡੀ.ਪੀ.ਆਈ (ਸਕੂਲਜ਼), ਪੰਜਾਬ ਦੇ ਪੱਤਰ ਨੰਬਰ 4/2-2006, ਐਡੀਟਰ ਪੰਜਾਬੀ, ਮਿਤੀ 18/8/2006 ਅਨੁਸਾਰ 'ਪ੍ਰਤਿਮਾਨ' ਸਾਰੇ ਸਕੂਲਾਂ ਅਤੇ ਕਾਲਜਾਂ ਲਈ ਪ੍ਰਵਾਨਿਤ ਹੈ।

* ਪ੍ਰਤਿਮਾਨ ਦੇ ਸੰਪਾਦਕ ਅਤੇ ਸਾਰੇ ਸਹਿਯੋਗੀ ਆਨਰੇਰੀ ਹਨ।
* ਪ੍ਰਤਿਮਾਨ ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
* ਲੇਖਕ ਆਪਣੀਆਂ ਲਿਖਤਾਂ ਲਈ ਖ਼ੁਦ ਜਿੰਮੇਵਾਰ ਹਨ।
* ਪ੍ਰਤਿਮਾਨ ਦਾ ਪ੍ਰਕਾਸ਼ਨ ਗੈਰ ਵਪਾਰਕ ਹੈ।

ਪ੍ਰਿੰਟਰ, ਮਾਲਕ ਅਤੇ ਪਬਲਿਸ਼ਰ ਪਰਮਜੀਤ ਕੌਰ ਨੇ ਆਰਨਾ ਪ੍ਰਿੰਟਿੰਗ ਪ੍ਰੈਸ,ਪਟਿਆਲਾ ਤੋਂ ਛਪਵਾ ਕੇ 718,ਰਣਜੀਤ ਨਗਰ-ਏ, ਪਟਿਆਲਾ ਤੋਂ ਜਾਰੀ ਕੀਤਾ।

## ਪੰਜਾਬ ਦੇ ਅਧਿਆਪਕਾਂ ਦੇ ਨਾਂ ਖੁੱਲ੍ਹਾ ਖ਼ਤ / ਅਮਰਜੀਤ ਸਿੰਘ ਗਰੇਵਾਲ



**ਮੇਰੇ ਸਤਿਕਾਰਯੋਗ ਬੁੱਧੀ ਦੇ ਸੋਮਿਓ,**

ਕਿਸੇ ਨੇ ਮੈਨੂੰ ਪੁੱਛਿਆ, "ਇਸ ਬਦਲਦੇ ਦੌਰ ਵਿੱਚ
ਇੱਕ ਅਧਿਆਪਕ ਦੀ ਕੀ ਪਰਿਭਾਸ਼ਾ ਹੈ?"
ਮੈਂ ਕਿਹਾ, "ਬੀਤੇ ਕੱਲ੍ਹ ਅਤੇ ਆਉਣ ਵਾਲੇ
ਕੱਲ੍ਹ ਵਿੱਚਕਾਰ ਇੱਕ ਪੁਲ,
ਇੱਕ ਲੌਅ ਜੋ ਹਜ਼ਾਰਾਂ ਲੌਆਂ ਨੂੰ ਰੌਸ਼ਨ ਕਰਦੀ ਹੈ,
ਇਕ ਦਿਲ ਜੋ ਬਦਲਾਅ ਦੀ ਧੁਨੀ ਨਾਲ ਧੜਕਦਾ ਹੈ,
ਇਕ ਅਜਿਹੀ ਆਤਮਾ ਜੋ ਕ੍ਰਾਂਤੀ ਦੀਆਂ
ਹਵਾਵਾਂ ਨਾਲ ਥਿਰਕਦੀ ਹੈ।"

**ਤਕਦੀਰ ਦੀ ਪੁਕਾਰ ਸੁਣੋ...**
ਕੀ ਤੁਹਾਨੂੰ ਸੁਣਾਈ ਦੇ ਰਿਹਾ ਹੈ?
ਜਵਾਨ ਦਿਲਾਂ ਦੀ ਧੜਕਨ ਦਾ ਸੰਗੀਤ
ਨੌਜਵਾਨ ਮਨਾਂ ਦੇ ਜਾਗਣ ਦਾ ਸਮੂਹ ਗਾਇਨ
ਤੁਹਾਡੇ ਵਿਦਿਆਰਥੀ ਜਾਗਰੂਕ ਹੋ ਰਹੇ ਹਨ
ਵਿਦਰੋਹ ਵਿੱਚ ਨਹੀਂ, ਸਗੋਂ ਆਸ ਵਿੱਚ
ਗੁੱਸੇ ਵਿੱਚ ਨਹੀਂ, ਸਗੋਂ ਇਕ ਦ੍ਰਿਸ਼ਟੀਕੋਣ ਨਾਲ
ਖਿਲਾਫ਼ਤ ਵਿੱਚ ਨਹੀਂ, ਸਗੋਂ ਦ੍ਰਿੜ ਨਿਸ਼ਚੇ ਨਾਲ
ਆਪਣੇ ਆਪ ਨੂੰ ਬਚਾਉਣ ਲਈ ਹੀ ਨਹੀਂ
ਸਗੋਂ ਸਮੁੱਚੇ ਪੰਜਾਬ ਦੀ ਹਿਫਾਜ਼ਤ ਲਈ

**ਇੱਕ ਨਵੀਂ ਸਵੇਰ:**
ਪਿਆਰੇ ਅਧਿਆਪਕੋ,
ਸਾਡੇ ਆਲੇ-ਦੁਆਲੇ ਦੀ ਦੁਨੀਆਂ ਬਦਲ ਰਹੀ ਹੈ:
- ਸਾਡੇ ਪੰਜ ਦਰਿਆਵਾਂ ਵਾਂਗ ਗਿਆਨ
ਹੁਣ ਕੇਵਲ ਇਕ ਦਿਸ਼ਾ ਵਿੱਚ ਨਹੀਂ ਵਗਦਾ
- ਇਹ ਤਾਂ ਹਰ ਪਾਸਿਓਂ ਸਮੁੰਦਰ ਵਾਂਗ ਉਛਲ ਰਿਹਾ ਹੈ
- ਹਰ ਵਿਦਿਆਰਥੀ ਇਕ ਸਿਰਜਨਹਾਰ ਹੈ
- ਹਰ ਥਾਂ ਇਕ ਕਲਾਸਰੂਮ ਹੈ
- ਹਰ ਪਲ ਸੰਭਵਾਨਾਵਾਂ ਨਾਲ ਭਰਿਆ ਹੋਇਆ ਹੈ
- ਹਰ ਚੁਣੌਤੀ ਆਪਣੇ ਆਪ ਵਿੱਚ ਇਕ ਮੌਕਾ ਹੈ

**ਇਸ ਨਿਵੇਕਲੀ ਦੁਨੀਆਂ ਵਿੱਚ:**
ਤੁਸੀਂ ਕੇਵਲ ਪੜ੍ਹਾਉਣ ਵਾਲੀ ਮਸ਼ੀਨ ਨਹੀਂ ਹੋ
ਤੁਸੀਂ ਪਰਿਵਰਤਨ ਲਿਆਉਣ ਵਾਲੇ ਆਰਕੀਟੈਕਟ ਵੀ ਹੋ
ਤੁਸੀਂ ਸਿਰਫ਼ ਦਿਸ਼ਾ ਨਿਰਦੇਸ਼ ਹੀ ਨਹੀਂ ਦੇਣੇ
ਸਗੋਂ ਕ੍ਰਾਂਤੀ ਲਿਆਉਣ ਵਿੱਚ ਵੀ ਸਹਿਯੋਗੀ ਬਣਨਾ ਹੈ
ਤੁਸੀਂ ਸਿਰਫ਼ ਵਿਦਿਆਰਥੀਆਂ ਨੂੰ ਪੜਾਉਣਾ ਹੀ ਨਹੀਂ
ਸਗੋਂ ਤੁਸੀਂ ਭਵਿੱਖ ਦੇ ਸਰਪ੍ਰਸਤ ਵੀ ਹੋ

**ਗਿਆਨ ਦਾ ਸਾਗਰ:**
**ਅੱਜ ਤਬਦੀਲੀ ਦੇ ਇਸ ਵਾਵਰੋਲੇ ਵਿੱਚ:**
- ਗਿਆਨ ਹਵਾ ਵਾਂਗ ਵਹਿੰਦਾ ਹੈ
- ਵਿਲਖਣਤਾ ਚਮਕਾਰੇ ਵਾਂਗ ਚਮਕਦੀ ਹੈ
- ਟੈਕਨਾਲੋਜੀ ਬਿਜਲੀ ਵਾਂਗ ਲਿਛਕਦੀ ਹੈ
- ਬੁੱਧੀਮਾਨਤਾ ਇਕ ਪੁਰਾਣੇ ਗੀਤ ਵਾਂਗ ਕੰਨੀਂ ਪੈਂਦੀ ਹੈ

**ਅਤੇ ਮੇਰੇ ਪਿਆਰੇ ਅਧਿਆਪਕੋ ਤੁਸੀਂ ਯਕੀਨਨ ਹੀ :**
- ਸਥਿਰ ਰੱਖਣ ਵਾਲੀਆਂ ਜੜ੍ਹਾਂ ਹੋ
- ਉਡਾਣ ਦੇਣ ਵਾਲੇ ਖੰਭ ਹੋ
- ਦਿਸ਼ਾ ਦਿਖਾਉਣ ਵਾਲੇ ਦਿਲ ਹੋ
- ਪ੍ਰੇਰਿਤ ਕਰਨ ਵਾਲੀਆਂ ਰੂਹਾਂ ਹੋ

**ਏ.ਆਈ. ਦੌਰ ਦੀ ਚੁਣੌਤੀ:**
ਜਿਵੇਂ ਜਿਵੇਂ ਮਸ਼ੀਨਾਂ ਸਮਝਦਾਰ ਹੁੰਦੀਆਂ ਜਾ ਰਹੀਆਂ ਹਨ :
ਤੁਹਾਡੇ ਵਿਦਿਆਰਥੀਆਂ ਨੂੰ ਤੁਹਾਡੀ ਯਾਦ ਸ਼ਕਤੀ ਦੀ ਨਹੀਂ
ਸਗੋਂ ਤੁਹਾਡੀ ਬੁੱਧੀਮਾਨਤਾ ਦੀ ਲੋੜ ਹੈ
ਤੁਹਾਡੇ ਤੋਂ ਜਾਣਕਾਰੀ ਦੀ ਨਹੀਂ
ਸਗੋਂ ਤੁਹਾਡੀ ਸੂਖਮ ਦ੍ਰਿਸ਼ਟੀ ਦੀ ਲੋੜ ਹੈ
ਤੁਹਾਡੇ ਰੋਅਬ ਜਾਂ ਡਰਾਵੇ ਦੀ ਨਹੀਂ
ਸਗੋਂ ਇਨਸਾਨੀਅਤ ਦੀ ਲੋੜ ਹੈ

**ਤੁਹਾਨੂੰ :**
- ਤਕਨੋਲੋਜੀ ਦਾ ਮਾਨਵੀਕਰਨ ਕਰਨਾ ਹੋਵੇਗਾ
- ਨੈਤਿਕਤਾ ਦਾ ਰਖਵਾਲਾ ਬਣਨਾ ਹੋਵੇਗਾ
- ਕਦਰਾਂ-ਕੀਮਤਾਂ ਦਾ ਖ਼ਿਆਲ ਰੱਖਣਾ ਹੋਵੇਗਾ
- ਸਿਲੀਕੌਨ ਅਤੇ ਮਨੁੱਖ ਦਰਮਿਆਨ ਪੁਲ਼ ਬਣਨਾ ਹੋਵੇਗਾ

**ਮਿਲਵਰਤਣ ਨਾਲ ਕ੍ਰਾਂਤੀ**
**ਇਹ ਇਕ ਅਜਿਹਾ ਦੌਰ ਹੈ ਜਿਸ ਵਿੱਚ:**
- ਵਿਦਿਆਰਥੀ ਅਤੇ ਅਧਿਆਪਕ ਮਿਲਕੇ
ਸਿਰਜਨਾ ਕਰਦੇ ਹਨ

– ਕਲਾਸਰੂਮ ਅਤੇ ਭਾਈਚਾਰਿਆਂ ਦਾ ਤਾਲਮੇਲ ਹੁੰਦਾ ਹੈ
– ਗਿਆਨ ਅਤੇ ਲੋੜ ਨਾਲੋ-ਨਾਲ ਚਲਦੇ ਹਨ
– ਸੁਪਨੇ ਅਤੇ ਹਕੀਕਤ ਇਕਸੁਰ ਹੁੰਦੇ ਹਨ

**ਤੁਹਾਡਾ ਕੰਮ ਹੈ:**
– ਇਸ ਸੰਗੀਤ ਦਾ ਸੰਚਾਲਨ ਕਰਨਾ
– ਇਸ ਯਾਤਰਾ ਨੂੰ ਰਾਹ ਦਿਖਾਉਣਾ
– ਇਸ ਤਬਦੀਲੀ ਨੂੰ ਅਕਾਰ ਦੇਣਾ
– ਇਸ ਕ੍ਰਾਂਤੀ ਨੂੰ ਪੋਸ਼ਿਤ ਕਰਨਾ

**ਸਾਨੂੰ ਗੁੰਮਰਾਹਕੁੰਨਤਾ ਠੀਕ ਕਰਨੀ ਹੋਵੇਗੀ**
**ਆਪਣੇ ਆਲੇ-ਦੁਆਲੇ ਦੇਖੋ:**
– ਸਮਾਜ ਨੂੰ ਉਹ ਚਾਹੀਦਾ ਹੈ ਜੋ ਅਸੀਂ ਪੜ੍ਹਾਉਂਦੇ ਨਹੀਂ
– ਜੋ ਅਸੀਂ ਪੜ੍ਹਾਉਂਦੇ ਹਾਂ ਉਸ ਦੀ ਦੁਨੀਆਂ ਨੂੰ ਹੁਣ ਲੋੜ ਨਹੀਂ
– ਵਿਦਿਆਰਥੀ ਜੋ ਸਿੱਖਦੇ ਹਨ ਉਸ ਨਾਲ
ਉਨ੍ਹਾਂ ਦਾ ਮਕਸਦ ਪੂਰਾ ਨਹੀਂ ਹੁੰਦਾ
– ਪੰਜਾਬ ਦੀ ਸਮਰੱਥਾ ਲਗਾਤਾਰ ਅਜਾਈਂ ਜਾ ਰਹੀ ਹੈ

**ਪਰ ਮਿਲਕੇ ਅਸੀਂ ਕੀ ਕਰ ਸਕਦੇ ਹਾਂ:**
– ਇਨ੍ਹਾਂ ਪਾੜਿਆ ਨੂੰ ਭਰਨਾ
– ਇਨ੍ਹਾਂ ਜ਼ਖਮਾਂ ਨੂੰ ਠੀਕ ਕਰਨਾ
– ਇਨ੍ਹਾਂ ਖੇਤਰਾਂ ਨੂੰ ਜੋੜਨਾ
– ਇਸ ਹਕੀਕਤ ਨੂੰ ਬਦਲਣਾ

**ਸਮੇਂ ਦੀ ਲੋੜ:**
ਤੁਹਾਡੇ ਵਿਦਿਆਰਥੀ ਕਿਸੇ ਉਡੀਕ ਵਿੱਚ ਨਹੀਂ ਹਨ
ਉਹ ਸਿਰਜਨਾ ਕਰ ਰਹੇ ਹਨ
ਉਹ ਕੁੱਝ ਮੰਗ ਨਹੀਂ ਰਹੇ
ਉਹ ਕਰ ਰਹੇ ਹਨ
ਉਹ ਕੋਈ ਤਰਲੇ ਨਹੀਂ ਕੱਢ ਰਹੇ
ਉਹ ਮੂਹਰੇ ਲੱਗ ਕੇ ਕੰਮ ਕਰ ਰਹੇ ਹਨ

**ਉਹ ਚਾਹੁੰਦੇ ਹਨ ਕਿ ਤੁਸੀਂ:**
– ਉਨ੍ਹਾਂ ਦੇ ਸਿਰ ’ਤੇ ਨਹੀਂ, ਉਨ੍ਹਾਂ ਦੇ ਨਾਲ ਖੜੋ
– ਉਨ੍ਹਾਂ ਤੋਂ ਅੱਗੇ ਨਹੀਂ, ਉਨ੍ਹਾਂ ਦੇ ਨਾਲ ਚੱਲੋ
– ਉਨ੍ਹਾਂ ਵਾਸਤੇ ਨਹੀਂ, ਉਨ੍ਹਾਂ ਦੇ ਨਾਲ ਮਿਲਕੇ ਕੁੱਝ ਸਿਰਜੋ
– ਉਨ੍ਹਾਂ ਬਾਰੇ ਨਹੀਂ, ਉਨ੍ਹਾਂ ਨਾਲ ਸੁਪਨੇ ਦੇਖੋ

**ਭਾਵਨਾਤਮਕ ਸੰਕਟ ਦੀ ਘੜੀ ਮੈਂ ਦੇਖਿਆ ਹੈ:**
ਨੌਜਵਾਨਾਂ ਦੀਆਂ ਅੱਖਾਂ ਵਿੱਚ ਸੁਪਨਿਆਂ ਨੂੰ ਮਰਦਿਆਂ
ਮਾਸੂਮ ਚਿਹਰਿਆਂ ਤੋਂ ਆਸਾਂ ਨੂੰ ਉਡਦਿਆਂ
ਨੌਜਵਾਨੀ ਦਾ ਭਵਿੱਖ ਤਿਲਕਦਿਆਂ
ਪੰਜਾਬ ਦੀ ਰੂਹ ਨੂੰ ਮਰਦਿਆਂ

**ਪਰ ਮੈਂ ਗਵਾਹ ਹਾਂ:**
ਰਾਖ ਵਿੱਚੋਂ ਮੁੜ ਅੱਗ ਪੈਦਾ ਹੋਣ ਦਾ
ਹੌਂਸਲੇ ਨਾਲ ਜ਼ੰਜੀਰਾਂ ਤੋੜਨ ਦਾ
ਨੌਜਵਾਨੀ ਨੂੰ ਬਿਜਲੀ ਵਾਂਗ ਕੜਕਦਿਆਂ
ਪੰਜਾਬ ਨੂੰ ਜਾਗਦਿਆਂ

**ਕੁੱਝ ਕਰ ਗੁਜ਼ਰਨ ਦੀ ਘੜੀ:**
ਪਿਆਰੇ ਅਧਿਆਪਕੋ, ਉਠ ਖੜੇ ਹੋਵੋ
ਤੁਹਾਡੇ ਵਿਦਿਆਰਥੀ ਤੁਹਾਨੂੰ ਉਡੀਕ ਰਹੇ ਹਨ
ਤੁਹਾਡੀ ਬੁੱਧੀਮਤਾ ਨੂੰ
ਤੁਹਾਡੇ ਸਹਾਰੇ ਨੂੰ
ਤੁਹਾਡੀ ਹੱਲਾਸ਼ੇਰੀ ਨੂੰ, ਥਾਪੜੇ ਨੂੰ
ਤੁਹਾਡੇ ਪਿਆਰ ਨੂੰ, ਮੁਹੱਬਤ ਨੂੰ

**ਉਨ੍ਹਾਂ ਨੂੰ ਮਿਲੋ:**
– ਉਹਨਾਂ ਲਈ ਕੁਠਾਲੀ ਬਣੇ ਕਲਾਸ ਰੂਮਾਂ ਵਿੱਚ
– ਉਹਨਾਂ ਨੂੰ ਉਰਜਿਤ ਕਰਦੇ ਬਰਾਮਦਿਆਂ ਵਿੱਚ
– ਉਹਨਾਂ ਲਈ ਮੰਜ਼ਿਲ ਬਣ ਚੁੱਕੇ ਸੁਪਨਿਆਂ ਵਿੱਚ
– ਉਹਨਾਂ ਦੇ ਚਮਤਕਾਰੀ ਅੰਦੋਲਨ ਵਿੱਚ
ਕੱਲ੍ਹ ਆਵੇਗਾ ਨਹੀਂ ਇਸ ਦਾ ਜਨਮ ਹੋ ਰਿਹਾ ਹੈ
ਤੁਹਾਡੇ ਕਲਾਸਰੂਮਾਂ ਵਿੱਚ ਤੁਹਾਡੇ ਵਿਦਿਆਰਥੀਆਂ ਰਾਹੀਂ
ਤੁਹਾਡੀ ਅਗਵਾਈ ਨਾਲ ਤੁਹਾਡੇ ਨਾਲ

**ਚੋਣ ਸਾਡੀ ਹੈ:**
ਜਾਂ ਤਾਂ ਅਸੀਂ ਇਤਿਹਾਸ ਰਚਾਂਗੇ,
ਜਾਂ ਫਿਰ ਇਤਿਹਾਸ ਸਾਨੂੰ ਕਦੇ ਮਾਫ਼ ਨਹੀਂ ਕਰੇਗਾ।
ਤੁਸੀਂ ਸਿਰਫ਼ ਅਧਿਆਪਕ ਨਹੀਂ ਹੋ
ਤੁਸੀਂ ਭਵਿੱਖ ਦੇ ਸ਼ਿਲਪਕਾਰ ਹੋ
ਤੁਸੀਂ ਤਕਦੀਰਾਂ ਘੜਨ ਵਾਲੇ ਹੋ
ਤੁਸੀਂ ਉਮੀਦਾਂ ਦੇ ਸਰਪ੍ਰਸਤ ਹੋ
ਤੁਸੀਂ ਬਦਲਾਅ ਦੇ ਪ੍ਰੇਰਕ ਹੋ
ਉੱਠ ਖੜ੍ਹੇ ਹੋਵੋ ਕੁੱਝ ਕਰ ਗੁਜ਼ਰੋ।
ਹੁਣ ਬਦਲਾਅ ਲਿਆਉਣ ਦਾ ਸਮਾਂ ਹੈ।
ਇਹ ਘੜੀ ਆ ਪਹੁੰਚੀ ਹੈ।
ਇਹ ਅੰਦੋਲਨ ਦਾ ਸਮਾਂ ਹੈ।
ਪੰਜਾਬ ਆਪਣੇ ਅਧਿਆਪਕਾਂ ਦੀ ਉਡੀਕ ਵਿੱਚ ਹੈ।
ਪੰਜਾਬ ਤੁਹਾਡੀ ਉਡੀਕ ਵਿੱਚ ਹੈ।

**98761-38523**

## ਦਲਾਲੀ / ਅਲਫਾਜ਼



ਕੱਲ੍ਹ ਮੀਟਿੰਗ ਤੋਂ ਆਇਆ ਅਫ਼ਸਰ ਬਰਿੰਦਰ ਦੇ ਕੈਬਿਨ ਵਿੱਚ ਆ ਕੇ ਉਹਨੂੰ ਝਿੜਕਾਂ ਮਾਰਨ ਲੱਗ ਪਿਆ ... ਉਹਨੂੰ ਪਤਾ ਸੀ ਕਿ ਇਹਨੇ ਆਹ ਕੁਝ ਹੀ ਕਰਨਾ ਹੁੰਦਾ...ਕੋਈ ਕੁਝ ਬੋਲੇ ਚਾਹੇ ਨਾ... ਬੌਸ ਨੂੰ ਆਵਦਾ ਪਾਲ਼ਾ ਪਹਿਲਾਂ ਮਾਰਨ ਲੱਗ ਪੈਂਦਾ ਹੈ ਤੇ ਉਹਨੇ ਭੜਾਸ ਕੱਢਣ ਲਈ ਸਾਰੇ ਸਟਾਫ਼ 'ਤੇ ਗੁੱਸਾ ਲਾਹੁਣਾ ਹੁੰਦਾ ਹੈ... ਬਰਿੰਦਰ ਉਹਦੀਆਂ ਸੁਣਦਾ ਨਾਲ ਨਾਲ ਫੋਨ 'ਤੇ ਉਂਗਲਾਂ ਮਾਰ ਰਿਹਾ ਸੀ ...ਜੇ ਬੋਲ ਪਿਆ ਤਾਂ ਉਹਨੇ ਤਾਂ ਵੀ ਤੜਫਨਾ ਆ ਤੇ ਨਾ ਬੋਲਿਆ ਤਾਂ ਫੇਰ ਵੀ... ਉਹ ਬੱਸ ਉਹਦੇ ਵੱਲ ਵੇਖਦਾ ਮੰਦ ਮੰਦ ਮੁਸਕਰਾ ਰਿਹਾ ਸੀ ...ਕਿ ਐਨੇ ਟਾਇਮ ਨੂੰ ਕਿਸੇ ਅਣਜਾਣੇ ਨੰਬਰ ਤੋਂ ਵਹਟਸਅਪ ਕਾਲ ਆਈ ਤੇ ਕੱਟ ਹੋ ਗਈ ...ਫੇਰ ਕਾਲ ਆਈ ਤਾਂ ਚੁੱਕ ਲਈ ...

"ਹੈਲੋ, ਬਿੰਦੇ ਕੀ ਹਾਲ ਆ ...ਪਛਾਣਿਆ ...?"

ਜਾਣੀ ਪਛਾਣ ਆਵਾਜ਼ ਕੰਨਾਂ ਵਿੱਚ ਪੈਂਦਿਆਂ ਉਹਨੂੰ ਸਮਝਣ ਵਿੱਚ ਚਿਰ ਨਾ ਲੱਗਿਆ ਕਿ ਸੁਮੀਤ ਸੀ... ਉਹ ਹੈਰਾਨ ਹੋ ਗਿਆ ਇਹਦੇ ਕੋਲ ਫੋਨ ਤੇ ਇਹਨੇ ਕਿਵੇਂ ਕਾਲ ਕਰ ਲਈ...।

"ਹਾਂ, ਸਿੰਮੇ ...ਕੀ ਹਾਲ ਕਿੱਦਾਂ ? ਆਹ ਕੀਹਦਾ ਨੰਬਰ ...ਕਿੱਦਾਂ ਤੇਰੀ ਸਿਹਤ...?"

ਜਾਪਿਆ ਜਿਵੇਂ ਉਹ ਸਾਰੇ ਸਵਾਲ ਇੱਕ ਪਲ ਵਿੱਚ ਦਾਗ ਦੇਵੇਗਾ ...

"ਮੈਂ ਠੀਕ ਆਂ... ਮੈਨੂੰ ਯਾਰ ਮੋਹਾਲੀ ਤੋਂ ਕੇਂਦਰੀ ਜੇਲ੍ਹ ਰੋਪੜ ਸ਼ਿਫਟ ਕਰ ਦਿੱਤਾ ਹੈ ਤੇ ਮੈਂ ਇੱਥੋਂ ਕਿਸੇ ਦੇ ਨੰਬਰ ਤੋਂ ਫੋਨ ਕਰ ਰਿਹਾ ਆਂ... ਪਹਿਲਾਂ ਤਾਂ ਸੁਣ... ਤੂੰ ਆਪ ਕਦੇ ਕਾਲ ਬੈਕ ਨਹੀ ਕਰਨੀ ਤੇ ਦੂਜਾ ਮੇਰੇ ਮਸਲੇ 'ਤੇ ਧਿਆਨ ਦੇ ...ਕੰਮ ਉਲ਼ਝਦਾ ਜਾ ਰਿਹਾ ਆ... ਨਾਲੇ ਕੱਲ੍ਹ ਪੇਸ਼ੀ ਵੀ ਆ ਡੈਡੀ ਹੋਰਾਂ ਨੇ ਆਉਣਾ ਆ...ਤੂੰ ਆ ਜਾਵੀਂ... ਮੈਨੂੰ ਕੁਝ ਕਿਤਾਬਾਂ ਚਾਹੀਦੀਆਂ ਪਤਾ ਕਰਕੇ ਦੇ...।"

ਬਰਿੰਦਰ ਪੁੱਛਣਾ ਤਾਂ ਬਹੁਤ ਕੁਝ ਚਾਹੁੰਦਾ ਸੀ ਪਰ ਉਹ ਰੁਕ ਗਿਆ ਤੇ ਉਹਨੇ ਬੱਸ ,"ਠੀਕ ਆ ਬਾਈ" ਕਹਿ ਕੇ ਫੋਨ ਕੱਟ ਦਿੱਤਾ ।

ਸੁਮੀਤ ਉਹਦਾ ਨੇੜਲਾ ਯਾਰ ਸੀ ਤੇ ਪੱਗ-ਵੱਟ ਭਰਾ ਸੀ... ਸੁਖ ਦੁਖ ਸਾਂਝਾ ਸੀ.... ਸੁਮੀਤ ਵੀ ਸਰਕਾਰੀ ਨੌਕਰੀ 'ਤੇ ਸੀ ਤੇ ਪਟਵਾਰੀ ਲੱਗਾ ਹੋਇਆ ਸੀ ...ਉਹਦੀ ਡਿਊਟੀ ਮੁਹਾਲੀ ਦੀ ਨਵੀਂ ਆਰਥਿਕ ਧਿਰ ਬਣ ਰਹੀ ਤਹਿਸੀਲ ਦੇ ਖਿੱਚਪੁਰ ਸਰਕਲ ਦੇ ਪਿੰਡਾਂ ਵਿੱਚ ਸੀ ... ਸੁਮੀਤ ਦੀ ਭਰਤੀ ਜਿਨ੍ਹਾਂ ਸਮਿਆਂ ਵਿੱਚ ਹੋਈ ਉਦੋਂ ਮਹਿਕਮੇ ਵਿੱਚੋਂ ਬੰਦੇ ਜਾ ਹੀ ਰਹੇ ਸੀ ਤੇ ਨਵੇਂ ਭਰਤੀ ਕਰਨ ਲਈ ਜ਼ੋਰ ਲੱਗਾ ਹੋਇਆ ਸੀ ਤੇ ਉਹਨਾਂ ਦੀ ਭਰਤੀ ਦੇ ਪਹਿਲੇ ਪੂਰ ਨੇ ਆਕਸੀਜਨ ਦਾ ਕੰਮ ਤਾਂ ਕਰਿਆ ਪਰ ਗਿਣਤੀ ਹਾਲੇ ਵੀ ਊਠ ਦੇ ਮੂੰਹ ਵਿੱਚ ਜ਼ੀਰੇ ਵਾਲੀ ਸੀ ਤੇ ਇਸ ਚੱਕਰ ਵਿੱਚ ਇੱਕ ਪਟਵਾਰ ਸਰਕਲ ਦੀ ਥਾਂ ਤਿੰਨ ਤਿੰਨ ਜਾਂ ਚਾਰ ਸਰਕਲਾਂ ਦਾ ਕੰਮ ਮਿਲਿਆ ਹੋਇਆ ਸੀ...ਕਿਸੇ ਕੰਮ ਲਈ ਸੁਮੀਤ ਕੋਲ ਗਿਆ ਬਰਿੰਦਰ ... ਤਾਂ ਸੁਮੀਤ ਨੇ ਮਿੰਟੋ ਮਿੰਟੀ ਕਰ ਦਿੱਤਾ ਸੀ ... ਦੋਵਾਂ ਦੇ ਮੂੰਹ ਮੁਹਾਂਦਰੇ ਮਿਲਦੇ ਇਉਂ ਜਾਪੇ ਜਿਵੇਂ ਦੋਵੇਂ ਚਿਰਾਂ ਤੋਂ ਵਿਛੜੇ ਭਰਾ ਹੋਣ...ਉਸ ਤੋਂ ਬਾਅਦ ਦੋਵੇਂ ਅਕਸਰ ਮਿਲਣ ਲੱਗੇ ... ਯਾਰੀ ਦੋਸਤੀ ਪੀਡੀ ਹੁੰਦੀ ਗਈ ਤੇ ਗਲਾਸ ਅਕਸਰ ਖੜਕਣ ਲੱਗੇ ।

ਜਦੋਂ ਪੁਲੀਸ ਨੇ ਪਹਿਲੀ ਵਾਰ ਸੁਮੀਤ ਨੂੰ ਫੜਿਆ ਤਾਂ ਉਹਨੂੰ ਤਿੰਨ ਦਿਨਾਂ ਦੇ ਰਿਮਾਂਡ ਤੋਂ ਬਾਅਦ ਮੁਹਾਲੀ ਜੇਲ੍ਹ ਭੇਜ ਦਿੱਤਾ ਸੀ ਤੇ ਉਸ ਵਕਤ ਸੁਮੀਤ ਨੂੰ ਦੂਜੇ ਦਿਨ ਹੀ ਮਿਲ ਆਇਆ ਸੀ ਤੇ ਫੇਰ ਕੰਮ ਧੰਦਿਆਂ ਵਿੱਚੋਂ ਨਿਕਲ ਕੇ ਮੁਲਾਕਾਤ ਹੀ ਨਾ ਹੋਈ ਤੇ ਫੇਰ ਹੁਣ ਪਤਾ ਲੱਗਾ ਕਿ ਸੁਮੀਤ ਨੂੰ ਕੇਂਦਰੀ ਜੇਲ੍ਹ ਰੋਪੜ ਵਿਖੇ ਸ਼ਿਫਟ ਕਰ ਦਿੱਤਾ ਗਿਆ ਸੀ।

"ਬਰਿੰਦਰ, ਚਾਹ ਪੀਏਂਗਾ ????"

ਬੌਸ ਦੇ ਬੋਲਾਂ ਨੇ ਉਹਦੀ ਸੁਰਤੀ ਭੰਗ ਕਰ ਦਿੱਤੀ ...ਬੌਸ ਭੜਾਸ ਕੱਢ ਕੇ ਫੁੱਲ ਵਰਗਾ ਹੋ ਕੇ ਉਹਦੇ ਕੋਲ ਆ ਕੇ ਬਹਿ ਗਿਆ ਤੇ ਬੈੱਲ ਮਾਰ ਕੇ ਉਹਦੇ ਲਈ ਵੀ ਚਾਹ ਮੰਗਵਾ ਲਈ ।

"ਕੀ ਬਣਿਆ ਤੇਰੇ ਬੇਲੀ ਦਾ ...ਕਹਿੰਦੇ ਫੜ੍ਹ ਲਿਆ ..।"

"ਹਾਂ ਜੀ ... ਹੁਣ ਤਾਂ ਰੋਪੜ ਭੇਜ-ਤਾ ..."

"ਅੱਛਾ...ਹੁਣ ਨਹੀ ਨਿਕਲਦਾ ਫੇਰ ...।"

"ਪਤਾ ਨਹੀਂ ...ਪਰ ਤਿੰਨ ਮਹੀਨੇ ਤਾਂ ਲੱਗ ਈ ਜਾਣੇ ਆ ਸ਼ੈਤ...।"

"ਚੱਲ ਤੈਨੂੰ ਫੋਨ ਫਾਨ ਆਇਆ ਤਾਂ ਗੱਲ ਨਾ ਕਰੀਂ ...ਜੇਲ੍ਹਾਂ ਵਿੱਚ ਵੀ ਫੋਨ ਵਾਧੂ ਚੱਲਦੇ ਨੇ ਹੁਣ ..।"

"ਨਹੀਂ...ਨਹੀ...ਮੈਨੂੰ ਨਹੀਂ ਕਰਦਾ ਜੀ...।" ਬਰਿੰਦਰ ਨੇ ਗੱਲ ਟਾਲਣ ਦੀ ਕੋਸ਼ਿਸ਼ ਕੀਤੀ ।

ਜਿਵੇਂ ਜਿਵੇਂ ਉਮਰ ਵਧਦੀ ਜਾਂਦੀ ਆ ਬੰਦੇ ਦਾ ਸਰਕਲ ਵੀ ਘਟਦਾ ਜਾਂਦਾ ਆ ਤੇ ਸੁਮੀਤ ਬਰਿੰਦਰ ਦੇ ਗਿਣਵੇਂ ਚੁੱਣਵੇਂ ਜਿਹੇ ਯਾਰਾਂ ਵਿੱਚੋਂ ਸੀ ...ਬੰਦਾ ਦਿਲਦਾਰ ਸੀ ...ਯਾਰਾਂ ਦਾ ਯਾਰ ...ਪਤਾ ਨਹੀਂ ਵਿਚਾਰਾ ਕਿਹੜੇ ਕੰਮਾਂ

ਵਿੱਚ ਵੜ ਗਿਆ ਸੀ ਤੇ ਹੁਣ ਭੁਗਤ ਰਿਹਾ ਸੀ ।

ਬਰਿੰਦਰ ਗੋਲ ਕੁਰਸੀ 'ਤੇ ਬੈਠਾ ਘੁੰਮਣ ਲੱਗਿਆ ਤਾਂ ਨਾਲ ਦਿਮਾਗ ਦੀ ਘੁੰਮਣਘੇਰੀ ਉਹਨੂੰ ਪਿਛਲੇ ਸਾਲਾਂ ਵੱਲ ਲੈ ਗਈ...

ਗੱਲ ਸਾਰੀ ਉਦੋਂ ਸ਼ੁਰੂ ਹੋਈ ਸੀ ਜਦੋਂ ਰੋਪੜ–ਲੁਧਿਆਣਾ ਵਾਲਾ ਮਾਰਗ ਸ਼ੁਰੂ ਹੋਇਆ ਸੀ ਤੇ ਅਖਬਾਰ ਵਿੱਚ ਗਜ਼ਟ ਦਾ ਨੋਟੀਫਕੇਸ਼ਨ ਛਪਣ ਤੋਂ ਬਾਅਦ ਏਰੀਏ ਵਿੱਚ ਹਲਚਲ ਸ਼ੁਰੂ ਹੋ ਗਈ ਸੀ...ਕੇਂਦਰ ਦਾ ਭਾਰਤ ਮਾਲਾ ਪ੍ਰੋਜੇਕੈਟ ਸੀ ਤੇ ਨਾਲ ਦੀ ਨਾਲ ਲੈਂਡ ਮਾਫੀਆ ਐਕਟਿਵ ਹੋ ਗਿਆ ਸੀ ...ਰਸੂਖਦਾਰਾਂ ਨੇ ਪਹਿਲਾਂ ਹੀ ਤਹਿਸੀਲ ਵਿੱਚ ਜਾ ਕੇ ਪਰੋਜੈਕਟ ਦੇ ਨਕਸ਼ੇ ਲੈ ਕੇ ਨੇੜੇ ਤੇੜੇ ਦੀਆਂ ਜ਼ਮੀਨ ਆਮ ਨਾਲੋਂ ਦੁੱਗਣੇ ਤਿੱਗਣੇ ਰੇਟ 'ਤੇ ਲੈ ਲਈਆਂ ਸੀ ... ਛੋਟੇ–ਵੱਡੇ ਲੀਡਰ ਅਫਸਰ ਤੇ ਮਾੜਾ ਮੋਟਾ ਕਹਿੰਦਾ ਕਹਾਉਂਦਾ ਵੀ ਇਸ ਪਾਸੇ ਵੱਲ ਚੱਲ ਪਿਆ ...ਉਹਨੂੰ ਯਾਦ ਆ ਕਿ ਸੁਮੀਤ ਨੇ ਉਹਨੂੰ ਕਿਹਾ ਸੀ ਕਿ 'ਘਬਰਾਈਵਾਲੇ' ਪਿੰਡ ਵਿੱਚ ਦੀ ਵੀ ਰੋਡ ਨਿਕਲਣਾ ਤੇ ਪੈਸੇ ਹੈਗੇ ਤਾਂ ਜਮੀਨ ਲੈ ਦਿੰਨਾ ਆਂ ਪਰ ਬਰਿੰਦਰ ਨੇ ਕਿਸੇ ਲਫੜੇ ਦੇ ਡਰ ਤੋਂ ਮਨ੍ਹਾ ਕਰ ਦਿੱਤਾ ਸੀ ... ਖਾਣੇ ਸੌਖੇ ਹੁੰਦੇ ਆ ਤੇ ਫੇਰ ਭਰਨੇ ਬਹੁਤ ਔਖੇ ਤੇ ਫਿਰ ਕਿੰਨਾ ਹੀ ਟਾਇਮ ਸੁਮੀਤ ਨੂੰ ਮਿਲ ਹੀ ਨਾ ਸਕਿਆ ...ਸੁਮੀਤ ਉਸ ਪਰੋਜੈਕਟ ਵਿੱਚ ਰੁੱਝ ਗਿਆ ...ਸੁਮੀਤ ਦੀ ਦਲੇਰੀ ਦੀ ਚਰਚਾ ਪੂਰੀ ਤਹਿਸੀਲ ਵਿੱਚ ਸੀ ਤੇ ਅਫਸਰਾਂ ਦੀ ਸ਼ਹਿ ਕਰਕੇ ਉਸਨੂੰ ਪਰੋਜੈਕਟ ਅਧੀਨ ਆਉਂਦੇ ਸਾਰੇ ਪਿੰਡਾਂ ਦੇ ਸਰਕਲ ਮਿਲ ਗਏ ਤੇ ਇੱਕ ਟਾਇਮ 'ਤੇ ਉਹਦੇ ਕੋਲ ਬਿਆਲੀ ਪਿੰਡ ਸੀ ਤੇ ਬਰਿੰਦਰ ਨੇ ਉਹਨੂੰ ਹੱਸਦਿਆਂ ਕਿਹਾ ਸੀ ਕਿ ਨਾਇਬ ਤਹਿਸੀਲਦਾਰ ਤਾਂ ਬਣ ਈ ਗਿਆ ਹੁਣ ਤਹਿਸੀਲਦਾਰ ਦੀ ਵੀ ਪਰਮੋਸ਼ਨ ਲੈ ਲਾ।

ਬਰਿੰਦਰ ਨੂੰ ਬਾਅਦ ਵਿੱਚ ਪਤਾ ਲੱਗਿਆ ਕਿ ਕਿੱਦਾਂ ਸੁਮੀਤ ਨੇ ਆਪ ਵੀ ਪੈਸਾ ਕਮਾਇਆ ਤੇ ਅਫਸਰਾਂ ਨੂੰ ਵੀ ਕਮਾ ਕੇ ਦਿੱਤਾ ਤੇ ਚੰਦ ਕੁ ਦਿਨਾਂ ਵਿੱਚ ਉਹਦੀ ਜ਼ਿੰਦਗੀ ਰਾਜਿਆਂ ਵਾਲੀ ਹੋ ਗਈ ਸੀ ।

" ਥੋੜ੍ਹਾ ਸੰਭਲ ਕੇ ਯਾਰ ...ਨਿਗ੍ਹਾ ਵਿੱਚ ਆ ਰਿਹਾ ਤੂੰ ..ਨੁਕਸਾਨ ਹੋ ਜੂ ..।"

"ਕੁਝ ਨਹੀ ਹੁੰਦਾ...ਪ੍ਰਵਾਹ ਨਾ ਕਰ ...ਜਿਨ੍ਹਾਂ ਨੇ ਨੁਕਸਾਨ ਕਰਨਾ ਉਹ ਤਾਂ ਆਪਣੇ ਨਾਲ ਨੇ... ਬਾਕੀ ਆਪਾਂ ਕਿਸੇ ਨੂੰ ਗੌਲਦੇ ਨਹੀਂ ..।"

"ਫਿਰ ਵੀ ...ਕਹਿਣਾ ਫਰਜ਼ ਆ...ਬਾਕੀ ਤੇਰੀ ਮਰਜ਼ੀ...।"

"ਤੂੰ ਛੱਡ...ਡਰਦਾ ਕਾਹਨੂੰ ...ਪੈੱਗ ਪਾ...।"

ਬਰਿੰਦਰ ਜਦੋਂ ਵੀ ਸੁਮੀਤ ਬਾਰੇ ਸੁਣਦਾ ਤਾਂ ਉਹਦਾ ਮਨ ਡਰਦਾ ਤੇ ਅਸਿੱਧੇ ਤੌਰ 'ਤੇ ਸਮਝਾਉਣ ਦੀ ਕੋਸ਼ਿਸ਼ ਵੀ ਕਰਦਾ ਪਰ ਆਲਮ ਇਹ ਹੈ ਸੀ ਕਿ ਸੁਮੀਤ ਜਿਨ੍ਹਾਂ 'ਤੇ ਯਕੀਨ ਕਰ ਰਿਹਾ ਸੀ ਉਹ ਉਸ ਤੋਂ ਪੈਸਾ ਕਮਾਉਣ ਵਾਲੇ ਜਾਂ ਵਰਤਣ ਵਾਲੇ ਸੀ ਤੇ ਸੱਚ ਦੱਸਣ ਵਾਲਿਆਂ 'ਤੇ ਉਹ ਧਿੱਜਦਾ ਨਹੀਂ ਸੀ ਤੇ ਉਹਨਾਂ ਦੀ ਗੱਲ ਹੀ ਨਹੀ ਸੀ ਗੌਲਦਾ।

ਫੋਨ ਦੀ ਰਿੰਗ ਨੇ ਫੇਰ ਤੋਂ ਬਰਿੰਦਰ ਦੀ ਬਿਰਤੀ ਭੰਗ ਕਰ ਦਿੱਤੀ ਤੇ ਉਹਨੂੰ ਸੁਮੀਤ ਦੇ ਫੋਨ ਨੇ ਅਸਹਿਜ ਕਰ ਦਿੱਤਾ ਸੀ ਤੇ ਸਿਰ ਦੁਖ ਰਿਹਾ ਸੀ ...ਉਹ ਉੱਠਿਆ ਤੇ ਨੇੜੇ ਬਣੇ ਕੌਫੀ ਸ਼ਾਪ 'ਤੇ ਚਲਾ ਗਿਆ ...'ਲਾਤੇ' ਦਾ ਆਰਡਰ ਦੇ ਕੇ ਬਾਹਰ ਸ਼ੀਸ਼ਿਆਂ ਕੋਲ ਬਹਿ ਕੇ ਭੱਜੀ ਜਾਂਦੀ ਜਿੰਦਗੀ ਵੇਖਣ ਲੱਗਾ ।

ਬਰਿੰਦਰ ਅਕਸਰ ਹੀ ਸੁਮੀਤ ਨਾਲ ਏਥੇ ਆਉਂਦਾ ਜਾਂਦਾ ਸੀ ਤੇ ਏਥੇ ਹੀ ਉਹਨੂੰ ਫੇਸਬੁੱਕ 'ਤੇ ਸਾਰੀਆਂ ਗੱਲਾਂ ਦਾ ਪਤਾ ਲੱਗਾ ਸੀ ਜਦੋਂ ਸੁਮੀਤ ਦੇ ਨਾਲ ਦਾ ਬੰਦਾ ਲਾਇਵ ਹੋ ਕੇ ਉਹਨਾਂ ਬਾਰੇ ਬੋਲ ਰਿਹਾ ਸੀ ।

"ਸਿੰਮੇ ਆਹ ਦੇਖ ਉਏ ... ਲੱਗਦਾ ਤੇਰੇ ਬਾਰੇ ਹੀ ਬੋਲ ਰਿਹਾ ...।"

"ਵਿਖਾ ਤਾਂ ...ਇਹ ਕੀ ਕਹਿੰਦਾ ..,।"

"ਕੌਣ ਆ ਇਹ ......?"

"ਵਿਖਾ ਤਾਂ ...ਦੱਸਦਾਂ...ਨਾਲੇ ਤੇਰੇ ਨਾਲ ਐਡ ਕਿੱਦਾਂ ...?"

"ਪਤਾ ਨਹੀ ... ਰੁਕਐਸਟ ਭੇਜਤੀ ਹੋਣੀ ..."

"ਯਾਰ ਇਹ ਸਾਡੇ ਨਾਲ ਸੀ ...ਬਾਈ ਨੇ ਇਹਨੂੰ ਪਾਰਟਨਰ ਬਣਾਇਆ ਸੀ ਇਹ ਪਰੋਪਰਟੀ ਡੀਲਰ ਆ ...ਹਿੱਸਾ ਨਹੀ ਸੀ ਮਿਲਿਆ ਤੇ ਹੁਣ ਲਾਇਵ ਹੋ ਕੇ ਬਕਵਾਸ ਕਰ ਰਿਹਾ ਆ ..।"

"ਬਾਈ ਕੌਣ...?"

"ਤੂੰ ਛੱਡ...ਨਾਲੇ ਇਹ ਭੌਂਕਦਾ ਈ ਆ ...ਹੁਣ ਸ਼ਿਕਾਇਤਾਂ ਵੀ ਕਰ ਰਿਹਾ ਆ ...।"

ਬੰਦਾ ਸਬੂਤਾਂ ਸਮੇਤ ਗੱਲ ਕਰ ਰਿਹਾ ਸੀ ਤੇ ਪੱਖ ਰੱਖ ਰਿਹਾ ਸੀ ਤੇ ਰੌਲਾ ਪਾ ਰਿਹਾ ਸੀ ਤੇ ਏਥੇ ਹੀ ਪਤਾ ਲੱਗਾ ਸੀ ਕਿ ਕੋਈ ਚੋਰੀ ਛਿਪੇ ਉੱਪਰ ਤੱਕ ਸ਼ਿਕਾਇਤਾਂ ਵੀ ਕਰ ਰਿਹਾ ਆ ।

ਤੇ ਕਿਸੇ ਨੇ ਪਟਵਾਰੀ ਦਾ ਨਾਮ ਲੈ ਕੇ ਅਖਬਾਰ ਵਿੱਚ ਖਬਰ ਵੀ ਲਵਾ ਦਿੱਤੀ ਸੀ ਕਿ ਏਹਨੇ ਕਿਸੇ ਤੋਂ ਰਿਸ਼ਵਤ ਲੈ ਕੇ ਜਾਅਲੀ ਮੁਆਵਜ਼ਾ ਕਿਸੇ ਦੇ ਨਾਮ ਕੀਤਾ ਹੈ ਜਦੋਂ ਕਿ ਉਹ ਜ਼ਮੀਨ ਸਰਕਾਰੀ ਸੀ ਤੇ ਇਸ ਗੱਲ ਦੀ ਭਿਣਕ ਲੱਗਣ ਮਗਰੋਂ ਅਖਬਾਰੀ ਖਬਰ ਨੂੰ ਆਧਾਰ ਬਣਾ ਕੇ ਵਿਜੀਲੈਂਸ ਨੇ ਇਨਕੁਆਰੀ ਆਰੰਭ ਦਿੱਤੀ ਸੀ ।

"ਆਖਿਰ ਕਰ ਕੌਣ ਰਿਹਾ ...ਤੈਨੂੰ ਪਤਾ ਹੋਣਾ ..,।"

"ਪਤਾ ਨਹੀ ਯਾਰ ...ਸਿਆਪਾ ਪਊ ...ਪਰ ਫਿਕਰ ਨਾ ਕਰ ..ਪੈਸੇ ਨਾਲ ਮਸਲੇ ਹੱਲ ਹੋ ਜਾਣੇ ..,।"

"ਯਾਰ , ਪੈਸਾ ਸਭ ਕੁਝ ਨਹੀ ਹੁੰਦਾ ...ਬਚਾ ਕੇ

ਬੰਦਿਆਂ ਤੱਕ ਪਹੁੰਚ ਕਰ ਅਪਰੋਚ ਲਵਾ ..।"

"ਟੈਨਸ਼ਨ ਨਾ ਲੈ...।"

ਬਰਿੰਦਰ ਨੇ ਸੁਮੀਤ ਨੂੰ ਰੋਕਿਆ ਵੀ ਪਰ ਉਹ ਗੱਲ ਹੀ ਨਾ ਗੋਲਦਾ ਤੇ ਜਦੋਂ ਸੁਮੀਤ ਨੇ ਵਿਆਹ ਕਰਵਾਇਆ ਸੀ ਤਾਂ ਬੱਬੂ ਮਾਨ ਦਾ ਅਖਾੜਾ ਲੱਗਾ ਸੀ ਤੇ ਇਲਾਕੇ ਦੀਆਂ ਸ਼ਖਸੀਅਤਾਂ ਵਿਆਹ 'ਤੇ ਆਈਆਂ ਸੀ ਤੇ ਪੰਜ ਸੱਤ ਦਿਨ ਤਾਂ ਵਿਆਹ ਦੇ ਫੰਕਸ਼ਨ ਹੀ ਚੱਲੇ ਸੀ ਤੇ ਪੂਰੀ ਧੁੰਮ ਪੈ ਗਈ ਸੀ।

ਸੁਮੀਤ ਦੇ ਵਿਆਹ ਦੇ ਖਰਚੇ ਨੇ ਵੀ ਵਿਰੋਧੀਆਂ ਦੀਆਂ ਗੱਲਾਂ ਨੂੰ ਹਵਾ ਦਿੱਤੀ ਸੀ ਤੇ ਬਰਿੰਦਰ ਸੋਚਦਾ ਕਿ ਜਿੰਨੀ ਪਹੁੰਚ ਬਣਾਈ ਬੈਠਾ ਆ ਉੱਥੇ ਇਹਦਾ ਕੀ ਵਿਗੜਨਾ ਆ।

ਖੈਰ ! ਹਾਥੀ ਦੇ ਦੰਦਾਂ ਵਰਗੇ ਨੇ ਲੋਕ ਖਾਣ ਨੂੰ ਹੋਰ ਤੇ ਵਿਖਾਉਣ ਨੂੰ ਹੋਰ। ਵਿਜੀਲੈਂਸ ਇਨਕੁਆਰੀ ਚੱਲਣ ਲੱਗ ਪਈ ਤੇ ਲੋਕ ਸਹਾਇਤਾ ਦੇ ਬਹਾਨੇ ਸੁਮੀਤ ਤੋਂ ਪੈਸੇ ਲੈਣ ਲੱਗ ਪਏ। ਕੋਈ ਨਾ ਕੋਈ ਵੰਗਾਰ ਪਈ ਰਹਿੰਦੀ ਤੇ ਬਲੈਕਮੈਲ ਦਾ ਦੌਰ ਵੀ ਚੱਲ ਪਿਆ।

ਵਿਜੀਲੈਂਸ ਦੀ ਜਾਂਚ ਅਖਬਾਰਾਂ ਵਿੱਚ ਆਉਣ ਲੱਗੀ ਤਾਂ ਮਹਿਕਮੇ ਨੇ ਵੀ ਕਮੇਟੀ ਬਣਾ ਕੇ ਜਾਂਚ ਸ਼ੁਰੂ ਕਰ ਦਿੱਤੀ ...ਤੇ ਸੁਮੀਤ ਦੀਆਂ ਪ੍ਰੇਸ਼ਾਨੀਆਂ ਦਾ ਦੌਰ ਸ਼ੁਰੂ ਹੋ ਗਿਆ।

"ਯਾਰ ...ਤੇਰਾ ਕੰਮ ਔਖਾ ਜੇਹਾ ਨਹੀਂ ਹੋ ਰਿਹਾ...।"

" ਕੋਈ ਨਾ ...ਚਾਰ ਛਿੱਲੜ ਲੱਗ ਵੀ ਜਾਣਗੇ ਤਾਂ...ਵੇਖੀ ਚੱਲ...।"

"ਯਾਰ ਤੂੰ ਕਹਿਨਾਂ ਤਾਂ ਹੈਗਾ...ਪਰ ਅਫਸਰ ਕਿਸੇ ਦੇ ਸਕੇ ਨਹੀ ਹੁੰਦੇ ...ਜਦੋਂ ਆਵਦੀ ਚਮੜੀ 'ਤੇ ਗੱਲ ਆਵੇ ਤਾਂ ਫਸਾਉਣ ਲੱਗੇ ਮਿੰਟ ਮਾਰਦੇ ਆ ..।"

"ਨਹੀ ...ਅਫ਼ਸਰ ਆਪਣੇ ਹੱਕ ਵਿੱਚ ਆ ...ਨਾਲ ਨੇ ...।"

ਉਹ ਉਦੋਂ ਹੀ ਪਤਾ ਲੱਗਾ ਜਦੋਂ ਘਰਵਾਲੀ ਦਾ ਜਨਮ ਦਿਨ ਮਨਾਉਣ ਵੇਲੇ ਸੁਮੀਤ ਨੂੰ ਰਾਹ ਵਿੱਚੋ ਹੀ ਚੁੱਕ ਲਿਆ ਤੇ ਜਿਸ ਤਹਿਸੀਲਦਾਰ ਦੀਆਂ ਸ਼ਾਹਦੀਆਂ ਭਰ ਰਿਹਾ ਸੀ ਉਸੇ ਦੀ ਸਿਫਾਰਿਸ਼ 'ਤੇ ਪਰਚਾ ਦਰਜ ਕਰ ਦਿੱਤਾ ਗਿਆ ਤੇ ਪੁਲੀਸ ਨੇ ਪੈਸੇ ਬਣਾਉਣ ਦੇ ਚੱਕਰ ਵਿੱਚ ਉਹਦੇ ਮੰਮੀ ਡੈਡੀ ਦਾ ਨਾਮ ਪਵਾ ਲਿਆ ਤੇ ਧੱਕੇ ਨਾਲ ਬਿਆਨ ਲਿਖ ਕੇ ਦਸਤਖਤ ਕਰਵਾ ਲਏ।

ਸੁਮੀਤ ਹੋਣੀ ਤਾਂ ਜਾਣਦਾ ਸੀ ਇਸ ਲਈ ਉਹਨੇ ਅਗਾਊਂ ਜ਼ਮਾਨਤ ਲੈ ਤਾਂ ਲਈ ਸੀ ਪਰ ਠਾਣੇ ਦਾ ਵੇਰਵਾ ਨਾ ਪਾਉਣ ਕਰਕੇ ਪੁਲੀਸ ਨੇ ਮੰਨਿਆ ਹੀ ਨਹੀਂ ਤੇ ਉਹਦੇ ਮੰਮੀ ਡੈਡੀ ਨੂੰ ਕਈ ਦਿਨ ਘਰ ਛੱਡਣਾ ਪਿਆ ਤੇ ਜ਼ਮਾਨਤ ਤੋਂ ਬਾਅਦ ਘਰ ਵੜੇ ਸੀ।

ਗੱਲ ਤਾਂ ਉੱਡਦੀ ਇਹ ਵੀ ਪਤਾ ਲੱਗੀ ਸੀ ਕਿ ਪੁਲਿਸ ਪਰਚੇ ਤੋਂ ਦੋ ਦਿਨ ਪਹਿਲਾਂ ਲੈ ਗਈ ਸੀ ਤੇ ਸੁਮੀਤ ਦੇ ਡੈਡੀ ਨੇ ਆਵਦੇ ਕਿਸੇ ਮਿੱਤਰ ਨੂੰ ਕਹਿ ਕੇ ਹਾਈਕੋਰਟ ਤੋਂ ਰਿੱਟ ਪਵਾ ਦਿੱਤੀ ਕਿ ਮੁੰਡਾ ਨਜਾਇਜ਼ ਹਿਰਾਸਤ ਵਿੱਚ ਰੱਖੀ ਬੈਠੇ ਨੇ ਤੇ ਇਸ ਚੱਕਰ ਵਿੱਚ ਪੁਲੀਸ ਨੇ ਖਾਰ ਕੱਢਣ ਲਈ ਉਹਦੇ ਮੰਮੀ ਡੈਡੀ ਵੀ ਵਿੱਚ ਫਸਾ ਲਏ ਸੀ।

ਚਲੋ... ਅਗਲੇ ਦਿਨ ਪੇਸ਼ੀ ਸੀ ਤੇ ਪੁਲੀਸ ਚਲਾਣ ਪੇਸ਼ ਕਰਨ ਵਿੱਚ ਜਾਣ ਬੁੱਝ ਕੇ ਦੇਰੀ ਕਰ ਰਹੀ ਸੀ ...ਉਸ ਦਿਨ ਹੀ ਬਰਿੰਦਰ ਦੇ ਬੇਟੇ ਨੂੰ ਬੁਖਾਰ ਵੀ ਬਹੁਤ ਸੀ ... ਸਕੂਲ ਤੋਂ ਛੁੱਟੀ ਕਰਵਾਈ ਸੀ ਤੇ ਬੁਖਾਰ ਉੱਤਰ ਨਹੀਂ ਸੀ ਰਿਹਾ ਪਰ ਘਰਵਾਲੀ ਨੂੰ ਕਿਹਾ ਤੂੰ ਮੰਮੀ ਨੂੰ ਨਾਲ ਲੈ ਕੇ ਚਲੀ ਜਾਵੀਂ ...ਜਰੂਰੀ ਕੰਮ ਆ ...।

ਬਰਿੰਦਰ ਨੇ ਕਿਤਾਬਾਂ ਦਾ ਇੰਤਜ਼ਾਮ ਕਰਿਆ ...ਕਿਸੇ ਮਿੱਤਰ ਤੋਂ ਮੰਗੀਆਂ ਤੇ ਪ੍ਰਬੰਧ ਕਰਕੇ ਸੁਮੀਤ ਨੂੰ ਦੇ ਕੇ ਆਇਆ ...ਕੇਰਾਂ ਤਾ ਸੁਮੀਤ ਦੀ ਪਛਾਣ ਹੀ ਨਾ ਆਈ ...ਭਾਰ ਘਟਿਆ ਲੱਗਦਾ ਸੀ ਤੇ ਰੰਗ ਵੀ ਫਿੱਕਾ ਪਿਆ ਲੱਗਦਾ ਸੀ ਤੇ ਚਿਹਰੇ ਦਾ ਰੌਅ ਉੱਡਿਆ ਪਿਆ ਸੀ ।

"ਯਾਰ, ਕਰ ਕੁਝ ... ਬਾਪੂ ਤੋਂ ਕੱਲੇ ਤੋਂ ਨਹੀਂ ਹੋਣਾ ਕੁਝ ..."

ਪੇਸ਼ੀ ਵੇਲੇ ਸੁਮੀਤ ਨੇ ਬਰਿੰਦਰ ਨੂੰ ਕਿਹਾ ਤੇ ਜਦੋਂ ਉਹ ਪੇਸ਼ੀ 'ਤੇ ਮਿਲਣ ਆਏ ਸੁਮੀਤ ਦੇ ਪਿਉ ਨੂੰ ਮਿਲਿਆ ਤਾਂ ਉਹਦਾ ਦਿਲ ਪਸੀਜਿਆ ਗਿਆ ... ਉਹਦੇ ਪਿਉ ਦੇ ਹੱਥ ਕੰਬ ਰਹੇ ਸੀ ਤੇ ਜ਼ਬਾਨ ਥੁਥਲਾ ਰਹੀ ਸੀ ...ਬਰਿੰਦਰ ਨੂੰ ਮਨ ਖਿੰਡਰਦਾ ਜਾਪਿਆ ਤੇ ਓਹਨੂੰ ਲੱਗਾ ਕਿ ਉਹਨੂੰ ਆਵਦੇ ਵੱਲੋਂ ਕੋਸ਼ਿਸ਼ ਕਰਨੀ ਚਾਹੀਦੀ ਆ ਕਿ ਯਾਰੀ ਨਾਤੇ ਜਿੰਨਾ ਵੀ ਫਰਜ਼ ਨਿਭਾਇਆ ਜਾਵੇ ।

ਬਰਿੰਦਰ ਦਾ ਦੋਸਤ ਰਿਸ਼ੀ ਪੁਲੀਸ ਵਿੱਚ ਸਬ ਇੰਸਪੈਕਟਰ ਸੀ ...ਉਹਦੇ ਨਾਲ ਵੀ ਭਰਾਵਾਂ ਤੋਂ ਵੱਧ ਮੋਹ ਸੀ ..ਉਹਨੇ ਰਿਸ਼ੀ ਨੂੰ ਸਾਰਾ ਮਾਜਰਾ ਦੱਸਿਆ ...ਰਿਸ਼ੀ ਨੇੜੇ ਦੇ ਥਾਣੇ ਵਿੱਚ ਹੀ ਸੀ ਤੇ ਵੋਟਾਂ ਵੇਲੇ ਦੋਵਾਂ ਦੀ ਡਿਊਟੀ ਇੱਕਠਿਆਂ ਫਲਾਇੰਗ ਸਕੁਐਡ ਵਿੱਚ ਸੀ।

ਖੈਰ ! ਰਿਸ਼ੀ ਨੂੰ ਦੱਸਣ ਤੋਂ ਮਗਰੋਂ ਬਰਿੰਦਰ ਨੇ ਤਹਿਆਂ ਫਰੋਲਣੀਆਂ ਸ਼ੁਰੂ ਕਰ ਦਿੱਤੀਆ ਤਾਂ ਪਤਾ ਲੱਗਾ ਕਿ ਤਹਿਸੀਲਦਾਰ ਦਾ ਮੰਤਰੀ ਰਿਸ਼ਤੇਦਾਰ ਸੀ ਜੋ ਸਿੱਧੇ ਤੌਰ 'ਤੇ ਉਹਦੀ ਮਦਦ ਕਰ ਰਿਹਾ ਸੀ ਤੇ ਪਰਚਾ ਜੋ ਪਿਆ ਸੀ ਉਹ ਵਿਜੀਲੈਂਸ ਤੋਂ ਨਹੀਂ ਲੋਕਲ ਥਾਣੇ ਤੋਂ ਪਵਾਇਆ ਸੀ ਤਾਂ ਜੋ ਸੁਮੀਤ ਭੇਦ ਨਾ ਖੋਲ੍ਹ ਦੇਵੇ । ਮੰਤਰੀ ਦੀ ਬਰਿੰਦਰ ਦੇ ਚਾਚੇ ਨਾਲ ਵੀ ਜਾਣ ਪਛਾਣ ਸੀ ਤੇ ਉਹ ਉਨ੍ਹਾਂ ਦੇ ਘਰ ਆ ਗਿਆ ਸੀ ਤੇ ਪਤਾ ਇਹ ਵੀ ਲੱਗਾ ਕਿ ਸੁਮੀਤ ਨੇ 55% ਹੀ ਖਾਧਾ ਸੀ ਤੇ ਬਾਕੀ ਤਾਂ ਉਪਰ ਤੱਕ ਗਿਆ ਸੀ ਤੇ ਵਿਜੀਲੈਂਸ ਜਾਂਚ ਵਿੱਚ

ਸਾਰੇ ਅੜਿੱਕੇ ਆਉਂਦੇ ਸੀ ਤਾਂ ਕਰਕੇ ਥਾਣੇ ਤੋਂ ਪਰਚਾ ਪਵਾ ਕੇ ਸੁਮੀਤ ਨੂੰ ਅੰਦਰ ਕਰਕੇ ਉਹਦਾ ਮੂੰਹ ਬੰਦ ਕਰਨ ਦੀ ਕੋਸ਼ਿਸ਼ ਹੀ ਸੀ।

"ਬਰਿੰਦਰ, ਯਾਰ ਮਸਲਾ ਬਹੁਤ ਉਲਝਿਆ ...ਮੈਨੂੰ ਲੱਗਦਾ ਤੈਨੂੰ ਨਹੀ ਪੈਣਾ ਚਾਹੀਦਾ ... ਟੱਕਰ ਸਟੇਟ ਨਾਲ ਆ ...।" ਰਿਸ਼ੀ ਨੇ ਬਿੰਦੇ ਨੂੰ ਫੋਨ ਕਰਦਿਆਂ ਕਿਹਾ।

"ਯਾਰ, ਪਤਾ ਤਾਂ ਹੈ ...ਪਰ ਸਾਰੇ ਲੋਕ ਖਾ ਪੀ ਕੇ ਡਕਾਰ ਮਾਰ ਗਏ ਨੇ ..ਸਾਥ ਛੱਡ ਗਏ ਨੇ ...ਨਾਲ ਕੰਮ ਕਰਦੇ ਕਰਿੰਦੇ ਜਿਨ੍ਹਾਂ ਦੇ ਘਰ ਵੀ ਸੁਮੀਤ ਨੇ ਪਾ ਕੇ ਦਿੱਤੇ ਨੇ ਉਹ ਵੀ ਸਰਕਾਰੀ ਗਵਾਹ ਬਣ ਗਏ ਨੇ ..ਫੇਰ ਆਪਾਂ ਕਿਉਂ ਪਿੱਠ ਵਿਖਾਈਏ ..।"

"ਯਾਰ, ਮੈਂ ਤੇਰੇ ਨਾਲ ਆ ... ਪਰ ਸੋਚ ਲਾ..."

"ਸੋਚਿਆ ...ਬਾਈ ਮੈਂ ..."

"ਫੇਰ ਕੀ ਕਰਨਾ ...?"

"ਬਾਈ ...ਆਪਾਂ ਚਲਾਨ ਦਾ ਪਤਾ ਕਰਨਾ ... ਉਹਦੇ ਵਿੱਚੋਂ ਉਹਦੇ ਬਾਪੂ ਦਾ ਨਾਮ ਕਢਾਉਣਾ ਆ ...।"

ਰਿਸ਼ੀ ਬਰਿੰਦਰ ਦਾ ਦਿਲੋਂ ਕਰਦਾ ਸੀ ਤੇ ਉਹਨਾਂ ਦੇ ਮਾਮਲੇ ਵਿੱਚ ਪੁਲੀਸ ਨਾਲ ਯਾਰੀ ਵੀ ਮਾੜੀ ਤੇ ਦੁਸ਼ਮਣੀ ਵਾਲਾ ਅਖਾਣ ਲਾਗੂ ਨਹੀ ਸੀ ਹੁੰਦਾ ਤੇ ਹਰ ਗੱਲ 'ਤੇ ਰਿਸ਼ੀ ਬਰਿੰਦਰ ਨਾਲ ਖੜ੍ਹਾ ਨਜ਼ਰ ਆਉਂਦਾ ਸੀ ।

ਪਿੱਛੇ ਜਿਹੇ ਹੋਈਆਂ ਬਦਲ਼ੀਆਂ ਵਿੱਚ ਥਾਣਾ ਮੁਖੀ ਦਾ ਤਬਾਦਲਾ ਹੋ ਗਿਆ ਸੀ ਤੇ ਨਵਾਂ ਬੰਦਾ ਆ ਗਿਆ ਸੀ ...ਬਰਿੰਦਰ ਮਿਲ ਚੁੱਕਿਆ ਸੀ ਪਹਿਲਾਂ ਤੇ ਰਿਸ਼ੀ ਨੇ ਜਾਂਚ ਅਫਸਰ ਦਾ ਪਤਾ ਕੀਤਾ ਤੇ ਗੱਲ-ਬਾਤ ਕੀਤੀ ਤੇ ਸਾਰਾ ਮਸਲਾ ਦੱਸਿਆ। ਸੁਮੀਤ ਦਾ ਡੈਡੀ ਪਰਚੇ ਤੋਂ ਬਾਅਦ ਥਾਣੇ ਆਉਣ ਤੋਂ ਡਰਦਾ ਸੀ...ਉਹਨੂੰ ਇੰਝ ਸੀ ਕਿ ਫੜ ਲੈਣਗੇ...ਉਹ ਜਾਂਚ ਅਫਸਰ ਦਾ ਫੋਨ ਵੀ ਨਹੀਂ ਸੀ ਚੱਕਦਾ ।

ਦੂਜਾ ਉਹਨੇ ਰਿਸ਼ਤੇਦਾਰ ਪਾ ਕੇ ਗੱਲ ਕਰਨ ਦੀ ਕੋਸ਼ਿਸ਼ ਕੀਤੀ ਤਾਂ ਰਿਸ਼ਤੇਦਾਰ ਆਪ ਹੀ ਪੈਸੇ ਖਾ ਗਏ ਸੀ ਪਰ ਗੱਲ ਤਣ ਪੱਤਣ ਨਹੀਂ ਸੀ ਲੱਗੀ। ਜਦੋਂ ਹੀ ਰਿਸ਼ੀ ਤੇ ਬਰਿੰਦਰ ਵਿੱਚ ਪਏ ਤਾਂ ਜਾਂਚ ਅਫਸਰ ਨੇ ਕਿਹਾ ਕਿ ਸੱਠ ਦਿਨ ਹੋਣ ਵਾਲੇ ਆ ਮੈਂ ਚਲਾਨ ਦੇਣਾ ਆ ...ਬੰਦੇ ਮਿਲਾਉ ਨਹੀਂ ਤਾਂ ਔਖਾ ਹੋ ਜਾਣਾ ਆ। ਉਹਦਾ ਇਸ਼ਾਰਾ ਤਾਂ ਪੈਸੇ ਲੈਣ ਵੱਲ ਸੀ ਤੇ ਬਰਿੰਦਰ ਕਦੇ ਵੀ ਇਸ ਮਸਲੇ ਵਿੱਚ ਨਹੀਂ ਸੀ ਪਿਆ ...

ਅੱਜ ਤੱਕ ਜੋ ਵੀ ਕੰਮ ਸੀ ਡਾਇਰੈਕਟ ਸਿਫਾਰਿਸ਼ ਨਾਲ ਜਾਂ ਹਿੱਕ ਦੇ ਜ਼ੋਰ 'ਤੇ ਕਰਵਾਇਆ ਸੀ ਤੇ ਐਨੀ ਅਪਰੋਚ ਹੋਣ ਦੇ ਬਾਅਦ ਪੈਸਾ ਦੇਣਾ ਜ਼ਹਿਰ ਲੱਗਦਾ ਸੀ ਤੇ ਉਹ ਇਹ ਵੀ ਜਾਣਦਾ ਸੀ ਕਿ ਸੁਮੀਤ ਦਾ ਬਾਹਰ ਆਉਣਾ ਔਖਾ ਆ ਪਰ ਉਹ ਉਸਦੇ ਪਿਉ ਦੇ ਬੁਢਾਪੇ ਵੱਲ ਵੇਖ ਕੇ ਪ੍ਰੇਸ਼ਾਨ ਸੀ ਤੇ ਕਿਵੇਂ ਵੀ ਬਾਹਰ ਕਢਾਵਉਣਾ ਚਾਹੁੰਦਾ ਸੀ।

ਰਿਸ਼ੀ ਨੇ ਵੀ ਸਲਾਹ ਦਿੱਤੀ ਕਿ ਬਾਅਦ ਵਿੱਚ ਵੀ ਇਨਕੁਆਰੀ ਲਵਾਉਣ ਨਾਲੋਂ ਹੁਣੇ ਹੀ ਮੱਥਾ ਡੰਮਿਆ ਚੰਗਾ ਆ ਤੇ ਫੇਰ ਅਫਸਰ ਨਹੀਂ ਮਿਲਦੇ ਤੇ ਖੱਜਲ ਖੁਆਰੀ ਹੁੰਦੀ ਆ ।

"ਬਾਈ ਯਾਰ, ਵਿੱਚ ਤਾਂ ਪੈ ਗਏ ਆ ਪਰ ਮੈਂ ਏਦਾਂ ਪੈਸੇ ਨਹੀ ਲੈ ਕੇ ਦਿੱਤੇ...ਕੁੱਤਾ ਜਿਹਾ ਕੰਮ ਲੱਗਦਾ...।"

"ਪਰ ਤੂੰ ਆਪ ਨਾ ਫੜੀਂ...ਸਾਹਮਣੇ ਖੜ੍ਹ ਕੇ ਦੁਆ ਦੀਂ ...ਐਨਾ ਤਾਂ ਕਰਨਾ ਪੈਣਾ ..।"

ਜਾਣੂ ਰਿਸ਼ੀ ਵੀ ਸੀ ਕਿ ਬਰਿੰਦਰ ਕੰਮ ਕਿਵੇਂ ਲੈਂਦਾ ਕਿਸੇ ਤੋਂ ਪਰ ਮਜਬੂਰ ਸੀ ।

ਖੈਰ ਜਾਂਚ ਅਫਸਰ ਨੇ ਰਿਸ਼ੀ ਦੀ ਬਰਿੰਦਰ ਨਾਲ ਕਰਵਾਈ ਜਾਣ ਪਛਾਣ ਤੋਂ ਬਾਅਦ ਮੂੰਹ ਖੋਲ੍ਹਿਆ ਕਿ ਬੇਗੁਨਾਹ ਕਰਨ ਦੇ ਦੋ ਲੱਖ ਲੱਗਣਗੇ ਤੇ ਦੇਣੇ ਵੀ ਪਹਿਲਾਂ ਪੈਣਗੇ ...ਨਹੀ ਅਸੀਂ ਦੋ ਚਾਰ ਦਿਨ ਵਿੱਚ ਚਲਾਣ ਪੇਸ਼ ਕਰ ਦੇਣਾ ਆ। ਬਰਿੰਦਰ ਨੇ ਫੋਨ ਕਰਕੇ ਸੁਮੀਤ ਨੇ ਪਿਉ ਨੂੰ ਸੱਦਿਆ ਤੇ ਸਾਹਮਣੇ ਗੱਲ-ਬਾਤ ਕਰਵਾ ਦਿੱਤੀ ਤੇ ਡੇਢ ਲੱਖ ਵਿੱਚ ਸੌਦਾ ਹੋ ਗਿਆ ।

ਅੱਸੀ ਹਜ਼ਾਰ ਸੁਮੀਤ ਦਾ ਡੈਡੀ ਜੇਬ ਵਿੱਚ ਪਾ ਕੇ ਲਿਆਇਆ ਸੀ ਤੇ ਉਹ ਬਰਿੰਦਰ ਨੂੰ ਫੜਾਉਣ ਲੱਗਾ ਪਰ ਬਰਿੰਦਰ ਨੇ ਕਹਿ-ਤਾ ਕਿ ਅੰਕਲ ਆਪ ਹੀ ਦਵੋ ਤੇ ਉਹਦੀ ਮੰਨ ਕੇ ਉਹਨੇ ਪੈਸੇ ਜਾਂਚ ਅਫਸਰ ਨੂੰ ਦੇ ਦਿੱਤੇ। ਜਾਂਚ ਅਫਸਰ ਨੇ ਭਰੋਸਾ ਦਿੱਤਾ ਸੀ ਕਿ ਏਸੇ ਵਿੱਚੋ ਥਾਣਾ ਮੁਖੀ ਤੇ ਡੀ.ਐਸ.ਪੀ ਨੂੰ ਜਾਣੇ ਆ ਤੇ ਸ਼ਾਮ ਤੱਕ ਉਹ ਆ ਜੇ ਬਿਆਨ ਲਿਖ ਲਵੇਗਾ। ਇਸ ਭਰੋਸੇ ਤੋਂ ਬਾਅਦ ਸੁਮੀਤ ਦਾ ਬਾਪ ਵੀ ਸਹਿਜ ਹੋ ਗਿਆ ਤੇ ਉਹਨੂੰ ਯਕੀਨ ਹੋ ਗਿਆ ਕਿ ਪੁਲੀਸ ਨੁਕਸਾਨ ਨਹੀਂ ਕਰਦੀ ਤੇ ਆਰਾਮ ਨਾਲ ਗੱਲਾਂ ਕਰਨ ਲੱਗ ਪਿਆ।

ਉਸ ਸ਼ਾਮ ਜਦੋਂ ਜਾਂਚ ਅਫਸਰ ਨੇ ਬਿਆਨ ਲੈਣ ਜਾਣਾ ਸੀ ਤਾਂ ਰਿਸ਼ੀ ਦਾ ਫੋਨ ਆ ਗਿਆ ..ਬੋਲਿਆ ਕਿ ,"ਉਹ ਤਾਂ ਮੁੱਕਰ ਗਿਆ ਕਹਿੰਦਾ ਥਾਣਾ ਮੁਖੀ ਨਹੀਂ ਮੰਨਦਾ ਤੇ ਪੈਸੇ ਹੋਰ ਮੰਗਦਾ ਆ ... ਕੀ ਕਰੀਏ ।"

"ਯਾਰ ਸਾਲਾ, ਕੁਝ ਕੱਢਣ ਨੂੰ ਨਹੀਂ...ਪਾਉਣ ਨੂੰ ਨਹੀ ...ਆਪਾਂ ਤਾਂ ਸੰਨ੍ਹ ਵਿਚਾਲੇ ਫਸ ਗਏ ਆ ...ਕੀ ਕਰੀਏ ...ਪੈਸੇ ਵੀ ਦੁਆ ਤੇ ...ਹੁਣ ...?"

"ਉਹ ਕਹਿੰਦਾ ਐਸ.ਐਚ.ਓ ਨੂੰ ਮਿਲ ਕੇ ਆਪ ਗੱਲ ਕਰੋ ...ਤੇ ਆਪਾਂ ਕੱਲ੍ਹ ਚੱਲਦੇ ਆ ...।"

ਅਗਲੇ ਦਿਨ ਛੁੱਟੀ ਸੀ ਤੇ ਬਰਿੰਦਰ ਦੀ ਸਾਲੀ ਦਾ ਮੰਗਣਾ ਸੀ ਤੇ ਉਸ ਖੁਸ਼ੀ ਵਿੱਚ ਸਹੁਰਿਆਂ ਨੇ ਪਾਠ ਰਖਵਾਇਆ ਸੀ ਤੇ ਭੋਗ ਸੀ। ਉਹ ਘਰਵਾਲੀ ਨੂੰ ਲਾਰਾ ਲਾ ਕੇ ਥਾਣੇ ਚਲਾ ਗਿਆ ਪਰ ਉੱਥੇ ਟਾਇਮ ਲੱਗ ਗਿਆ ਪਰ ਥਾਣਾ ਮੁਖੀ ਮੰਨ ਗਿਆ ਜਦੋਂ ਉਸਨੂੰ ਇਹ ਯਕੀਨ ਹੋ ਗਿਆ ਕਿ ਬੰਦੇ

ਮੇਰੇ ਨਾਮ 'ਤੇ ਕੋਈ ਪੈਸਾ ਨ੍ਹੀ ਖਾ ਰਹੇ...ਤੇ ਉਹਨੇ ਹਾਮੀ ਭਰ ਦਿੱਤੀ । ਘਰ ਆ ਕੇ ਬਰਿੰਦਰ ਦਾ ਬਹੁਤ ਕਲੇਸ਼ ਹੋਇਆ ਤੇ ਉਹ ਬੋਲ ਵੀ ਨਾ ਸਕਿਆ ਕਿਉਂਕਿ ਉਹਨੂੰ ਪਤਾ ਸੀ ਕਿ ਉਹਦੀ ਗਲਤੀ ਸੀ ਤੇ ਫੇਰ ਵੀ ਸ਼ਾਮ ਨੂੰ ਸਹੁਰੀਂ ਆ ਗਿਆ।

ਉਹ ਰਿਸ਼ੀ ਨਾਲ ਲਗਾਤਾਰ ਸੰਪਰਕ ਵਿੱਚ ਸੀ ਤੇ ਸੁਮੀਤ ਸੁਬਹ ਸ਼ਾਮ ਫੋਨ ਕਰਦਾ ਰਹਿੰਦਾ ਕਿ ਬਿਆਨ ਕਰਾਉ ..ਡੈਡੀ ਨੂੰ ਬਾਹਰ ਕਢਵਾਉ... ਸੁਮੀਤ ਦਾ ਡੈਡੀ ਵੀ ਬਰਿੰਦਰ ਦੀਆਂ ਸਿਫਤਾਂ ਕਰਦਾ ਰਹਿੰਦਾ ਕਿ ਚਲੋ ਕੁਝ ਛੁਟਕਾਰਾ ਹੋਊ ਕਿਉਂਕਿ ਖਾਣ ਵਾਲੇ ਹੀ ਮਿਲੇ ਸੀ ਤੇ ਕੰਮ ਕਿਸੇ ਨੇ ਡੱਕੇ ਦਾ ਨਹੀਂ ਸੀ ਕਰਵਾਇਆ। ਦੋ ਦਿਨਾਂ ਬਾਅਦ ਜਾਂਚ ਅਫਸਰ ਘਰ ਆ ਕੇ ਬਿਆਨ ਲੈ ਗਿਆ ਤੇ ਬਾਕੀ ਰਹਿੰਦੀ ਰਕਮ ਸੁਮੀਤ ਦੇ ਡੈਡੀ ਨੇ ਅਗਲੇ ਦਿਨ ਬਰਿੰਦਰ ਦੇ ਸਾਹਮਣੇ ਦੇਣ ਦਾ ਇਕਰਾਰ ਕਰ ਲਿਆ।

ਅਗਲੇ ਦਿਨ ਜਦੋਂ ਪੈਸੇ ਦੇਣ ਲੱਗੇ ਤਾਂ ਜਾਂਚ ਅਫਸਰ ਕਹਿੰਦਾ ਕਿ ਤੁਸੀਂ ਡੇਢ ਨਹੀ ਇੱਕ ਲੱਖ ਸੱਤਰ ਦੀ ਗੱਲ ਕਰਕੇ ਆਏ ਓ ... ਬਰਿੰਦਰ ਨੇ ਰਿਸ਼ੀ ਨੂੰ ਫੋਨ ਲਾਇਆ ...ਗੱਲ ਕੋਈ ਕੀਤੀ ਹੁੰਦੀ ਤਾਂ ਕਹਿੰਦੇ। ਖੈਰ ! ਕਰ ਕਰਾ ਕੇ ਅੱਸੀ ਹੋਰ ਕਰਤਾ ਤੇ ਜਾਂਚ ਅਫਸਰ ਮਿੱਠੀਆ ਮਾਰਨ ਲੱਗ ਪਿਆ ਤੇ ਇਉਂ ਕਰਨ ਲੱਗਾ ਜਿਵੇ ਉਹਨੇ ਮਸਲਾ ਅੱਜ ਹੀ ਨਬੇੜ ਦੇਣਾ ਹੋਵੇ। ਉੱਧਰ ਬਰਿੰਦਰ ਨੂੰ ਪਤਾ ਲੱਗਾ ਕਿ ਸੁਮੀਤ ਦਾ ਵਕੀਲ ਮੰਤਰੀ ਦੇ ਪ੍ਰਭਾਵ ਵਿੱਚ ਆ ਕੇ ਉਹਦੀ ਜ਼ਮਾਨਤ ਨਹੀ ਲਾ ਰਿਹਾ ਜਦੋਂਕਿ ਕੇਸ ਦੀ ਜਾਂਚ ਕਮਜੋਰ ਸੀ ਉਹਨੇ ਬਥੇਰਾ ਜ਼ੋਰ ਲਾਇਆ ਪਰ ਨਾ ਸੁਮੀਤ ਨੇ ਸੁਣੀ ਤੇ ਨਾ ਉਹਦੇ ਪਿਉ ਨੇ। ਏਧਰ ਤਹਿਸੀਲਦਾਰ ਨੂੰ ਪਤਾ ਸੀ ਕਿ ਬਦਲੀ ਹੋਣ ਵਾਲੀ ਆ ਉਸਨੇ ਮੰਤਰੀ ਨੂੰ ਕਹਿ ਕੇ ਵਿਜੀਲੈਂਸ ਤੋਂ ਪਰਚਾ ਪਵਾ ਦਿੱਤਾ ਤੇ ਬਰਿੰਦਰ ਦੇ ਚਾਚੇ ਦੇ ਮੁੰਡਾ ਦਾ ਐਕਸੀਡੈਂਟ ਹੋਣ ਕਰਕੇ ਉਹ ਉੱਧਰ ਰੁੱਝ ਗਿਆ ।

ਉਹਨੇ ਰਿਸ਼ੀ ਨੂੰ ਕਿਹਾ ਕਿ ਉਹ ਮਾਮਲਾ ਵੇਖਦਾ ਰਹੇ ...ਪਰ ਵਿਜੀਲੈਂਸ ਵੱਲੋਂ ਪਰਚਾ ਦਰਜ ਕਰਨ ਤੋਂ ਮਗਰੋਂ ਥਾਣੇ ਵਾਲੇ ਡਰ ਗਏ ਤੇ ਜਾਂਚ ਅਫਸਰ ਛੁੱਟੀ ਲੈ ਗਿਆ ... ਥਾਣਾ ਮੁਖੀ ਨੇ ਫੋਨ ਚੁੱਕਣਾ ਬੰਦ ਕਰ ਦਿੱਤਾ...ਬਰਿੰਦਰ ਦੀ ਹਸਪਤਾਲਾਂ ਵਿੱਚ ਰੁਲਣ ਕਰਕੇ ਸੁਮੀਤ ਨਾਲ ਗੱਲ ਘੱਟ ਗਈ।

ਬਰਿੰਦਰ ਦੇ ਚਾਚੇ ਦੇ ਮੁੰਡੇ ਦੀ ਮੌਤ ਹੋ ਗਈ ਸੀ ਤੇ ਅੱਜ ਉਹਦਾ ਸਸਕਾਰ ਸੀ ..ਬਰਿੰਦਰ ਨਾਲ ਦੇ ਹਾਣੀ ਦੇ ਤੁਰ ਜਾਣ ਕਰਕੇ ਪੱਥਰ ਹੋਇਆ ਫਿਰਦਾ ਸੀ.... ਸੁਮੀਤ ਦਾ ਡੈਡੀ ਬਰਿੰਦਰ ਨੂੰ ਫੋਨ ਕਰਦਾ ਆ ...ਜ਼ਰੂਰੀ ਨਾ ਹੋਵੇ ਸਮਝ ਕੇ ਬਰਿੰਦਰ ਚੁੱਕਦਾ ਹੈ ਤਾਂ ਅੱਗੋਂ ਆਵਾਜ਼ ਸੁਣਨ ਨੂੰ ਮਿਲਦੀ ਹੈ ।

"ਪੁੱਤ , ਕੀ ਫਾਇਦਾ ਸੀ ਦਲਾਲੀ ਖਾਣ ਦਾ ...ਜੇ ਕੰਮ ਹੀ ਨਹੀਂ ਸੀ ਕਰਵਾਉਣਾ ।"

**98884-08383**

## ਗ਼ਜ਼ਲ / ਸਿਮਰਨਜੋਤ ਮਾਨ



ਛੂਹਣ ਨਿਕਲੇ ਸਾਂ ਪੱਛਮ ਦੇ ਅੰਬਰ ਮਗਰ,
ਆਪਣੇ ਪੂਰਬ ਤੋਂ ਹੀ ਲਾਪਤਾ ਹੋ ਗਏ।
ਪੈਰੀਂ ਪਰ ਉਪਰੇ ਬੰਨ੍ਹਦਿਆਂ-ਬੰਨ੍ਹਦਿਆਂ,
ਪੈੜ-ਪਰਵਾਜ਼ ਵਿਚਲਾ ਖ਼ਲਾਅ ਹੋ ਗਏ।

ਦੌੜ ਹੀ ਦੌੜ ਹੈ, ਕੋਈ ਮੰਜ਼ਿਲ ਨਹੀਂ,
ਏਥੇ ਪਾਣੀ ਹੀ ਪਾਣੀ ਨੇ ਸਾਹਿਲ ਨਹੀਂ,
ਖੁਰਦੇ ਪੱਤਣ ਹਾਂ ਆਪਣੇ ਹੀ ਤੱਕਦੇ ਪਏ,
ਆਪਣੇ ਕਤਲਾਂ ਦੇ ਆਪੇ ਗਵਾਹ ਹੋ ਗਏ।

ਏਥੇ ਕਲੀਆਂ ਦੇ ਗਲ ਮੋਹ ਦੇ ਪੱਲੇ ਨਹੀਂ,
ਏਥੇ ਮਹਿਕਾਂ ਸਿਰੀਂ ਸੰਗ ਦੇ ਟੱਲੇ ਨਹੀਂ,
ਦੋਸ਼ ਫੁੱਲਾਂ ਦੇ ਸਿਰ 'ਤੇ ਕੀ ਧਰੀਏ ਜੋ ਖ਼ੁਦ,
ਨੰਗੀਆਂ ਤਿਤਲੀਆਂ 'ਤੇ ਫਿਦਾ ਹੋ ਗਏ।

ਗੋਰੀ ਮਿੱਟੀ 'ਚ ਹਾਂ ਕਾਲ਼ੇ ਪਾਣੀ ਜਿਹੇ,
ਹਾਸ਼ੀਏ 'ਤੇ ਲਿਖੀ ਇਕ ਕਹਾਣੀ ਜਿਹੇ,
ਹਾਕਾਂ, ਹੇਕਾਂ ਤੋਂ ਖ਼ਾਮੋਸ਼ ਹਉਕੇ ਬਣੇ,
ਫੇਰ ਕੰਬਦੀ ਹੋਈ ਇਲਤਜਾ ਹੋ ਗਏ।

ਵਿਰਸਿਆਂ ਦੀ ਸ਼ਹਾਦਤ ਮਨਾਉਂਦੇ ਹੋਏ,
ਗੋਲਕੀਂ ਪੌਂਡ-ਡਾਲਰ ਚੜ੍ਹਾਉਂਦੇ ਹੋਏ,
ਵਣਜ ਕਰਕੇ ਜ਼ਮੀਰਾਂ ਦੇ ਹਾਂ ਸੋਚਦੇ,
ਕਰਜ਼ ਮਿੱਟੀ ਦੇ ਸਾਰੇ ਅਦਾ ਹੋ ਗਏ।

## ਕਵਿਤਾਵਾਂ / ਮਿੰਦਰ



### ਸ਼ਬਦਾਂ ਤੋਂ ਬਿਨਾਂ ਧਰਤੀ

ਮੈਂ
ਇੱਕ ਸ਼ਬਦ ਨੂੰ
ਦੂਸਰੇ ਸ਼ਬਦ ਨਾਲ
ਤਕਸੀਮ ਕਰਨ ਲੱਗਦਾ ਹਾਂ
ਤਾਂ ਤੁਹਾਡਾ ਸੰਸਾਰ
ਹਿੱਲਣ ਲੱਗਦਾ ਹੈ

ਮੈਂ ਤੁਹਾਡੇ ਹਿੱਲਦੇ ਸੰਸਾਰ ਨੂੰ
ਪੰਘੂੜੇ ਵਿੱਚ ਪਾ
ਹਿਲਾ ਦਿੰਦਾ ਹਾਂ
ਤਾਂ ਕਈ ਸੰਸਾਰ
ਜਨਮ ਲੈਣ ਤੋਂ
ਇਨਕਾਰੀ ਹੋ ਜਾਂਦੇ ਹਨ

ਮੈਂ ਫੇਰ ਪੈਦਾ ਹੋ ਗਿਆ ਹਾਂ
ਪੰਛੀ ਮੇਰੇ ਕੋਲੋਂ
ਹੱਥਾਂ ਦਾ ਅਰਥ ਪੁੱਛਦੇ ਨੇ
ਤੇ ਮੈਂ ਸੌ ਸਾਲ ਪਹਿਲਾਂ ਮਿਣੇ
ਸੂਰਜ ਦੀ
ਰਫਤਾਰ ਦੱਸ ਰਿਹਾ ਹਾਂ

ਜੋ ਵੀ ਚੀਜ਼
ਜਿੱਥੇ ਖਤਮ ਹੁੰਦੀ
ਉਸ ਨੂੰ ਲੱਭਣ ਲਈ
ਸੈਂਕੜੇ ਸੂਰਜ
ਉਸ ਦੇ ਨਾਲ ਹੀ
ਖਤਮ ਹੋ ਜਾਂਦੇ ਹਨ......।

### ਅੰਦਰ ਕਰਮਚਾਰੀ ਨਹੀਂ ਹੈ

ਆਸ ਦਾ ਦਫ਼ਤਰ
ਖੁੱਲ੍ਹਾ ਸੀ
ਤੇ ਮੈਂ ਸਾਰੀ ਉਮਰ
ਆਉਂਦਾ ਜਾਂਦਾ ਰਿਹਾ

ਹੋਰ ਰੁਕ ਜਾ
ਫਾਟਕ ਖੁੱਲ੍ਹਣ ਵਾਲਾ ਹੈ
ਪਾਰ ਦੀ ਟਰੈਫਿਕ ਵੀ ਤਾਂ
ਲੰਘਣਾ ਚਾਹੁੰਦੀ ਹੈ

ਦਰਵਾਜ਼ਾ ਬੰਦ ਨਾ ਕਰ
ਮੌਸਮ ਖਿੜਕੀਆਂ ਦੇ ਵਿੱਚ ਫਸਿਆ
ਹੁੰਦਾ ਹੈ

ਸੂਰਜ ਦੇ ਚੜ੍ਹਨ ਨਾਲ
ਬੰਦਾ ਹੀ ਨਹੀਂ ਹਿਲਦਾ
ਕੁਰਸੀ ਵੀ ਹਿੱਲਦਾ ਹੈ

ਕੀ ਉੱਪਰ ਕੁਝ ਹੈ
ਥੱਲੇ ਵਗਦਾ ਪਾਣੀ ਪੁੱਛਦਾ ਹੈ
ਮੈਂ ਠੰਡਾ ਕਿਉਂ ਹਾਂ ?

ਹਾਜ਼ਰ ਹੈ
ਸਭ ਕੁਝ
ਮੈਂ ਕਿਉਂ ਗੈਰ-ਹਾਜ਼ਰ ਹਾਂ।

### ਛਤਰੀ

ਭਰੀ ਬਾਰਿਸ਼ 'ਚ
ਉਹ ਮੇਰੇ ਘਰ ਆਈ
ਤੇ ਛਤਰੀ ਲੈ ਕੇ
ਵਾਪਸ ਚਲੀ ਗਈ
ਮੈਂ ਜਦੋਂ ਵੀ ਉਸ ਨੂੰ ਮਿਲਦਾ
ਛਤਰੀ ਦੀ ਗੱਲ ਕਰਦਾ
ਉਹ ਬਾਰਿਸ਼ ਵਿੱਚ
ਭਿੱਜਦੀ ਰਹਿੰਦੀ
........


ਧੁੱਪ ਬਾਰਿਸ਼ ਤੇ ਸਮਾਂ
ਰੰਗ ਬਦਲ ਲੈਂਦਾ
ਮੈਂ ਸਤਰੰਗੀ ਪੀਂਘ
ਵੱਲ ਦੇਖਦਿਆਂ ਕਿਹਾ
ਇਸੇ ਲਈ ਛਤਰੀ ਮੰਗੀ
ਹਮੇਸ਼ਾ ਨਾਲ ਰੱਖਦੀ
ਉਹ ਬੋਲੀ ਨਹੀਂ
ਛਤਰੀ ਵਾਂਗ ਚੁੱਪ ਰਹੀ
...........

ਮੈਨੂੰ ਨਹੀਂ ਪਤਾ
ਬਾਰਿਸ਼, ਧੁੱਪ, ਛਤਰੀ ਦੇ ਵੀ
ਕੋਈ ਪੈਰ ਹੁੰਦੇ ਨੇ
ਪਰ ਜੋ ਬਿਜਲੀ ਚਮਕਦੀ ਹੈ
ਉਸ ਦੇ ਪੈਰ ਹੁੰਦੇ ਨੇ
ਤੇ ਉਹ ਵਿਛੜੇ ਦਿਲਾਂ 'ਚ
ਧੜਕਦੇ ਪੈੜ ਛਾਪ ਬਣ ਕੇ
.........

ਛਤਰੀ ਥੱਲੇ ਅਸੀਂ ਸਾਰੇ
ਇਕੱਠੇ ਹਾਂ
ਬੱਦਲ ਨੂੰ ਫਟਣ ਦਿਓ ਹੁਣ
........

ਛਤਰੀ ਦੀ
ਨੰਗੀ ਦੇਹ ਉੱਪਰ
ਕਣੀ ਵਾਹ ਦਿਓ ਜਾਂ ਕਿਰਣਾਂ
ਉਹ ਛਤਰੀ ਹੀ ਹੈ
ਵਾਤਾਅਨੁਕੂਲ 'ਚ
ਬੈਠੇ ਚਿਤਰਕਾਰੋ!

## ਸ਼ਹਿਨਸ਼ਾਹ ਦਾ ਹੁਕਮ / ਗੁਰਨਾਮ ਢਿੱਲੋਂ



ਸ਼ਹਿਨਸ਼ਾਹ ਦਾ ਹੁਕਮ ਹੈ
ਸੂਰਜ, ਚੰਦ,
ਸਿਤਾਰੇ, ਕਹਿਕਸ਼ਾਂ
ਸੱਤ ਪਾਬੰਦ ਕਰੋ
ਰੋਸ਼ਨੀ ਦੇ ਮੁਨਾਰੇ,
ਅਕਲ ਦੇ ਦਰਵਾਜ਼ੇ,
ਖਿੜਕੀਆਂ, ਰੋਸ਼ਨਦਾਨ
ਇਕਦਮ ਬੰਦ ਕਰੋ।

ਕੋਈ ਸੱਚ ਦੇ
ਗੀਤ ਗਾਉਂਦਾ ਪੰਛੀ
ਉਡਣ ਨਾ ਪਾਏ
ਤੁਰੰਤ ਪਿੰਜਰਿਆਂ ਵਿਚ ਜਾਏ
ਇੱਕ-ਰੰਗੀ ਵਿਸ਼ੇਸ਼
ਅਵਾਜ਼ ਤੋਂ ਸਿਵਾ ਕਿਧਰੇ
ਹੋਰ ਕੋਈ ਬੋਲ
ਹਵਾ ਵਿਚ ਨਾ ਲਹਿਰਾਏ
ਸੋਹਲ, ਸੁੱਚੇ, ਸੁਚੱਜੇ,
ਸਵੱਸ਼ ਸੁਪਨਿਆਂ ਦਾ
ਸੱਭ ਸੰਸਾਰ
ਮਲੀਆਮੇਟ ਕਰ ਦਿੱਤਾ ਜਾਏ

ਸ਼ਹਿਨਸ਼ਾਹ ਦਾ ਫ਼ਰਮਾਨ ਹੈ:
"ਮੈਨੂੰ ਮਾਂ ਕਿਸੇ ਨਹੀਂ ਜੰਮਿਆ
ਉਤਰ ਕੇ ਦਰਗਾਹੋਂ ਆਇਆਂ
ਅੰਬਰ ਨੂੰ ਚੀਚੀ 'ਤੇ ਥੰਮਿਆ
ਵਿਧ-ਮਾਂ ਨੂੰ ਸਮਝਾ ਕੇ ਆਇਆਂ
ਕੁੱਲ ਵਰਦਾਨ
ਮੈਂ ਨਾਲ ਲਿਆਇਆਂ

ਮੇਰਾ ਹਰ ਦਾਅ ਪਿੜ ਮੱਲੇਗਾ
ਖੋਟਾ ਸਿੱਕਾ ਵੀ ਚੱਲੇਗਾ

ਛੱਲ-ਕਪਟ ਦੀ ਬੀਨ ਵਜਾਵਾਂ
ਪੌਣਾਂ ਦੇ ਵਿਚ ਜ਼ਹਿਰ ਖਿੰਡਾਵਾਂ
ਦੇਸ਼ ਦੀ ਇੰਝ ਤਕਦੀਰ ਬਣਾਵਾਂ" !


ਦਾਨਾ-ਬੀਨਾ, ਡਾਢਾ ਸ਼ਾਤਰ
ਵਾਂਙ 'ਸ਼ਕੁਨੀ' ਚਾਲ ਚਲਾਵੇ
ਰਾਜ-ਭਾਗ ਦੀ ਬਾਜ਼ੀ ਜਿੱਤੇ
ਹੱਕ-ਹਕੂਕ ਤੇ ਸਦਾਚਾਰ ਨੂੰ
ਖੂਹ ਵਿਚ ਪਾਵੇ
ਭਖੀ ਸਿਆਸਤ ਦੇ ਅੰਬਰ ਨੂੰ
ਜਾਤ-ਪਾਤ ਦੀ ਟਾਕੀ ਲਾਵੇ

ਸ਼ਹਿਨਸ਼ਾਹ ਨੇ ਹੁਣ
ਕੀਤਾ ਹੈ ਹੁਕਮ ਇਲਾਹੀ,
ਦੇਸ਼ ਨੂੰ ਮੁੜ ਕੇ
ਵੈਦਿਕ ਯੁੱਗ ਦੇ ਵਿਚ ਲੈ ਜਾਓ
ਅੱਜ ਦੇ ਯੁੱਗ ਦੇ
ਵਿਗਿਆਨ ਦੀ ਨਵੀਂ ਰੋਸ਼ਨੀ
ਹਿੰਦ ਮਹਾਂਸਾਗਰ ਦੀ
ਡੂੰਘੀ ਪਰਤ 'ਚ ਡੋਬੋ.
ਸਰਜਰੀ ਕਰਕੇ
ਮਨੁੱਖਾਂ ਦੇ ਜਿਸਮਾਂ 'ਤੇ
ਸਿਰ ਪਸ਼ੂਆਂ ਦੇ ਲਾਓ
ਸਮੇਂ ਦਾ ਪਹੀਆ ਪੁੱਠਾ ਮੋੜੋ
ਪੱਥਰ ਯੁੱਗ ਨੂੰ ਸੀਸ ਝੁਕਾਓ
ਪਰਜਾ ਦੇ ਚੁੱਲ੍ਹਿਆਂ ਦੇ ਉੱਤੇ
ਮਿੱਟੀ ਵਾਲੇ ਤਵੇ ਚੜ੍ਹਾਓ
ਦੁਰਯੋਧਨ ਦਾ ਤਾਜ ਸਜਾ ਕੇ
ਹਰਨਾਕਸ਼ ਦਾ ਰੂਪ ਵਟਾ ਕੇ
ਜਗਤ ਗੁਰੂ ਬਣ ਜਾਓ।

ਸ਼ਹਿਨਸ਼ਾਹ ਦਾ ਹੁਕਮ ਹੈ!

ਸ਼ਹਿਨਸ਼ਾਹ ਹੈ

## ਗ਼ਜ਼ਲਾਂ / ਕੇਸਰ ਕਰਮਜੀਤ



ਤੂੰ ਕਿਸ ਤਰ੍ਹਾਂ ਕਹੇਂ, ਉਹ ਯਕੀਨਨ ਚਲਾ ਗਿਆ।
ਅਪਣੀ ਜਗ੍ਹਾ ਰਿਹਾ ਖਲ਼ਾ ਬਰਤਨ ਚਲਾ ਗਿਆ।

ਕੀ ਸੋਚ ਕੇ ਨਾ ਜਾਣੇ ਮੈਂ ਚੰਦਨ ਉਗਾ ਲਿਆ
ਵਰਖਾ ਬਗੈਰ ਚੰਦਰਾ ਸਾਵਨ ਚਲਾ ਗਿਆ।

ਹੱਥਾਂ ’ਚੋਂ ਰੇਤ ਕਿਰ ਗਈ ਇਉਂ ਵਕਤ ਗੁਜ਼ਰਿਆ
ਗੁੱਡੀ ਪਟੋਲਿਆਂ ’ਚ ਇਹ ਜੋਬਨ ਚਲਾ ਗਿਆ।

ਹੁਣ ਨੂੰ ਕਦੋਂ ਦਾ ਖੋਅ ਲਿਆ ਕੱਲ ਨੂੰ ਉਡੀਕਦੇ,
ਕਿਸ ਜ਼ਿੰਦਗੀ ਨੂੰ ਲੋਚਦੇ ਜੀਵਨ ਚਲਾ ਗਿਆ।

ਹੈਰਾਨ ਹਾਂ ਮੈਂ  ਦੇਖ ਕੇ ਤਿਣਕੇ ਦਾ ਸਿਦਕ ਇਹ,
ਪੌਣਾਂ ਦੇ ਨਾਲ ਖਾਮਖਾਹ ਉਲਝਨ ਚਲਾ ਗਿਆ।

### ਗ਼ਜ਼ਲ

ਇਹ ਨਾ ਸੋਚ ਤੂੰ ਇਹ ਹਵਾ ਕੀ ਕਰੇਗੀ।
ਹੈ ਕਹਿਣਾ ਜੋ ਕਹਿ ਪੌਣ ਵਗਦੀ ਰਹੇਗੀ

ਮੁਕੰਮਲ ਮੁਕੰਮਲ ਨਾ ਮਿਲਦਾ ਕਿਸੇ ਨੂੰ,
ਕੋਈ ਥੋੜ ਸਭ ਨੂੰ ਖਟਕਦੀ ਰਹੇਗੀ।

ਮਿਹਰ ਓਸਦੀ ਹੈ ਕਿ ਉਹ ਦੂਰ ਜਾ ਕੇ,
ਰਿਹਾ ਕੋਲ ਮੇਰੇ ਕੀ ਦੂਰੀ ਕਰੇਗੀ।

ਨਾ ਕਿਸ਼ਤੀ ਨਾ ਪੱਤਵਾਰ, ਖੇਵਟ, ਕਿਨਾਰਾ,
ਨਾ ਘਬਰਾ ਭੰਵਰ ਤੋਂ ਨਦੀ ਕੁਝ ਕਰੇਗੀ।

ਚਿਰਾਂ ਤੋਂ ਪਿਆਸਾ ਇਹ ਦਰਿਆ ਰਿਹਾ ਹੈ,
ਇਹੀ ਤੇਹ ਸਮੁੰਦਰ ਸਮੁੰਦਰ ਕਹੇਗੀ।

ਹਨੇਰਾ ਘਨੇਰਾ ਅਜੇ ਭਾਵੇਂ ‘ਕੇਸਰ’ ,
ਕਦੇ ਦਿਨ ਚੜ੍ਹੇਗਾ, ਕਦੇ ਪਹੁ ਫੁਟੇਗੀ।

### ਗ਼ਜ਼ਲ

ਖਮੋਸ਼ੀ ਆਉਣ ਤੋਂ ਪਹਿਲਾਂ ਉਹ ਅੱਥਰਾ ਤਮ ਗਿਆ ਹੋਣੈ।
ਉਹ ਅਪਣੇ ਆਪ ਵਿੱਚ ਆਖ਼ਰ ਕਦੇ ਤਾਂ ਰਮ ਗਿਆ ਹੋਣੈ।

ਅਗਨ ਫਿਰਦੌਸ ਦੇ ਜੰਗਲ ਅਚਾਨਕ ਫੜ ਲਈ ਹੋਣੀ,
ਅਚੰਭਿਤ ਹੋ ਕੇ ਹੱਵਾ ਕੋਲ ਜਦ ਆਦਮ ਗਿਆ ਹੋਣੈ।

ਇਹ ਨਾ ਚਾਹੇਂ ਸਮਝਣੀ ਜੇ ਹਕੀਕਤ ਉਹ ਤੇਰੀ ਮਰਜ਼ੀ,
ਕਿਸੇ ਗੁੱਸੇ ’ਚ ਖ਼ਲਕਤ ਦੇ ਤੇਰਾ ਪਰਚਮ ਗਿਆ ਹੋਣੈ।

ਫਿਜ਼ਾ ਮਹਿਕੀ ਅਤੇ ਇਹ ਬੰਸਰੀ ਦੀ ਧੁਨ ਗਵਾਹੀ ਹੈ,
ਗਲੀ ਮਹਿਬੂਬ ਦੀ ਕਰਦਾ ਕੋਈ ਛਮ ਛਮ ਗਿਆ ਹੋਣੈ।

ਉਹੀ ਹੈ ਮੰਜ਼ਿਲੇ ਮਕਸੂਦ ਹੋਵੇ ਕੋਈ ਵੀ ਰਸਤਾ,
ਕੋਈ ਉਦਗਮ ਗਿਆ ਹੋਣੈ ਕੋਈ ਜ਼ਮਜ਼ਮ ਗਿਆ ਹੋਣੈ।

### ਗ਼ਜ਼ਲ

ਜਿਉਂ ਤਸੱਵਰ ਓਸਦਾ ਮਨ ਛਾ ਗਿਆ।
ਬਿਰਹੜਾ  ਪਾ  ਕੇ  ਬਸੰਤੀ ਆ ਗਿਆ।

ਮਾਣਮੱਤੀ, ਰੋ ਕੇ ਨੱਚੇ ਰਾਧਕਾ,
ਰੋਗ ਕੀ ਮੋਹਨ ਅਵੱਲਾ ਲਾ ਗਿਆ।

ਨਾ ਝਟਕ ਨਾ ਕੇਸ  ਸੁਹਣੇ ਇਸ ਤਰ੍ਹਾਂ,
ਆਰਸੀ ਵੀ ਵੇਖ ਲੈ ਲਰਜ਼ਾ ਗਿਆ।

ਭੌਰ ਨੇ ਕੰਨੀ ਨਾ ਜਾਣੇ ਕੀ ਕਿਹਾ,
ਡਾਲ਼ ਖਿੜਿਆ ਫੁੱਲ ਵੀ ਸ਼ਰਮਾ ਗਿਆ।

ਕਿਉਂ ਵਿਚਾਰਾ ਚੰਨ, ਅੱਧਾ ਰਹਿ ਗਿਆ,
ਤਾਰਿਆਂ ਦੀ ਰਾਤ ਨੂੰ, ਬਿਸਮਾ ਗਿਆ।

## ਕਹਾਣੀ / ਪੰਚਾਲੀ / ਜਗਜੀਤ ਸਿੰਘ ਲੋਹਟਬੱਧੀ



"ਚੰਨ...ਵੇ ਚੰਨ... ਪੁੱਤ, ਉੱਠ ਦੇਖ...ਸਰਘੀ ਵੇਲਾ ਹੋ ਗਿਐ। ਅੱਜ ਕੁੜੀ ਵਾਲਿਆਂ ਨੇ ਆਉਣੈ...ਸਵਖਤੇ ਸ਼ਹਿਰੋਂ ਜਾ ਕੇ ਨਿੱਕ-ਸੁੱਕ ਲੈ ਆਇਓ...ਤੇਰਾ ਬੇਲੀ 'ਮਾਸਟਰ' ਵੀ ਸਾਝਰੇ ਜਾਣ ਨੂੰ ਆਂਹਦਾ ਸੀ..." ਬੇਬੇ ਮਹਿੰਦਰ ਕੌਰ ਇੱਕੋ ਸਾਹੇ ਕਈ ਕੁੱਝ ਕਹਿ ਗਈ। ਉਹਨੇ ਚੁੱਲ੍ਹੇ ਵਿੱਚ ਛਿਟੀਆਂ ਦੀ ਅੱਗ ਬਾਲ ਕੇ ਚਾਹ ਦੀ ਪਤੀਲੀ ਧਰ ਦਿੱਤੀ ਸੀ। ਅੱਧਾ ਕੁ ਟੱਬਰ ਜਾਗ ਚੁੱਕਿਆ ਸੀ। ਫੱਗਣ ਚੇਤ ਦੇ ਮਿੱਠੀ ਮਿੱਠੀ ਠੰਢ ਦੇ ਦਿਨ ਥੋੜ੍ਹੇ ਖੁੱਲ੍ਹਣ ਲੱਗੇ ਸਨ। ਕਣਕਾਂ ਹਰੀਆਂ ਕਚੂਰ ਖੜ੍ਹੀਆਂ ਸਨ ਤੇ ਕੁੱਝ ਕੁ ਦਿਨਾਂ ਤੱਕ ਸੋਨੇ ਰੰਗੀ ਭਾਹ ਮਾਰਨ ਲੱਗ ਜਾਣਗੀਆਂ।

"ਹੁਣੇ ਉੱਠਦਾਂ..." ਕਹਿ ਚੰਨੇ ਨੇ ਪਾਸਾ ਲਿਆ, ਖੇਸ ਨੂੰ ਉੱਪਰ ਤੱਕ ਖਿੱਚਿਆ ਤੇ ਫਿਰ ਕਿਸੇ ਸੁਪਨਮਈ ਦੁਨੀਆਂ ਵਿੱਚ ਜਾ ਪਹੁੰਚਿਆ...।

"...ਤੇ ਫੇਰ ਪਾਂਡੂਆਂ ਤੇ ਕੌਰੂਆਂ ਦਾ ਕੁਰਛੇਤਰ ਦੀ ਧਰਤੀ ਤੇ ਮਹਾਂਭਾਰਤ ਦਾ ਯੁੱਧ ਹੋਇਆ, ਹਸਤਨਾਪੁਰ ਦੀ ਰਾਜਗੱਦੀ ਕਰ ਕੇ। ਇਹ ਧਰਮ ਅਤੇ ਅਧਰਮ ਦੀ ਲੜਾਈ ਸੀ। ਪਾਂਡੂਆਂ ਦਾ ਸਾਥ ਭਗਵਾਨ ਕ੍ਰਿਸ਼ਨ ਨੇ ਦਿੱਤਾ ਤੇ ਉਨ੍ਹਾਂ ਦੀ ਜਿੱਤ ਹੋਈ...ਦ੍ਰੋਪਦੀ ਪੰਚਾਲ ਦੇ ਰਾਜਾ ਦਰੁਪਦ ਦੀ ਧੀ ਸੀ...ਬਹੁਤ ਸੋਹਣੀ ਸੁਨੱਖੀ। ਜਵਾਨ ਹੋਈ ਤਾਂ ਰਾਜੇ ਨੇ ਉਸਦਾ ਸਵੰਬਰ ਰਚਾਇਆ...ਸ਼ਰਤ ਰੱਖੀ...ਬੜੇ ਬੜੇ ਯੋਧੇ ਚੱਲ ਕੇ ਆਏ, ਪਰ ਕਿਸੇ ਤੋਂ ਵੀ ਸ਼ਰਤ ਮੁਜਬ ਤੇਲ ਦੇ ਕੜਾਹੇ ਵਿੱਚੀਂ ਦੇਖ ਕੇ ਮੱਛੀ ਦੀ ਅੱਖ ਵਿੱਚ ਤੀਰ ਨਾ ਵੱਜਿਆ। ਅਖੀਰ ਅਰਜਨ ਨੇ ਆਪਣਾ ਇਸ਼ਟ ਧਿਆਇਆ ਤੇ ਇੱਕ-ਚਿੱਤ ਹੋ ਕੇ ਮੱਛੀ ਦੀ ਅੱਖ ਵਿੱਚ ਤੀਰ ਮਾਰ ਕੇ ਰਾਜਕੁਮਾਰੀ ਨੂੰ ਜਿੱਤ ਲਿਆ...ਤੇ ਦ੍ਰੋਪਦੀ ਨੇ ਉਸਦੇ ਗਲ ਵਰਮਾਲਾ ਪਾ ਦਿੱਤੀ...।" ਮਾਤਾ ਅਕਸਰ ਹੀ ਚੰਨੇ ਨੂੰ ਕਹਾਣੀ ਸੁਣਾਉਂਦੀ।

ਮੱਘਰ ਸਿਹੁੰ ਦਾ ਰਿਸ਼ਤਾ ਥੋੜ੍ਹਾ ਪਛੜ ਕੇ ਹੋਇਆ ਸੀ। ਗਿਣੇ ਚੁਣੇ ਸਿਆੜਾਂ ਕਰ ਕੇ ਕੁੜੀ ਵਾਲੇ ਦੇਖ ਕੇ ਮੁੜ ਜਾਂਦੇ, ਅਗਲੀ ਵਾਰ ਮਾਮੇ ਨੂੰ ਨਾਲ ਲਿਆਉਣ ਦਾ ਕਹਿ ਕੇ। ਪਰ ਮਾਮਾ ਕਦੇ ਨਾ ਆਇਆ। ਆਖਰ ਨੂੰ ਭਾਨੇ ਕੌਤਕੀ ਨੇ ਪਤਾ ਨੀ ਕਿਵੇਂ ਟਿੱਬਿਆਂ ਤੇ ਪਾਣੀ ਚਾੜ੍ਹਤਾ। ਰਿਸ਼ਤਾ ਪੱਕਾ ਹੋ ਗਿਆ। ਘਰ ਤੀਆਂ ਵਰਗਾ ਮਾਹੌਲ ਬਣ ਗਿਆ। ਬਰਾਤ ਤਿੰਨ ਦਿਨ ਪਿੰਡ ਰਾਜਗੜ੍ਹ ਢੁਕੀ ਸੀ ਤੇ ਸੇਵਾ ਵੀ ਪੂਰੀ ਕੀਤੀ ਸੀ ਅਗਲਿਆਂ ਨੇ। ਮੱਘਰ ਤੋਂ ਛੋਟੇ ਦਿਆਲੇ ਨੇ 'ਓਹ ਜਾਣੇ' ਕਹਿ ਕੇ ਸਬਰ ਕਰ ਲਿਆ ਸੀ ਕਿ ਚਲੋ ਭਰਾ ਦਾ ਹੀ ਸਹੀ, ਰੋਟੀ ਪੱਕਦੀ ਤਾਂ ਹੋਈ। ਨਿਗਾ ਖੁਣੋਂ ਥੁੜੀ ਬੇਬੇ ਨੂੰ ਤਾਂ ਹੁਣ ਚੁੱਲ੍ਹਾ- ਚੌਕਾ ਸੰਭਾਲਣਾ ਵੀ ਮੁਸ਼ਕਲ ਹੋ ਗਿਆ ਸੀ। ਦੋਹਾਂ ਭਾਈਆਂ ਦਾ ਸਨੇਹ ਵੀ ਨਿੱਘਾ ਸੀ ਤੇ ਕਦੇ ਇੱਕ ਨੇ ਦੂਜੇ ਦੀ ਗੱਲ ਨੀ ਸੀ ਮੋੜੀ। ਰੜਿਆਂ ਵਾਲੀ ਦੋ ਕਿੱਲੇ ਜ਼ਮੀਨ ਭਾਵੇਂ ਵੀਰਾਨੀ ਸੀ ਪਰ ਨਿਆਈਂ ਵਾਲੇ ਢਾਈ ਕਿੱਲੇ ਝੋਟੇ ਦੇ ਸਿਰ ਵਰਗੇ ਸਨ-ਸੋਨਾ ਉੱਗਦਾ ਸੀ ਸੋਨਾ! ਤਿੰਨ ਚਾਰ ਲਵੇਰੀਆਂ ਨਾਲ ਦੁੱਧ-ਬਾਧ ਦੀ ਕਮੀ ਨਹੀਂ ਸੀ ਰਹਿੰਦੀ। ਨਿਭਾਅ ਸੁਹਣਾ ਚੱਲੀ ਜਾਂਦਾ ਸੀ।

ਅਗਲੇ ਸਾਲ ਘਰ ਵਿੱਚ ਕਿਲਕਾਰੀ ਵੱਜੀ। ਜੱਗ ਵਿੱਚ ਸੀਰ ਪੈ ਗਿਆ। ਭਾਈ ਜੀ ਨੇ ਵਾਕ ਲੈ ਕੇ ਨਾਂ ਗੁਰਚਰਨ ਸਿੰਘ ਰੱਖਣ ਦੀ ਤਾਕੀਦ ਕੀਤੀ। ਮਹਿੰਦਰ ਕੁਰ ਦੇ ਪੈਰ ਧਰਤੀ ਤੇ ਨਹੀਂ ਸੀ ਲੱਗ ਰਹੇ," ਇਹ ਤਾਂ ਮੇਰਾ ਚੰਨ ਆ...ਚੰਨ।" ਘਰ ਵਿੱਚ ਦੁੱਧ ਘਿਉ ਖੁੱਲ੍ਹਾ ਹੋਣ ਕਰ ਕੇ ਚੰਨਾਂ ਹੱਡਾਂ ਪੈਰਾਂ ਦਾ ਮੋਕਲਾ ਨਿੱਕਲਿਆ। ਤਕੜੇ ਜੁੱਸੇ ਵਾਲਾ। ਰੰਗ ਭਾਵੇਂ ਪੱਕਾ ਸੀ, ਪਰ ਮਾਵੇ ਲੱਗੀ ਪੱਗ ਤੇ ਕੁੜਤਾ ਚਾਦਰਾ ਬੜਾ ਫੱਬਦਾ ਸੀ। ਪਿੰਡੋਂ ਹੀ 'ਮਾਸਟਰ' ਮੱਖਣ, ਚੰਨੇ ਦਾ ਪੱਗ-ਵੱਟ ਭਰਾ ਵੀ ਸੀ, ਸਲਾਹਕਾਰ ਵੀ ਤੇ ਰਾਜ਼ਦਾਰ ਵੀ। ਆਪ ਕਹਿਰੀ ਹੱਡੀ ਦਾ ਹੋਣ ਕਰ ਕੇ ਕਈ ਵਾਰ ਚੰਨੇ ਤੇ ਰਸ਼ਕ ਕਰਦਾ, "ਦੇਖੀਂ ਚੋਬਰਾ, ਨਜ਼ਰਾਂ ਤੋਂ ਬਚ ਕੇ !" ਚੰਨਾ ਹੱਸ ਕੇ ਸਾਰ ਦਿੰਦਾ। ਦੋਹਾਂ ਦੀ ਯਾਰੀ ਦਾ ਪਿੰਡ ਦੀ ਸੱਥ ਵਿੱਚ ਅਕਸਰ ਜ਼ਿਕਰ ਚੱਲਦਾ। ਸਾਂਝੇ ਹਲ ਜੋੜਦੇ ਤਾਂ ਕੰਮ ਮਿੰਟੋ-ਮਿੰਟੀ ਕਿਉਂਟਿਆ ਜਾਂਦਾ।

ਉੱਧਰ ਮੱਘਰ ਸਿਹੁੰ ਨੂੰ ਨਾਲ ਦੇ ਟਕੋਰਾਂ ਕਰਦੇ 'ਕੱਲੀ ਹੋਵੇ ਨਾ ਵਣਾਂ ਵਿੱਚ ਲੱਕੜੀ, ਕੱਲਾ ਨਾ ਹੋਵੇ ਪੁੱਤ ਜੱਟ ਦਾ।' ਉਹ ਅਣਸੁਣਿਆ ਕਰ ਛੱਡਦਾ। ਇੱਕ ਦਿਨ ਮਹਿੰਦਰ ਕੌਰ ਨੇ ਵੀ ਖੂਹ ਤੋਂ ਪਾਣੀ ਭਰਨ ਵੇਲੇ ਸਾਥਣਾਂ ਦੀ ਕਹੀ ਗੱਲ ਤੋਂ ਪਰਦਾ ਚੁੱਕ ਦਿੱਤਾ, "ਮਖਾਂ ਜੀ, ਆਂਢਣਾਂ ਗੁਆਂਢਣਾਂ ਰੋਜ਼ ਪੁੱਤਾਂ ਦੀ ਜੋੜੀ ਹੋਣ ਦੀ ਗੱਲ ਕਰਦੀਆਂ ਨੇ ਤੇ ਵੱਡੀ ਬੇਬੇ ਵੀ ਏਹੀ ਆਸ ਲਾਈ ਬੈਠੀ ਆ।" ਦੋਹਾਂ ਤੋਂ ਘਰ ਦੀ ਹਾਲਤ ਲੁਕੀ ਥੋੜ੍ਹਾ ਸੀ। ਫਿਰ ਵੀ ਸਿਆਣਪ ਨਾਲ, ਪੈਲੀ ਵੱਲੋਂ ਥੁੜੇ ਹੋਣ ਦੇ ਬਾਵਜੂਦ ਵੀ ਆਪਣੀ ਅਤੇ ਚਕੋਤੇ ਤੇ ਲੈ ਕੇ ਕੀਤੀ ਵਹਾਈ ਨਾਲ ਤੋਰਾ ਤੁਰਿਆ ਜਾਂਦਾ ਸੀ। ਕਹਿੰਦੇ ਨੇ, ਰੱਬ ਜਦੋਂ ਦਿੰਦੈ, ਛੱਪਰ ਪਾੜ ਕੇ ਦਿੰਦਾ। ਚੰਨੇ ਤੋਂ ਬਾਅਦ ਘਰ ਵਿੱਚ ਪੁੱਤਾਂ ਦੀਆਂ ਲਹਿਰਾਂ ਬਹਿਰਾਂ ਹੋ ਗਈਆਂ। ਕਾਂਤਾ, ਤੇਜੀ, ਜੀਤਾ ਤੇ ਇੰਦਰ ਇੱਕ ਦੂਜੇ ਦੀ ਬਾਂਹ ਫੜ ਕੇ ਜੱਗ ਵਿੱਚ ਦਸਤਕ ਦਿੰਦੇ ਰਹੇ ਤੇ ਮਹਿੰਦਰ ਕੁਰ ਪਿੰਡ ਵਿੱਚ 'ਪੰਜ ਪੁੱਤੀ' ਮਾਂ ਦੇ ਨਾਂ ਨਾਲ ਮਸ਼ਹੂਰ ਹੋ ਗਈ।

ਪੰਜੇ ਭਰਾ ਉਪਰੋਥਲੀ ਦੇ ਹੋਣ ਕਰ ਕੇ ਇੱਕ ਦੂਜੇ ਦੇ ਬਰਾਬਰ ਲੱਗਦੇ। ਮੱਘਰ ਸਿਹੁੰ ਬੜੇ ਮਾਣ ਨਾਲ ਉਨ੍ਹਾਂ ਨੂੰ ਜਵਾਨ ਹੁੰਦੇ ਦੇਖਦਾ ਪਰ ਮਨ ਦੇ ਕਿਸੇ ਖੂੰਜੇ ਭਵਿੱਖ ਦੀ ਚਿੰਤਾ

ਸਤਾਉਣ ਲੱਗਦੀ। ਸਾਰੇ ਟੱਬਰ ਦਾ ਗੁਜ਼ਾਰਾ ਤਾਂ ਕੱਲੀ ਖੇਤੀ ਤੋਂ ਔਖਾ ਸੀ। ਭਾਵੇਂ ਚੰਨੇ ਨੇ ਘਰ ਦੀ ਲੰਬੜਦਾਰੀ ਸੰਭਾਲ ਕੇ ਬਾਪੂ ਅਤੇ ਛੜੇ ਚਾਚੇ ਨੂੰ ਕਾਫੀ ਹੱਦ ਤੱਕ ਨਿਸਚਿੰਤ ਕਰ ਦਿੱਤਾ ਸੀ ਪਰ ਫਿਰ ਵੀ ਮਨ ਵਿੱਚ ਇੱਕ ਕਸਕ ਜਿਹੀ ਰਹਿੰਦੀ, 'ਪਰਿਵਾਰ ਦੀ ਵੇਲ ਕਿਵੇਂ ਵਧੂਗੀ?' ਮਾਸਟਰ ਨਾਲ ਦਿਲ ਸਾਂਝਾ ਕੀਤਾ ਤਾਂ ਉਹਨੇ ਸਚਾਈ ਦੇ ਸਾਹਮਣੇ ਲਿਆ ਖੜ੍ਹਾ ਕੀਤਾ, " ਦੇਖ ਚੰਨਿਆ, ਜ਼ਮੀਨ ਤਾਂ ਜੱਟ ਦੀ ਮਾਂ ਹੁੰਦੀ ਆ। ਬਾਣੀਆਂ ਦੇ ਘਰ ਜੁਆਕ ਜੰਮਦੈ, ਤਾਂ ਇੱਕ ਨਵੀਂ ਹੱਟੀ ਬਣ ਜਾਂਦੀ ਆ, ਪਰ ਆਪਾਂ ਤਾਂ ਟੋਟਿਆਂ ਵਿੱਚ ਵੰਡੇ ਜਾਨੇ ਆਂ...ਗੁਜ਼ਾਰਾ ਔਖਾ ਹੋਇਆ ਪਿਆ। ਕੋਸ਼ਿਸ਼ ਕਰ ਕਿ ਛੋਟੇ ਭਰਾਵਾਂ ਨੂੰ ਨਾਲ ਹੋਰ ਕੰਮਾਂ ਧੰਦਿਆਂ ਚ ਵਾੜ ਦੇ।"

"ਡੁੱਬੀ ਤਾਂ ਜੇ ਸਾਹ ਨਾ ਆਇਆ...ਤੈਥੋਂ ਸਾਡੇ ਘਰ ਦੀ ਹਾਲਤ ਭੁੱਲੀ ਆ, ਮਾਸਟਰਾ? ਹੱਥ ਘੁੱਟ ਕੇ ਬਸਰ ਚੱਲੀ ਜਾਂਦਾ। ਕੰਮਾਂ ਕਾਰਾਂ ਵਾਸਤੇ ਨੋਟ ਵੀ ਤਾਂ ਚੋਖੇ ਚਾਹੀਦੇ ਨੇ...ਤੂੰ ਹੀ ਕੋਈ ਹੱਲ ਦੱਸ" ਚੰਨੇ ਦੇ ਬੋਲ ਕੰਬਣ ਲੱਗੇ ਸਨ।

"ਮੈਂ ਕਰਦਾਂ ਪਤਾ ਸੂਬੇਦਾਰ ਤੋਂ...ਜੇ ਉਹ ਕੋਈ ਜੈੱਕ ਲਾ ਦੇਵੇ ਤਾਂ ਕਾਂਤੇ ਨੂੰ ਫੌਜ 'ਚ ਭਰਤੀ ਕਰਾਉਣ ਦਾ ਜੁਗਾੜ ਲੱਗ ਸਕਦੈ" ਮਾਸਟਰ ਦੇ ਬੋਲਾਂ ਨੇ ਠੁੰਮ੍ਹਣਾ ਦਿੱਤਾ ਸੀ। ਪੰਦਰਾਂ ਕੁ ਦਿਨਾਂ ਬਾਅਦ ਭਰਤੀ ਦਾ ਇਸ਼ਤਿਹਾਰ ਨਿੱਕਲਿਆ ਤਾਂ ਰਿਟਾਇਰਡ ਸੂਬੇਦਾਰ ਸੁਰਜੀਤ ਸਿੰਘ ਦੀ ਭੱਜ ਦੌੜ ਨਾਲ ਕਾਂਤਾ ਨੌਕਰ ਭਰਤੀ ਹੋ ਗਿਆ ਤੇ ਟ੍ਰੇਨਿੰਗ ਤੇ ਚਲਾ ਗਿਆ। ਆਸ ਦੀ ਕਿਰਨ ਬੱਝੀ :'ਘਰ ਦੇ ਹਾਲਾਤ ਥੋੜ੍ਹੇ ਸੁਧਰ ਜਾਣਗੇ।'

ਛੋਟੇ ਭਰਾਵਾਂ ਦਾ ਵੀ ਵਾਹੀ ਤੋਂ ਬਿਨਾਂ ਕੋਈ ਆਹਰ ਨਹੀਂ ਸੀ। ਮਹਿੰਦਰ ਕੁਰ ਨੂੰ ਚੰਨੇ ਦੇ ਰਿਸ਼ਤੇ ਦੀ ਤਾਂਘ ਰਹਿੰਦੀ ਪਰ ਜ਼ਮੀਨ ਤਾਂ ਕਿੱਲਿਆਂ ਤੋਂ ਘਟਦੀ ਕਨਾਲ਼ਾਂ ਤੇ ਆ ਚੁੱਕੀ ਸੀ। ਜਦ ਵੀ ਕੋਈ ਗੱਲ ਚੱਲਦੀ ਤਾਂ ਦਿਆਲਾ ਆਪਣੇ ਹਿੱਸੇ ਦੀ ਜ਼ਮੀਨ ਭਤੀਜਿਆਂ ਦੇ ਨਾਂ ਕਰਾਉਣ ਦੀ ਹਾਮੀ ਭਰਦਾ। ਕਈ ਥਾਂ ਗੱਲ ਚੱਲੀ ਪਰ ਨਾਂਹ ਨੁੱਕਰ ਹੁੰਦੀ ਰਹੀ-ਕਦੇ ਘੱਟ ਸਿਆੜਾਂ ਕਰ ਕੇ, ਕਦੇ ਚੰਨੇ ਦਾ ਰੰਗ ਪੱਕਾ ਹੋਣ ਕਰ ਕੇ। ਅੱਕ ਕੇ, ਇੱਕ ਦਿਨ ਮਹਿੰਦਰ ਕੌਰ ਦੇ ਜਿੱਦ ਕਰਨ ਤੇ ਮੱਘਰ ਨੇ ਨਛੱਤਰ ਕੌਰ ਦਾ ਜਾ ਕੁੰਡਾ ਖੜਕਾਇਆ, ਜੀਹਨੇ ਪਿੰਡ ਵਿੱਚ ਕਈ ਰਿਸ਼ਤੇ ਸਿਰੇ ਚੜ੍ਹਾਏ ਸਨ:

"ਤੂੰ ਤਾਂ ਜਾਣਦੀ ਈ ਐਂ, ਨਛੱਤਰ ਕੁਰੇ! ਮੁੰਡੇ ਨੂੰ ਕੋਈ ਵੈਲ ਨੀ। ਘਰੋਂ ਖੇਤ ਤੇ ਖੇਤੋਂ ਘਰ ਹੁੰਦੈ। ਮਿਹਨਤੀ ਆ...ਖਾਣ ਜੋਗੇ ਦਾਣੇ ਵੀ ਆ ਜਾਂਦੇ ਆ। ਭਾਮੇਂ ਕੋਈ ਲਿੱਸਾ ਘਰ ਈ ਦੇਖ ਲਾ। ਆਪਣੀ ਕੋਈ ਮੰਗ ਨੀ...ਤਿੰਨੀ ਕੱਪੜੀਂ ਵਿਆਹ ਲਿਆਵਾਂਗੇ। ਕਿਮੇਂ ਨਾ ਕਿਮੇਂ ਮਾਰ ਕੋਈ ਰੇਖ 'ਚ ਮੇਖ...ਕੁੜੀ ਰਾਜ ਕਰੂਗੀ" ਬੋਲਾਂ ਵਿੱਚ ਤਰਲਾ ਸੀ।

"ਮੈਂ ਕਰਦੀ ਆਂ ਕੋਸ਼ਟ ਭਾਈ ਜੀ...ਕੋਈ ਗਰੀਬ ਘਰ ਦੀ ਹੋਵੇ ਤਾਂ ਸੌਖੇ ਮੰਨ ਜਾਣਗੇ। ਨਹੀਂ ਤਾਂ ਹਰੇਕ ਜ਼ਮੀਨ ਵੱਲੀਂ ਦੇਖ ਕੇ ਨੱਕ ਬੁੱਲ੍ਹ ਮਾਰਦੈ"। ਚਲੋ ਕੋਈ ਆਸ ਤਾਂ ਬੱਝੀ।

ਚੰਨੇ ਦੇ ਮਨ ਵਿੱਚ ਚੱਤੋ ਪਹਿਰ ਇਹ ਖੁੜਕਦੀ ਰਹਿੰਦੀ ਕਿ ਇੰਨੀ ਮਿਹਨਤ ਕਰਨ ਦੇ ਬਾਵਜੂਦ ਵੀ ਲੋਕਾਂ ਦੀ ਸੋਚ ਜੱਟ ਦੀ ਜ਼ਮੀਨ ਦੀ ਢੇਰੀ ਤੇ ਆ ਕੇ ਕਿਉਂ ਰੁਕ ਜਾਂਦੀ ਐ? ਕੰਮੀਆਂ ਕੋਲ ਜ਼ਮੀਨ ਨਾ ਹੋਣ ਤੇ ਵੀ ਕੋਈ ਰਿਸ਼ਤੇ ਖੁਣੋਂ ਕਿਉਂ ਨਹੀਂ ਰਹਿੰਦਾ? ਸਾਰੇ ਭਰਾ ਕੁਆਰੇ ਹੋਣ ਤਾਂ ਸਮਾਜ ਵੀ ਟੇਢੀ ਨਜ਼ਰ ਨਾਲ ਦੇਖਦਾ ਕਿ ਪਤਾ ਨੀ ਕਿਹੜਾ ਕਜ ਐ ਮੁੰਡਿਆਂ ਵਿੱਚ? ਸੋਚਾਂ ਦੀ ਘੁੰਮਣਘੇਰੀ ਪਈ ਰਹਿੰਦੀ, ਪਰ ਆਪਣੇ ਹੱਥ ਤਾਂ ਕੁੱਝ ਹੈ ਹੀ ਨਹੀਂ। ਮਾਸਟਰ ਸਮਝਾਉਂਦਾ , "ਬਾਈ, ਇਹ ਸਭ ਕਿਸਮਤਾਂ ਦੇ ਸੌਦੇ ਆ। ਜਦੋਂ ਕਿਸੇ ਕਰਮਾਂ ਵਾਲੀ ਨੇ ਆਉਣੈ ਤਾਂ ਅੱਖ ਦੇ ਫੋਰ ਵਿੱਚ ਹੀ ਡੋਲਾ ਆ ਜਾਣੈ। ਘਬਰਾ ਨਾ...ਹੁਣ ਵੀ ਕਿਤੇ ਤਾਂ ਬੈਠੀ ਮਲਾਈਆਂ ਖਾਂਦੀ ਹੋਊ।" ਚੰਨੇ ਦਾ ਦਿਲ ਧਰਾਉਣ ਦੀ ਕਰਦਾ।

ਕਾਂਤੇ ਫ਼ੌਜੀ ਦਾ ਚਿੱਠੀ-ਚੀਰਾ ਆਉਂਦਾ ਤਾਂ ਨੇਫ਼ਾ ਬਾਡਰ ਦੇ ਹਾਲਾਤ ਬਿਆਨੇ ਹੁੰਦੇ। ਅਗਲੀਆਂ ਚੌਂਕੀਆਂ ਤੱਕ ਘੋੜਿਆਂ ਤੇ ਰਾਸ਼ਨ ਲਿਜਾਣ ਦੀਆਂ ਕਹਾਣੀਆਂ ਹੁੰਦੀਆਂ। ਚੱਲਦੀਆਂ ਗੋਲੀਆਂ ਦੀ ਵਿੱਥਿਆ ਹੁੰਦੀ। ਟੱਬਰ ਨੂੰ ਉਹਦੇ ਦੋ ਮਹੀਨਿਆਂ ਦੀ ਛੁੱਟੀ ਆਉਣ ਦੀ ਡੂੰਘੀ ਤਾਂਘ ਰਹਿੰਦੀ। ਮੱਘਰ ਤੇ ਦਿਆਲੇ ਨੂੰ 'ਫੌਜੀਆ ਰੰਬ' ਦੀਆਂ ਘੁੱਟਾਂ ਦਾ ਸਰੂਰ ਜਿਹਾ ਚੜ੍ਹਨ ਲੱਗਦਾ। ਮੋੜਵੀਂ ਚਿੱਠੀ ਉੱਚੇ ਬਾਰ ਵਾਲਿਆਂ ਦੇ ਜੋਧੇ ਤੋਂ ਲਿਖਾਉਣੀ ਤੇ ਤਾਕੀਦ ਕਰਨੀ ਕਿ ਜੋਰ ਲਾ ਕੇ ਇੱਕ ਹੋਰ ਭਰਾ ਨੂੰ ਭਰਤੀ ਕਰਾਉਣ ਦਾ ਹੀਲਾ ਕਰ। ਗੰਢੂਆਂ ਨਾਲ ਵੱਟ ਦੀ ਲੜਾਈ ਹੋਈ ਤਾਂ ਵੀ ਤਰਲਾ ਪਾਇਆ ਕਿ ਇੱਥੇ ਤਾਂ ਤਕੜੇ ਦਾ ਸੱਤੀਂ ਵੀਹੀਂ ਸੌ ਐ...ਉਨ੍ਹਾਂ ਦੀ ਲੀਡਰਾਂ ਨਾਲ ਬਹਿਣੀ ਉੱਠਣੀ ਆ...ਤੂੰ ਆਪਣੇ ਪਲਾਟੂਨ ਕਮਾਂਡਰ ਤੋਂ ਪੁਲਸ ਮਹਿਕਮੇ ਨੂੰ ਚਿੱਠੀ ਲਿਖਾ ਕਿ ਜੇ ਅਸੀਂ ਬਾਡਰਾਂ ਦੀ ਰਾਖੀ ਕਰਦੇ ਹਾਂ ਤਾਂ ਪਿੱਛੇ ਸਾਡਾ ਟੱਬਰ ਤਾਂ ਚੈਨ ਨਾਲ ਰਹਿ ਸਕੇ।

ਨਛੱਤਰ ਕੁਰ ਦੀ ਮਿਹਨਤ ਰੰਗ ਲਿਆਈ। ਆਪਦੇ ਪੇਕਿਉਂ ਨਵੇਂ ਪਿੰਡ ਤੋਂ ਸ਼ਰੀਕੇ ਚੋਂ ਭਰਾ ਲੱਗਦੇ ਗੁਰਾ ਸਿਹੁੰ ਨੂੰ ਮਨਾ ਲਿਆ ਕਿ ਆ ਕੇ ਘਰ ਬਾਰ ਦੇਖ ਲਓ। ਮਿਹਨਤੀ ਟੱਬਰ ਆ...ਮੁੰਡਾ ਸਾਊ ਆ...ਕੁੜੀ ਸੌਖੀ ਰਹੂਗੀ। ਮਹਿੰਦਰ ਕੁਰ ਖੁਸ਼ੀ ਨਾਲ ਭੱਜੀ ਫਿਰਦੀ ਸੀ। ਗੁਆਂਢਣ ਭਾਗਵੰਤੀ ਦੀ ਮੱਦਦ ਨਾਲ ਕੰਧਾਂ ਕੌਲੇ ਲਿੱਪ, ਪਰੋਲਾ ਫੇਰ ਘਰ ਦੀ ਦਿੱਖ ਹੀ ਬਦਲ ਦਿੱਤੀ। ਟੱਬਰ ਤੋਂ ਚਾਅ ਨੀ ਸੀ ਚੁੱਕਿਆ ਜਾਂਦਾ। ਗੁਰਾ ਸਿਹੁੰ ਆਪਣੇ ਸਾਲੇ ਤੇ ਨਛੱਤਰ ਕੌਰ ਨੂੰ ਨਾਲ ਲੈ ਕੇ ਮੱਘਰ ਸਿੰਘ ਦੇ ਘਰ ਪਹੁੰਚ ਗਿਆ। ਚੰਨਾ ਚਾਹ ਪਾਣੀ ਫੜਾਉਂਦਾ ਉੱਡਿਆ ਫਿਰਦਾ ਸੀ। ਕੁੜੀ ਵਾਲਿਆਂ ਨੇ ਪਰਿਵਾਰ, ਖ਼ਾਨਦਾਨ ਬਾਰੇ ਜਾਣਕਾਰੀ ਲਈ। ਜ਼ਮੀਨ ਜਾਇਦਾਦ ਤੇ ਡੰਗਰ ਪਸ਼ੂਆਂ ਤੋਂ ਆਮਦਨ

## ਗ਼ਜ਼ਲਾਂ / ਅਵਤਾਰ ਮਾਨ



ਜੇ ਉਲਝਣ ਵਿਚ ਪਿਆ ਹੈ ਤਾਂ ਸਮੇਂ 'ਤੇ ਫੈਸਲਾ ਛੱਡ ਦੇ।
ਕਿਵੇਂ ਕਿਉਂ ਕਿਸ ਤਰ੍ਹਾਂ ਕਿੱਥੇ ਕਦੋਂ ਸਭ ਸੋਚਣਾ ਛੱਡ ਦੇ।

ਉਹ ਮੇਰੀ ਹੋਂਦ ਨੂੰ ਅਪਣੇ ਮੁਤਾਬਿਕ ਢਾਲਣਾ ਚਹੁੰਦੇ,
ਨਾ ਸਿਮਟਣ ਦੇਣ ਮੈਨੂੰ ਕਹਿਣ ਨਾਲੇ ਫੈਲਣਾ ਛੱਡ ਦੇ।

ਉਡਾਰੀ ਭਰਨ ਦੇ ਰੰਗਾਂ ਨੂੰ ਮਹਿਕਣ ਦੇ ਬਗ਼ੀਚੇ ਨੂੰ,
ਫੜੀਂ ਨਾ ਤਿਤਲੀਆਂ, ਫੁੱਲਾਂ ਨੂੰ ਵੀ ਤੂੰ ਤੋੜਨਾ ਛੱਡ ਦੇ।

ਜਿਨ੍ਹਾਂ ਸਕਰੀਨ ਸੇਵਰ 'ਤੇ ਲਗਾਈ ਰੁੱਖ ਦੀ ਫ਼ੋਟੋ,
ਤਰੱਕੀ ਦੇ ਬਹਾਨੇ ਜੰਗਲਾਂ ਨੂੰ ਅੱਗ ਲਾ ਛੱਡ ਦੇ।

ਗਿਲਾ ਸ਼ਿਕਵਾ ਕੋਈ ਰੋਸਾ ਦਿਖਾਉਂਦੇ ਜਾਣ ਵੇਲੇ ਜੇ,
ਕਿਸੇ ਹੀਲੇ ਮਨਾਉਂਦੇ ਸੱਜਣਾ ਨੂੰ ਪਰ ਮਨਾ ਛੱਡ ਦੇ।

### ਗ਼ਜ਼ਲ

ਵਗਦੀ ਹਵਾ 'ਚ ਵੀ ਉਹ ਦੀਵੇ ਜਗਾ ਰਹੇ ਨੇ।
ਇਹ ਦੇਖ ਕੇ ਹਨ੍ਹੇਰੇ ਮਾਤਮ ਮਨਾ ਰਹੇ ਨੇ।

ਬਸ ਸਾਜ਼ ਨੇ ਨਵੇਂ ਤੇ ਕੁਝ ਹੇਰ ਫੇਰ ਧੁਨ ਦੀ,
ਉਂਝ ਵਾਰਤਾ ਪੁਰਾਣੀ ਹੀ ਉਹ ਸੁਣਾ ਰਹੇ ਨੇ।

ਮੈਨੂੰ ਅਸੀਸ ਦੇ ਕੇ ਖ਼ੁਸ ਰਹਿਣ ਦੀ ਹਮੇਸ਼ਾਂ,
ਉਹ ਆਪ ਅੱਥਰੂ ਪਲਕਾਂ ਵਿਚ ਛੁਪਾ ਰਹੇ ਨੇ।

ਜਿਸ ਰੁੱਖ ਨੂੰ ਇਕੱਲਾ ਛੱਡਿਆ ਸੀ ਪਤਝੜਾਂ ਵਿਚ,
ਫ਼ਲ ਪੈਣ ਤੇ ਹਜ਼ਾਰਾਂ ਰਿਸ਼ਤੇ ਬਣਾ ਰਹੇ ਨੇ।

ਠੋਕਰ ਹਜ਼ਾਰ ਖਾਧੀ ਤੁਰਦੇ ਰਹੇ ਰੁਕੇ ਨਾ,
ਮੰਜ਼ਿਲ ਗਲੇ ਲਗਾ ਕੇ ਉਹ ਮੁਸਕਰਾ ਰਹੇ ਨੇ।

ਬਾਬਤ ਸੁਆਲ ਕੀਤੇ। ਇਉਂ ਲੱਗਦਾ ਸੀ ਕਿ ਕਾਰਜ ਸਿਰੇ ਚੜ੍ਹਨ ਵਾਲਾ ਹੈ। ਇੰਨੇ ਨੂੰ ਗੁਰਾ ਸਿਹੁੰ ਨੇ ਨਛੱਤਰ ਕੌਰ ਨੂੰ ਪਾਸੇ ਬੁਲਾਇਆ ਤੇ ਕੁੱਝ ਘੁਸਰ ਮੁਸਰ ਜਿਹੀ ਕੀਤੀ। ਮੱਘਰ ਸਿੰਘ ਦਾ ਟੱਬਰ ਕਿਸੇ ਸੰਸੇ ਵਿੱਚ ਸੀ। ਚੰਦ ਕੁ ਮਿੰਟਾਂ ਬਾਅਦ ਨਛੱਤਰ ਕੌਰ ਨੇ ਆ ਕੇ ਦੱਸਿਆ ਕਿ ਨਵੇਂ ਪਿੰਡੀਏ ਰਿਸ਼ਤਾ ਕਰਨ ਨੂੰ ਤਾਂ ਤਿਆਰ ਨੇ, ਪਰ ਚੰਨੇ ਦੇ ਰੰਗ ਦਾ ਥੋੜ੍ਹਾ ਅੜਿੱਕਾ ਐ। ਕੁੜੀ ਬਣਦੀ ਤਣਦੀ ਆ ਤੇ ਉਹ ਰਿਸ਼ਤਾ ਕਰਨਗੇ ਤਾਂ ਫੌਜੀ ਨਾਲ...ਬਾਕੀ ਥੋਡੀ ਮਰਜ਼ੀ!

ਚੰਨੇ ਤੇ ਜਿਵੇਂ ਅਸਮਾਨੀ ਬਿਜਲੀ ਡਿੱਗ ਪਈ।

ਕੁੜੀ ਵਾਲੇ ਆਪਣੇ ਫੈਸਲੇ ਬਾਰੇ ਦੱਸ ਕੇ ਮੱਘਰ ਸਿਹੁੰ ਨੂੰ ਆਪਣੇ ਪਰਿਵਾਰ ਵਿੱਚ ਸਲਾਹ ਕਰਨ ਦਾ ਕਹਿ ਕੇ ਚਲੇ ਗਏ। ਪਰਿਵਾਰ ਵਿੱਚ ਸੁੰਨ ਪਸਰ ਗਈ। ਚੰਨਾ ਮਸੋਸਿਆ ਗਿਆ ਤੇ ਖੇਤਾਂ ਵੰਨੀ ਨਿੱਕਲ ਗਿਆ। ਸੂਰਜ ਦੀ ਟਿੱਕੀ ਢਲ ਰਹੀ ਸੀ। ਹਵਾ ਵਿੱਚ ਠੰਢਕ ਘੁਲੀ ਹੋਈ ਸੀ ਪਰ ਚੰਨੇ ਦੇ ਦਿਲ ਵਿੱਚ ਡੋਬੂ ਜਿਹੇ ਪੈ ਰਹੇ ਸਨ: 'ਭਲਾ ਰਹਿਣਾ ਤਾਂ ਉਹਨੇ ਐਥੇ ਹੋਇਆ...ਪਰ ਘਰ ਵਾਲੀ ਫੌਜੀ ਦੀ ਅਖਵਾਊਗੀ। ਫੇਰ ਲੋਕਾਂ ਦੀਆਂ ਟਿੱਚਰਾਂ ਅਲਹਿਦਾ...ਬੀ ਫੌਜੀ ਨੀ ਵਿਆਹਿਆ, ਬਾਕੀ ਭਰਾ ਵਿਆਹੇ ਨੇ...'। ਸਾਹਮਣਿਉਂ ਆਉਂਦੇ ਮਾਸਟਰ ਨੂੰ ਦੇਖ ਚੰਨਾ ਫਿੱਸ ਪਿਆ। ਯਾਰ ਤੋਂ ਕਾਹਦਾ ਲੁਕੋਅ? ਮਾਸਟਰ ਦੀ ਮੱਤ ਹਮੇਸ਼ਾ ਨਿੱਗਰ ਹੁੰਦੀ, " ਦੇਖ ਚੰਨਿਆ, ਇਹ ਕੋਈ ਜੱਗੋਂ ਤੇਰਵੀਂ ਗੱਲ ਤਾਂ ਹੈ ਨੀ। ਸਮਾਜ ਨੇ ਇਸ ਰੀਤ ਨੂੰ ਕੱਲ੍ਹ ਵੀ ਮਾਨਤਾ ਦਿੱਤੀ ਸੀ ਤੇ ਅੱਜ ਵੀ ਦੇ ਰਿਹਾ। ਜ਼ਮੀਨ ਦੀ ਵੰਡ ਰੋਕਣ ਲਈ ਇੱਕ ਮੁੰਡਾ ਵਿਆਹ ਕੇ ਬਾਕੀ ਕੁਆਰੇ ਰੱਖਣ ਦਾ ਰਿਵਾਜ ਤਾਂ ਪੀੜ੍ਹੀਆਂ ਤੋਂ ਚੱਲਦਾ ਆ ਰਿਹੈ...ਬਾਕੀ ਰਹੀ ਲੋਕਾਂ ਦੀ ਕਾਨਾ-ਫੂਸੀ ਦੀ। ਦੋ ਚਹੁੰ ਦਿਨਾਂ 'ਚ ਬੋਲ ਕੁਬੋਲ ਕਰ ਕੇ ਚੁੱਪ ਕਰ ਜਾਣਗੇ... ਨਾਲੇ ਬੇਬੇ ਕਥਾ ਸੁਣਾਉਂਦੀ ਤਾਂ ਹੁੰਦੀ ਆ ਕਿ ਜਦੋਂ ਅਰਜਨ, ਦ੍ਰੋਪਦੀ ਨੂੰ ਜਿੱਤ ਕੇ ਭਰਾਵਾਂ ਨਾਲ ਮਹਿਲਾਂ ਵਿੱਚ ਪਹੁੰਚਿਆ ਤਾਂ ਮਾਤਾ ਕੁੰਤੀ ਨੂੰ ਦੱਸਿਆ: ਮਾਤੇ ਸ੍ਰੀ! ਦੇਖ ਅਸੀਂ ਕੀ ਲੱਭ ਕੇ ਲਿਆਏ ਹਾਂ? ਸੁਤੇ ਸੁਭਾਅ ਕੁੰਤੀ ਦੇ ਮੂੰਹੋਂ ਨਿੱਕਲਿਆ, "ਪੰਜੇ ਭਰਾ ਵੰਡ ਲਿਉ" ਤੇ ਉਹ ਪੰਜਾਂ ਭਰਾਵਾਂ ਦੀ ਪਤਨੀ ਬਣ ਗਈ..." ਮਾਤਾ ਦੇ ਬੋਲ ਰਾਜ-ਧਰਮ ਨਿਭਾਉਣ ਵਾਲੇ ਸਨ।"

ਮਾਸਟਰ ਦੇ ਬੋਲਾਂ ਨਾਲ ਚੰਨੇ ਦੇ ਜ਼ਖ਼ਮਾਂ ਤੇ ਜਿਵੇਂ ਕੋਈ ਮਲ੍ਹਮ ਲੱਗ ਗਈ ਹੋਵੇ। ਚਿੱਤ ਨੂੰ ਠਰ੍ਹੰਮਾ ਜਿਹਾ ਮਿਲਿਆ। ਘਰ ਆ ਕੇ ਮਾਤਾ ਨੂੰ ਨਵੇਂ ਪਿੰਡੀਆਂ ਦੀ ਸ਼ਰਤ ਮਨਜ਼ੂਰ ਹੋਣ ਦੀ 'ਹਾਂ' ਨਛੱਤਰ ਕੌਰ ਤੱਕ ਪੁਚਾਉਣ ਦਾ ਕਹਿ ਕੇ ਚੁਬਾਰੇ ਚੜ੍ਹ ਗਿਆ। ਰੁਮਕਦੀ ਪੌਣ ਵਿੱਚ ਪਤਾ ਨੀ ਕਦੋਂ ਨੀਂਦਰ ਰਾਣੀ ਨੇ ਘੇਰਾ ਪਾ ਲਿਆ ਤੇ ਚੰਨਾ ਪਰੀਆਂ ਦੇ ਦੇਸ਼ ਪਹੁੰਚ ਗਿਆ।

**89684-33500**

# ਇਸ ਵਰ੍ਹੇ ਦੇ ਸਾਹਿਤ ਅਕਾਦੇਮੀ ਇਨਾਮ ਜੇਤੂ ਹਿੰਦੀ ਲੇਖਕਾ ਗਗਨ ਗਿੱਲ ਦੀਆਂ ਕਵਿਤਾਵਾਂ
## ਪੰਜਾਬੀ ਅਨੁਵਾਦ : ਡਾ. ਅਮਰਜੀਤ ਕੌਂਕੇ



## ਹਨ੍ਹੇਰੇ ਵਿੱਚ ਬੁੱਧ

ਹਨ੍ਹੇਰੇ ਵਿੱਚ ਬੁੱਧ
ਆਪਣੇ ਬੁੱਤ 'ਚੋਂ ਨਿਕਲਦੇ ਹਨ

ਆਪਣੀ ਕਾਇਆ 'ਚੋਂ
ਨਿਕਲਦੇ ਹਨ
ਆਪਣੇ ਸਤੂਪ ਚੋਂ ਨਿਕਲਦੇ ਹਨ

ਅਸਥੀ-ਪੁੰਜ 'ਚੋਂ
ਨਿਕਲਦੇ ਹਨ
ਹਨ੍ਹੇਰੇ ਵਿੱਚ ਬੁੱਧ
ਪ੍ਰਕਰਮਾ ਕਰਦੇ ਹਨ

ਮਾਇਆ ਦੀ
ਮੋਖਸ਼ ਦੀ ਧਰਤੀ ਦੀ

ਕੰਡੇ ਦੀ ਨੋਕ ਤੇ ਰੁਕਦੇ ਹਨ
ਹਨ੍ਹੇਰੇ ਵਿੱਚ ਬੁੱਧ

ਦੁੱਖ ਉਹਨਾਂ ਦੇ ਲਈ ਨੇ
ਜਿਹੜੇ ਉਸ ਨੂੰ ਮੰਨਦੇ ਨੇ

ਜੋ ਉਸ ਨੂੰ ਨਹੀਂ ਮੰਨਦੇ
ਸਿਰ ਨਿਵਾਉਂਦੇ ਨੇ

ਹਨ੍ਹੇਰੇ ਵਿੱਚ ਬੁੱਧ
ਅਗਰਬੱਤੀ ਜਲਾਉਂਦੇ ਨੇ
ਸਾਹਮਣੇ ਉਸ ਦੇ
ਜੋ ਹੈ ਜੋ ਨਹੀਂ ਹੈ

ਇੱਕ ਮੁਦਰਾ ਤੋਂ
ਦੂਸਰੀ ਮੁਦਰਾ ਤੱਕ

ਇੱਕ ਪ੍ਰਤਿਮਾ ਤੋਂ
ਦੂਸਰੀ ਪ੍ਰਤਿਮਾ ਤੱਕ
ਹਨ੍ਹੇਰੇ ਵਿੱਚ ਬੁੱਧ
ਆਪਣੀ ਜਗ੍ਹਾ ਬਦਲਦੇ ਹਨ

ਜਿਵੇਂ ਉਹਨਾਂ ਦੀ ਨਹੀਂ
ਦੁੱਖ ਦੀ ਜਗ੍ਹਾ ਹੋਵੇ।

## ਉਹ ਆਪਣੀ ਦੇਹ ਵਿੱਚ ਪਰਤ ਜਾਏਗੀ

ਉਹ ਉਸ ਨੂੰ ਪਾਪ ਦੀ ਤਰ੍ਹਾਂ ਚਾਹੇਗੀ
ਉਹ ਉਸ ਨੂੰ ਪੁੰਨ ਦੀ ਤਰ੍ਹਾਂ ਚਾਹੇਗੀ

ਕਿਸੇ ਅਣਜਾਣ ਥਾਂ ਤੇ
ਕਿਸੇ ਅਣਜਾਣ ਕਮਰੇ ਵਿੱਚ
ਉਹ ਕਰੇਗੀ ਉਸ ਨਾਲ ਪਿਆਰ
ਆਪਣੇ ਖਿਆਲਾਂ ਵਿੱਚ

ਕਿ ਜਿਵੇਂ ਨੀਂਦ ਵਿੱਚ
ਤੁਰਦੇ ਤੁਰਦੇ
ਚਲੀ ਗਈ ਹੋਵੇ ਉਥੇ
ਬਿਨਾਂ ਵਜ੍ਹਾ ਬਿਨਾਂ ਬੁਲਾਏ

ਕਿ ਜਿਵੇਂ ਸਦੀਆਂ ਤੋਂ ਬੈਠੀ ਹੋਵੇ
ਉਹ ਆਪਣੇ ਅੰਦਰ ਉਸ ਥਾਂ ਤੇ
ਜਿੱਥੇ ਰਹਿੰਦੇ ਨੇ ਬੁਰੇ ਸੁਪਨੇ
ਇਛਾਵਾਂ ਦੇ
ਪਾਗਲ ਹੋਣ ਦੀ ਉਡੀਕ ਵਿੱਚ

ਉਹ ਉਸ ਨੂੰ ਚਾਹੇਗੀ
ਉਸ ਸੁਪਨੇ ਦੇ ਵਾਂਗ
ਜਿਸਨੂੰ ਦੇਖਿਆ ਹੋਵੇ ਉਸਨੇ
ਹਮੇਸ਼ਾ ਸਿਰਫ
ਖੁੱਲ੍ਹੀਆਂ ਅੱਖਾਂ ਨਾਲ
ਕਿ ਜਿਵੇਂ ਉਹ ਮੋਢਾ ਹੋਵੇ
ਕਿਸੇ ਬਾਂਝ ਦੇ ਰੋਣ ਦੇ ਲਈ

ਜਿਵੇਂ ਚਾਹੁਣਾ ਕੋਈ ਸਰਾਪ ਹੋਵੇ
ਨਾ ਰੁਕਣ ਵਾਲਾ ਵਿਰਲਾਪ ਹੋਵੇ
ਜਾਂ ਆਤਮ-ਪ੍ਰਲਾਪ ਹੋਵੇ
ਉਹ ਉਸ ਨੂੰ ਚਾਹੇਗੀ

ਜਿਵੇਂ ਚਾਹੁਣਾ ਸੁੱਖ ਤੋਂ ਬਚਣਾ ਹੋਵੇ
ਤੇ ਦੁੱਖ ਤੋਂ ਵੀ ਬਚਾਅ ਹੋਵੇ
ਉਹ ਉਸ ਨੂੰ ਚਾਹੇਗੀ

ਜਿਵੇਂ ਉਹ ਕੋਈ
ਲਾ-ਇਲਾਜ ਰੋਗ ਹੋਵੇ
ਜਿਵੇਂ ਕੋਈ ਉਤਾਰੇ
ਆਪਣੀ ਹੋਂਦ ਤੋਂ
ਬਦਸ਼ਗਨੀ ਦਾ ਟੂਣਾ

ਉਹ ਉਸ ਨੂੰ ਚਾਹੇਗੀ
ਪਾਪ ਦੇ ਵਾਂਗ
ਪੁੰਨ ਦੇ ਵਾਂਗ ਤੇ ਆਪਣੀ
ਦੇਹ ਵਿੱਚ ਪਰਤ ਜਾਵੇਗੀ
ਗੁਆਚੀ ਹੋਈ ਕਿਸੇ
ਚੋਟ ਦੇ ਵਾਂਗ।

## ਪਿਤਾ ਨੇ ਕਿਹਾ

1
ਪਿਤਾ ਨੇ ਕਿਹਾ
ਮੈਂ ਤੈਨੂੰ ਅਜੇ ਤਕ
ਵਿਦਾ ਨਹੀਂ ਕੀਤਾ
ਤੂੰ ਮੇਰੇ ਅੰਦਰ ਹੈਂ
ਦੁੱਖ ਦੀ ਥਾਂ

2
ਅਫ਼ਸੋਸ ਨਾ ਕਰ
ਪਿਤਾ ਨੇ ਕਿਹਾ
ਹੁਣ ਦੁੱਖ ਹੀ ਤੇਰਾ ਪਿਤਾ ਹੈ।

## ਕਵਿਤਾਵਾਂ / ਗੁਰਪਰਵੀਨ ਕੌਰ



### ਮੈਂ ਖ਼ਾਲੀ ਹੋ ਰਹੀ ਹਾਂ

ਮੈਂ ਆਪਣਾ ਆਪ ਖੰਗਾਲ ਰਹੀ ਹਾਂ
ਨਿੱਤਰ ਰਿਹਾ ਐ ਕਈ ਕੁੱਝ
ਸਾਫ਼ ਹੋ ਰਹੀ ਹੈ
ਅੰਦਰ ਦੀ ਧੁੰਦਲੀ ਤਸਵੀਰ
ਜ਼ਰੂਰੀ ਅਤੇ ਗ਼ੈਰ ਜ਼ਰੂਰੀ ਦੀ
ਪਰਿਭਾਸ਼ਾ ਬਦਲ ਗਈ ਹੈ
ਬੇਲੋੜੇ ਪਦਾਰਥਾਂ ਨੂੰ ਇੱਕ ਇੱਕ ਕਰਕੇ
ਕਬਾੜਖਾਨੇ ਵਿੱਚ ਸੁੱਟ ਦਿੱਤਾ ਹੈ
ਕੁੱਝ ਨਕਲੀ ਹਾਸੇ
ਫੋਕੇ ਰੰਗ ਤਮਾਸ਼ੇ
ਕੁਰਲਾਉਂਦੇ ਮਨ, ਸਜੇ ਧਜੇ ਤਨ
ਗੰਧਲਾ ਕੀਤਾ ਸੀ ਇਹਨਾਂ ਨੇ
ਅੰਤਰ-ਮਨ
ਸਭ ਬਾਹਰ ਕੱਢ ਰਹੀ ਹਾਂ
ਮੈਂ ਖਾਲੀ ਹੋ ਰਹੀ ਹਾਂ

ਖੁਸ਼ੀਆਂ ਦਾ ਖੇੜਾ
ਚਾਵਾਂ ਨਾਲ ਭਰਿਆ ਵਿਹੜਾ
ਇਹ ਮੇਰੇ ਹਿੱਸੇ ਦੀ ਬਹਾਰ
ਯਾ ਫੇਰ ਪਖੰਡਾਂ ਨੂੰ ਨਿਖਾਰ
ਅਦਾਕਾਰੀ ਬੇਮਿਸਾਲ
ਨਪੁੰਸਕ ਨਿਯਮਾਂ ਦੀ
ਲੰਬੀ ਲਿਸਟ ਆਨ ਬਾਨ ਸ਼ਾਨ
ਜਾਂ ਕਿ ਮਹਿਜ਼ ਝੂਠ ਦੇ ਪੁਲੰਦੇ
ਸਭ ਸਾੜ ਕੇ ਸਵਾਹ ਕਰ ਰਹੀ ਹਾਂ
ਮੈਂ ਖਾਲੀ ਹੋ ਰਹੀ ਹਾਂ

ਇਲਜ਼ਾਮ ਤੇ ਇਲਜ਼ਾਮ
ਸਹਿਣ ਕਰ ਲਏ
ਸੰਸਕਾਰਾਂ ਦੇ ਮੁਖੌਟੇ ਪਿੱਛੇ
ਬੰਨ੍ਹਿਆ ਜੋ ਹੋਇਆ ਸੀ ਖੁਦ ਨੂੰ
ਉਨ੍ਹਾਂ ਗੁਨਾਹਾਂ ਦੀਆਂ
ਜਿਹੜੇ ਕਦੇ ਕੀਤੇ ਹੀ ਨਹੀਂ
ਕਰੜੀਆਂ ਸਜ਼ਾਵਾਂ
ਯੁਗਾਂ ਯੁਗਾਂ ਤੋਂ ਭੁਗਤ ਰਹੀ ਹਾਂ
ਜੱਜ ਬਦਲਦੇ ਰਹੇ
ਬੇਗੁਨਾਹ ਉਹੀ ਰਹੇ
ਵਕੀਲ ਤਾਂ ਮਿਲੇ
ਪਰ ਵਕਾਲਤ ਦੇ ਦੋਸ਼ ਵਿੱਚ
ਦੋਸ਼ੀ ਕਰਾਰ ਦੇ ਦਿੱਤੇ ਗਏ
ਹੁਣ ਆਪਣੇ ਆਪ ਨੂੰ ਆਪ ਹੀ
ਦੋਸ਼ ਮੁਕਤ ਕਰ ਰਹੀ ਹਾਂ
ਮੈਂ ਬਾਗ਼ੀ ਹੋ ਰਹੀ ਹਾਂ
ਮੈਂ ਖਾਲੀ ਹੋ ਰਹੀ ਹਾਂ

ਸੁਪਨੇ ਜੋ ਆਊਟ ਡੇਟਿਡ ਹੋ ਗਏ
ਜੰਗਾਲੇ ਗਏ, ਖੁਰ ਗਏ
ਜ਼ਹਿਰ ਬਣ ਕੇ ਬੀਮਾਰ ਕਰ ਰਹੇ ਸਨ
ਕਈ ਜਜ਼ਬਾਤ ਤੇ ਅਹਿਸਾਸ
ਜਿਨ੍ਹਾਂ ਨੂੰ ਮਾਣਨ ਦੀ ਆਖ਼ਰੀ ਮਿਤੀ
ਪਤਾ ਨਹੀਂ ਕਦੋਂ ਦੀ ਨਿਕਲ ਚੁੱਕੀ ਹੈ
ਇਹ ਵੀ ਸਾਰੇ ਦੇ ਸਾਰੇ
ਕੂੜੇ ਦਾਨ ਵਿੱਚ ਵਗਾਹ ਮਾਰੇ ਨੇ

ਥਾਂ ਬਣਾ ਰਹੀ ਹਾਂ
ਨਵੇਂ ਨਰੋਏ ਹਾਸਿਆਂ ਲਈ
ਹੱਦਾਂ ਆਪਣੀਆਂ
ਆਪ ਉਲੀਕਣ ਲੱਗੀ ਹਾਂ
ਘੁੰਮੀਂ ਜਾ ਰਹੀ ਸੀ
ਇੱਕੋ ਥਾਂ ਤੇ ਬਾਰ ਬਾਰ
ਕੋਹਲੂ ਦਾ ਬੈਲ ਬਣ
ਅੱਖਾਂ ਤੇ ਬੰਨ੍ਹੀ ਪੱਟੀ
ਖੋਲ੍ਹ ਰਹੀ ਹਾਂ
ਮੈਂ ਖਾਲੀ ਹੋ ਰਹੀ ਹਾਂ
ਗੰਧਲੀ ਪੌਣ ਦੀ ਥਾਂ
ਅੰਦਰ ਤਾਜ਼ੀ ਹਵਾ ਵਗ ਰਹੀ ਹੈ
ਮੈਂ ਹੁਣ ਸਾਹ ਲੈ ਰਹੀ ਹਾਂ
ਜ਼ਿੰਦਗੀ ਜਿਊਣ ਲੱਗੀ ਹਾਂ
ਮੈਂ ਖਾਲੀ ਹੋਣ ਲੱਗੀ ਹਾਂ!

### ਖੀਸਾ

ਤੇਰੇ ਕੁੜਤੇ ਦਾ ਮੈਂ ਖੀਸਾ ਹਾਂ
ਤੂੰ ਜਜ਼ਬਿਆਂ ਦਾ ਵਿਸ਼ਾਲ ਸਮੁੰਦਰ
ਮੈਂ ਖਾਹਿਸ਼ਾਂ ਦੀ ਇੱਕ ਲਹਿਰ ਜਿਹੀ
ਤੂੰ ਜ਼ਿੰਦਗੀ ਦੀ ਮੁਕੰਮਲ ਕਿਤਾਬ
ਮੈਂ ਉਸ ਵਿੱਚ ਉੱਕਰੇ,
ਪਹਿਲੇ ਤੇ ਆਖ਼ਰੀ ਹਰਫ਼ ਜਿਹੀ ।
ਲਾਲਸਾਵਾਂ ਦੀ ਭੀੜ ਵਿੱਚ
ਜਿਵੇਂ ਮੈਂ ਤੇਰੀ ਉਂਗਲ ਫੜੀ ਹੋਵੇ ,
ਕਿਸੇ ਮੁਕਾਮ ਤੱਕ
ਮੈਨੂੰ ਪਹੁੰਚਾਣ ਲਈ
ਜਿਵੇਂ ਤੂੰ ਕੋਈ ਜੁਗਤ ਘੜੀ ਹੋਵੇ
ਬੋਚ ਬੋਚ ਕੇ ਪੈਰ ਰੱਖਦਾ ਐਂ ,
ਤਿਲਕਣਾਂ ਤੋਂ ਮੈਨੂੰ ਬਚਾਉਂਦਾ ਐਂ
ਸੰਭਾਲਦਾ ਐਂ ਟਟੋਲਦਾ ਐਂ
ਕੀ ਮੈਂ ਤੇਰੇ ਨਾਲ ਆਂ ? ਖੀਸਾ ਬਣ ਮੈਂ
ਤੇਰੀ ਅਪਣੱਤ ਦੇ ਬਟੂਏ ਨੂੰ ਸਾਂਭਦੀ
ਤੇਰੀ ਮੁਹੱਬਤ ਦੇ ਖ਼ਜ਼ਾਨੇ ਨੂੰ ਜੋੜਦੀ
ਜੁੜੀ ਆਂ ਤੇਰੇ ਵਜੂਦ ਦੇ ਕੁੜਤੇ ਨਾਲ
ਜਿਵੇਂ ਕੁੱੜਤੇ ਦੇ ਨਾਲ ਹੁੰਦਾ ਐ ਖੀਸਾ!

ਤੂੰ ਮੈਨੂੰ ਕਦੇ
ਖੀਸੇ ਦੇ ਵਿੱਚ ਹੱਥ ਪਾ ਟੋਲਦਾ ਐਂ
ਤੇ ਕਦੇ ਕੱਢ ਕੇ ਖਰਚਦਾ ਹੈਂ
ਤੂੰ ਕਦੇ ਖੀਸੇ ਉੱਤੇ ਹੱਥ ਰੱਖ ਲੈਂਦਾ ਐਂ
ਬਚਾ ਲੈਂਦਾ ਐ ਮੈਨੂੰ ਚੋਰੀ ਹੋਣ ਤੋਂ
ਇਹ ਭੀੜ ਕੁੜਤੇ ਨੂੰ ਨਹੀਂ
ਤੇਰੀ ਭਾਰੀ ਜੇਬ ਨੂੰ ਵੇਖਦੀ ਹੈ
ਬੋਝਾ ਹਥਿਆਉਣਾ ਚਾਹੁੰਦੀ ਹੈ
ਪਰ ਮੈਂ ਬਚੀ ਰਹਿੰਦੀ ਹਾਂ
ਲਾਲਚੀ ਨਜ਼ਰਾਂ ਤੋਂ
ਲੁਕੀ ਰਹਿੰਦੀ ਹਾਂ
ਤੇਰੇ ਅਹਿਸਾਸ ਦੀ ਬੁੱਕਲ਼ ਵਿੱਚ
ਸਿਆਣੇ ਠੱਗਾਂ ਦੀ ਭੀੜ ਨੂੰ
ਪਿੱਛੇ ਛੱਡਦੀ ਹੋਈ
ਤੇਰੇ ਨਾਲ ਨਾਲ ਤੁਰੀ ਜਾਂਦੀ ਹਾਂ
ਮੈਂ ਤੇਰੇ ਕੁੜਤੇ ਦੇ ਗੀਝੇ ਵਾਂਗ।

## ਕਹਾਣੀ / ਖਾਈ ਅਤੇ ਸਮੁੰਦਰ / ਪਰਮਜੀਤ



ਮੈਂ ਇਹ ਫੈਸਲਾ ਵੀ ਆਪਣੀ ਮਰਜ਼ੀ ਦੇ ਨਾਲ ਹੀ ਲਿਆ ਸੀ। ਮੈਂ ਲੱਕੜਾਂ ਉਸਦੇ ਉੱਪਰ ਚਿਣੇ ਜਾਣ ਤੋਂ ਪਹਿਲਾਂ ਬੱਚੇ ਨੂੰ ਵੀ ਉਸਦੀ ਛਾਤੀ ਉੱਪਰ ਲਿਟਾ ਦਿੱਤਾ ਸੀ। ਆਖਿਰ ਕਿੰਨੀ ਤੜਪ ਸੀ ਉਸ ਅੰਦਰ ਇਸ ਬੱਚੇ ਨੂੰ ਦੁਨੀਆਂ ਵਿੱਚ ਲਿਆਉਣ ਵਾਸਤੇ। ਹੁਣ ਅਗਲਾ ਫੈਸਲਾ ਵੀ ਮੈਂ ਆਪਣੇ ਮਨ ਅੰਦਰ ਹੀ ਪੱਕਿਆਂ ਕਰ ਲਿਆ ਸੀ। ਫੁੱਲ ਤਾਂ ਹਰਦੁਆਰ ਜਾ ਕੇ ਵਿਧੀ ਮੁਤਾਬਿਕ ਹੀ ਤਾਰੇ ਜਾਣੇ ਸੀ ਪਰ ਮਿੱਟੀ ਕਹਿੰਦੇ ਇੱਥੇ ਹੀ ਸਤਲੁਜ ਦਰਿਆ ਦੇ ਚੱਲਦੇ ਪਾਣੀ ਵਿੱਚ ਪ੍ਰਵਾਹਿਤ ਕਰ ਦਿੱਤੀ ਜਾਵੇ। ਮੈਂ ਇਹ ਕਹਿ ਕੇ ਕਿ ਇਹ ਕੰਮ ਮੈਂ ਆਪਣੇ ਹੱਥੀਂ ਹੀ ਨਿਪਟਾ ਲਵਾਂਗਾ, ਮਿੱਟੀ ਮੈਂ ਆਪਣੇ ਘਰ ਹੀ ਲੈ ਆਇਆ ਸੀ। ਮੈਨੂੰ ਪੂਰੀ ਤਰਾਂ ਮਹਿਸੂਸ ਹੋ ਰਿਹਾ ਸੀ ਕਿ ਮੇਰਾ ਉਸਤੋਂ ਪੂਰੇ ਦਾ ਪੂਰਾ ਵੱਖ ਹੋਣਾ ਮੁਸ਼ਕਿਲ ਹੀ ਨਹੀਂ ਸਗੋਂ ਅਸੰਭਵ ਹੈ। ਅੰਤਿਮ ਸੰਸਕਾਰ ਦੀਆਂ ਰਸਮਾਂ ਨਿਭਾਉਂਦਿਆਂ ਤੱਕ ਸਿਰਫ ਮੈਂ ਹੀ ਨਹੀਂ ਉਹਦੀ ਬਗੀਚੀ ਵਿੱਚ ਲਗਾਏ ਫੁੱਲ ਬੂਟੇ ਵੀ ਜਿਵੇਂ ਨਿਰਾਸ਼ਾ ਦੀਆਂ ਗਹਿਰਾਈਆਂ ਵਿੱਚ ਨਿੰਮੋਝੂਣੇ ਜਿਹੇ ਹੋ ਗਏ ਜਾਪਦੇ ਸੀ।

ਸਮੁੰਦਰੀ ਬੇੜੇ ਆਪਣੀ ਅਥਾਹ ਤਾਕਤ ਦੇ ਬਲ ਸਮੁੰਦਰ ਵਿੱਚ ਆਉਂਦੀਆਂ ਛੋਟੀਆਂ ਮੋਟੀਆਂ ਤੇਜ਼ ਲਹਿਰਾਂ ਦੀਆਂ ਗਤੀਵਿਧੀਆਂ ਨੂੰ ਸਹਿਜ ਸਹਾਰਦੇ ਅਡੋਲ ਆਪਣੀ ਮੰਜ਼ਿਲ ਵੱਲ ਵੱਧਦੇ ਜਾਂਦੇ ਹਨ ਪਰ ਕੋਈ ਵੱਡਾ ਮਾਰੂ ਤੂਫਾਨੀ ਝੱਟਕਾ ਉਹਨਾਂ ਨੂੰ ਵੀ ਹਿਚਕੋਲੇ ਖਾਣ ਲਈ ਮਜ਼ਬੂਰ ਕਰ ਦਿੰਦਾ ਹੈ। ਮੇਰਾ ਅਸਤਿਤਵ ਤਾਂ ਜਿਵੇਂ ਇਸ ਮਾਰੂ ਝੱਟਕੇ ਨਾਲ ਖਿੰਡਪੁੰਡ ਹੀ ਗਿਆ ਹੈ। ਸਮਝ ਨਹੀਂ ਆ ਰਹੀ ਕਿਵੇਂ ਇਸ ਮਾਰੂ ਬੇਬਸੀ ਵਿੱਚ ਆਪਣਾ ਵਜੂਦ ਇਕੱਠਾ ਕਰਾਂ। ਆਖ਼ਿਰ ਮੁਹੱਬਤ ਸੀ ਉਹ ਮੇਰੀ, ਮੇਰਾ ਸਭ ਕੁਝ, ਮੇਰੀਆਂ ਉਮੰਗਾਂ ਦਾ ਠਾਠਾ ਮਾਰਦਾ ਸਮੁੰਦਰ, ਮੈਂ ਤਾਂ ਕਈ ਵਾਰੀ ਬੁਲਾਉਂਦਾ ਵੀ ਉਸਨੂੰ 'ਮੇਰੀ ਮੁਹੱਬਤ' ਕਹਿ ਕੇ ਹੀ ਸੀ।

ਪਰ ਨਹੀਂ, ਉੱਥੇ ਇਹੋ ਜਿਹੇ ਵਲਵਲੇ, ਇਹੋ ਜਿਹੇ ਅਹਿਸਾਸ ਤੇ ਉਮੰਗ ਕਿਉਂ ਨਹੀਂ ਉੱਭਰ ਸਕੇ। ਹਾਂ, ਉਹ ਤੇ ਉਹ ਜਿਹੜੀ ਮੇਰੀ ਧਰਮ ਪਤਨੀ ਸੀ, ਉਹ ਜਿਨ੍ਹਾਂ ਧਾਰਮਿਕ ਰਹੁ ਰੀਤਾਂ ਮੁਤਾਬਿਕ, ਰੱਬ ਦੀ ਗਵਾਹੀ ਭਰਦਿਆਂ ਆਪਣਾ ਆਪ ਇੱਕ ਦੂਜੇ ਨੂੰ ਸਮਰਪਿਤ ਕਰਨ ਦੇ ਸੱਤ ਫੇਰੇ ਲਏ ਸਨ, ਕਿਉਂ ਇੱਕ ਵਿੱਥ ਬਣਾ ਬੈਠੇ, ਕਿਉਂ ਇੱਕ ਲਕੀਰ, ਇੱਕ ਖਾਈ ਸਿਰਜ ਬੈਠੇ ਜਿਸਦੀ ਦੂਰੀ ਅਸੀਂ ਮਿਟਾ ਹੀ ਨਾ ਸਕੇ।

ਬੜੇ ਹੀ ਚਾਵਾਂ ਮਲਾਰਾਂ ਨਾਲ ਮੇਰੇ ਘਰਦਿਆਂ ਮੇਰਾ ਵਿਆਹ ਕੀਤਾ ਸੀ। ਘਰ ਵਿੱਚ ਦੂਹਰੀ ਖੁਸ਼ੀ ਦੀ ਆਮਦ ਹੋਈ ਸੀ। ਮਰਚੈਂਟ ਨੇਵੀ ਦੀ ਪੜ੍ਹਾਈ ਮਗਰੋਂ ਮੈਨੂੰ ਬਹੁਤ ਚੰਗੀ ਕੰਪਨੀ ਵਿੱਚ ਚੰਗੀ ਜੌਬ ਮਿਲ ਗਈ ਸੀ। ਚੰਗਾ ਪੈਸਾ ਆਉਣ ਕਰਕੇ ਘਰ ਲੀਹੇ ਪੈ ਗਿਆ ਸੀ ਤੇ ਹੁਣ ਚੰਗੇ ਘਰੋਂ ਸੁਨੱਖੀ ਬਹੂ ਆਉਣ ਦਾ ਅਹਿਸਾਸ ਜਿੱਥੇ ਮਾਂ ਬਾਪ ਦੀ ਖੁਸ਼ੀ ਦੁੱਗਣੀ ਕਰ ਰਿਹਾ ਸੀ ਉਥੇ ਮੇਰੇ ਦੁਆਲੇ ਵੀ ਇੱਕ ਨਸ਼ਿਆਇਆ ਨਸ਼ਿਆਇਆ ਮਾਹੌਲ ਤਾਰੀ ਹੋਣ ਲੱਗ ਪਿਆ ਸੀ।

ਵਿਆਹ ਦੇ ਸ਼ੁਰੂਆਤੀ ਦਿਨਾਂ ਵਿੱਚ ਹੀ ਮੈਨੂੰ ਮਹਿਸੂਸ ਹੋਣ ਲੱਗ ਪਿਆ ਕਿ ਮੇਰੀ ਪਤਨੀ ਮੇਰੀ ਨਜ਼ਰ ਵਿੱਚ ਭਾਵੇਂ ਖੂਬਸੂਰਤੀ ਦਾ ਮੁਜੱਸਮਾ ਸੀ ਪਰ ਜੋ ਚਾਹਨਾ, ਜੋ ਮਿਲਨ ਦੀ ਤਾਂਘ, ਜੋ ਉਮੰਗ ਸਾਡੇ ਜਿਸਮਾਨੀ ਸਾਥ ਵਕਤ ਮੇਰੇ ਵਿੱਚ ਉਪਜਦੀ, ਉਹਦੇ ਵਿੱਚ ਉਹਦਾ ਸਾਥ ਬੜਾ ਬੁਝਿਆ ਬੁਝਿਆ ਹੀ ਰਹਿੰਦਾ। ਇਓਂ ਜਾਪਦਾ ਜਿਵੇਂ ਉਹ ਕੋਈ ਕੋਫ਼ਤ ਮਹਿਸੂਸ ਕਰਦੀ ਤੇ ਨਿਪਟਦਿਆਂ ਹੀ ਬਾਥਰੂਮ 'ਚੋਂ ਨਹਾ ਕੇ ਹੀ ਪਰਤਦੀ। ਪਰ ਮੈਂ ਆਪਣੀ ਜਵਾਨੀ ਦੇ ਵੇਗ ਵਿੱਚ ਆਪਣੀ ਸਿਆਣਪ ਮੁਤਾਬਿਕ ਇਹੋ ਸੋਚ ਕਿ ਸ਼ਾਇਦ ਸ਼ਰਮ ਕਰਦੀ ਹੈ ਅਜੇ, ਅਜੇ ਸਾਡੇ ਵਿੱਚ ਰਚੀ ਮਿਚੀ ਨਹੀਂ, ਮੈਂ ਇਗਨੋਰ ਕਰ ਜਾਂਦਾ। ਫਿਰ ਮੇਰੀ ਜੌਬ ਵੀ ਇਹੋ ਜਿਹੀ ਕਿ ਕਈ ਕਈ ਮਹੀਨੇ ਸ਼ਿਪ ਵਿੱਚ ਹੀ ਰਹਿਣਾ ਪੈਂਦਾ, ਇਸ ਗੱਲ ਪ੍ਰਤੀ ਬਹੁਤ ਧਿਆਨ ਹੀ ਨਹੀਂ ਸੀ ਜਾਂਦਾ। ਡਿਊਟੀ ਵਕਤ ਘਰਦਿਆਂ ਨਾਲ ਗੱਲ ਕਰਨੀ ਤਾਂ ਸਾਰੇ ਖੁਸ਼, ਕੋਈ ਸ਼ਿਕਾਇਤ ਹੀ ਨਹੀਂ ਸੀ ਸਿਵਾਇ ਇਹ ਕਿ ਹੱਦੋਂ ਵੱਧ ਸਫਾਈ ਪਸੰਦ ਤੇ ਵਧੀਆ ਪਹਿਰਾਵੇ ਦੀ ਸ਼ੌਕੀਨ।

ਵਕਤ ਥੋੜਾ ਅੱਗੇ ਸਰਕਿਆ। ਸਾਡੇ ਬੇਟੀ ਵੀ ਹੋ ਗਈ ਤੇ ਮੈਨੂੰ ਅਗਲੇਰੀ ਪੜ੍ਹਾਈ ਵਾਸਤੇ ਯੂ.ਕੇ. ਵੀ ਜਾਣਾ ਪਿਆ। ਮੇਰੀ ਪਤਨੀ ਮੈਨੂੰ ਆਪ ਘੱਟ ਵੱਧ ਹੀ ਫੋਨ ਕਰਦੀ। ਜ਼ਿਆਦਾ ਫੋਨ ਮੈਂ ਹੀ ਕਰਦਾ। ਉਹ ਜ਼ਿਆਦਾਤਰ ਮੇਰੀ ਸਿਹਤ ਬਾਰੇ ਪੁੱਛਦੀ, ਬੇਟੀ ਦਾ ਹਾਲ ਚਾਲ ਦੱਸਦੀ ਜਾਂ ਆਪਣੇ ਮਾਂ ਬਾਪ ਦੀਆਂ ਘਰੇਲੂ ਗੱਲਾਂ ਦਾ ਖੁਲਾਸਾ ਕਰਦੀ। ਮੈਂ ਜਦੋਂ ਕੋਈ ਰੁਮਾਟਿਕ ਪਿਆਰ ਭਰੀ ਗੱਲ ਕਰਦਾ ਤਾਂ ਜੁਆਬ ਵਿੱਚ ਜਿਵੇਂ ਉਹਦੇ ਸ਼ਬਦ ਮੁੱਕ ਜਾਂਦੇ ਤੇ ਜ਼ੁਬਾਨ ਨੂੰ ਤਾਲਾ ਹੀ ਜੜ ਜਾਂਦਾ।

ਮੇਰੀ ਬੱਚੀ ਦਸ ਸਾਲ ਦੀ ਹੋ ਗਈ। ਮੈਂ ਸ਼ਿਪ ਦਾ ਕਪਤਾਨ ਹੋ ਗਿਆ। ਘਰ ਵਾਧੂ ਪੈਸਾ ਆਉਣ ਲੱਗ ਪਿਆ ਜਿਹੜਾ ਸਾਡੇ ਵਰਗੀ ਲੋਅਰ ਮਿਡਲ ਕਲਾਸ ਲਈ ਸਾਂਭਣਾ ਵੀ ਮੁਸ਼ਕਿਲ ਜਾਪਦਾ ਸੀ। ਪਰ ਇਹਨਾਂ ਦਿਨਾਂ ਵਿੱਚ ਮੇਰੇ ਮਾਂ ਬਾਪ ਕੁਝ ਜਲਦੀ ਹੀ ਸਾਡਾ ਸਾਥ ਛੱਡ ਸੰਸਾਰ ਨੂੰ ਅਲਵਿਦਾ

ਆਖ ਗਏ।

ਕੁਝ ਪਲਾਟ ਖਰੀਦੇ, ਇੱਕ ਕੋਠੀ ਮਨਪਸੰਦ ਨਕਸ਼ੇ ਮੁਤਾਬਿਕ ਬਣਾਉਣੀ ਸ਼ੁਰੂ ਕਰ, ਇੱਕ ਚੰਗੇ ਸਮਝਦਾਰ ਕਾਰੀਗਰ ਨੂੰ ਦੇਖਰੇਖ ਵਿੱਚ ਛੱਡ ਕੇ ਮੈਂ ਆਪ ਸ਼ਿੱਪ ਦੀ ਡਿਊਟੀ ਚਲਾ ਜਾਂਦਾ। ਪਤਨੀ ਜ਼ਿਆਦਾਤਰ ਆਪਣੇ ਪੇਕੇ ਘਰ ਰਹਿੰਦੀ ਜਿੱਥੇ ਪਤਨੀ ਅਕਸਰ ਚੱਲਦੀਆਂ ਧਾਰਮਿਕ ਰਹੁ ਰੀਤਾਂ ਬਾਰੇ ਮੈਨੂੰ ਦੱਸਦੀ ਰਹਿੰਦੀ। ਜਾਂ ਕਦੀ ਕਦੀ ਆਪਣੀਆਂ ਕਿੱਟੀ ਪਾਰਟੀਆਂ ਦਾ ਜ਼ਿਕਰ ਕਰਦੀ ਕਿ ਕਿਵੇਂ ਔਰਤਾਂ ਉਹਦੇ ਪਹਿਰਾਵੇ ਤੇ ਉਸਦੇ ਸੁਹੱਪਣ ਦੀ ਤਾਰੀਫ ਕਰਦੀਆਂ ਤੇ ਕੁਝ ਵਿੱਚੋ ਵਿੱਚ ਜਲਨ ਵੀ ਮਹਿਸੂਸ ਕਰਦੀਆਂ ਹਨ। ਮਨਚਾਹੀ ਕੋਠੀ ਤਿਆਰ ਹੋ ਚੁੱਕੀ ਸੀ। ਮਹੂਰਤ ਮੇਰੇ ਆਉਣ ਤੇ ਹੀ ਹੋਣਾ ਸੀ। ਜੌਬ ਤੋਂ ਛੁੱਟੀ ਮਿਲੀ ਤਾਂ ਆਪਣੀ ਮਨਪਸੰਦ ਕੋਠੀ ਵਿੱਚ ਆਪਣੀ ਪਤਨੀ ਅਤੇ ਬੱਚੀ ਨਾਲ ਕੁਝ ਦਿਨ ਮਾਨਣ ਦੀ ਅਗੰਮੀ ਤਾਂਘ, ਪਤਨੀ ਨਾਲ ਰੁਮਾਂਸ ਦੇ ਦਿਸਹੱਦਿਆਂ ਵਿੱਕ ਕੁੱਦਣ ਦੀ ਵਿਉਂਤੀ ਲਲਕ, ਕਿੰਨਾ ਕੁਝ ਖੁਸ਼ਨੁਮਾ ਜੋ ਸੋਚ ਸੋਚ ਆਪਣੇ ਮਨ ਅੰਦਰ ਕਿੰਨੇ ਦਿਨਾਂ ਤੋਂ ਇੱਕ ਕੂਲਾ ਕੂਲਾ ਅਹਿਸਾਸ ਮਹਿਸੂਸ ਕਰ ਰਿਹਾ ਸੀ, ਨੂੰ ਬੂਰ ਪੈਣ ਦਾ ਵਕਤ ਆ ਗਿਆ ਜਾਪ ਰਿਹਾ ਸੀ।

ਆਪਣੇ ਅਰਮਾਨਾਂ ਦੀ ਸੁਪਨਮਈ ਨੀਂਦ ਵਿੱਚ ਘਰ ਆਇਆ ਤਾਂ ਪਤਨੀ ਪੂਰੀ ਤਰਾਂ ਸੱਜ ਵਿਆਹੀ ਨਾਰ ਵਾਗੂੰ ਸਜੀ ਸੰਵਰੀ, ਨਵੀਂ ਨਵੇਲੀ ਦੁਲਹਨ ਵਾਂਗ ਹੀ ਚਮਕ ਦਮਕ ਵਾਲੀ ਕੋਠੀ ਵਿੱਚ ਚਹਿਲ ਕਦਮੀ ਕਰਦੀ ਮਿਲੀ। ਆਪਣੇ ਲਹੂ ਦੀ, ਆਪਣੀ ਬੇਟੀ ਦੀ ਮਾਸੂਮੀਅਤ ਨੇ ਕਿੰਨੀ ਥਕਾਵਟ ਪਲਾਂ ਵਿੱਚ ਹੀ ਦੂਰ ਕਰ ਦਿੱਤੀ। ਇਉਂ ਜਾਪ ਰਿਹਾ ਸੀ ਜਿਵੇਂ ਰਾਂਗਲੇ ਅਹਿਸਾਸ ਦੀ ਇੱਕ ਨਵੀਂ ਨਕੋਰ ਦੁਨੀਆਂ ਉਸਰ ਰਹੀ ਹੋਵੇ। ਰਾਤ ਪਹਿਲੇ ਘਰ ਹੀ ਸੌਣ ਦਾ ਪ੍ਰੋਗਰਾਮ ਸੀ।

ਪਰ ਰਾਤ ਪਤਨੀ ਦਾ ਮੂਡ ਕਿਸੇ ਕਿਸਮ ਦਾ ਇਸ਼ਾਰਾ ਨਹੀਂ ਸੀ ਕਰ ਰਿਹਾ। ਮੇਰੀ ਕੋਸ਼ਿਸ਼ ਨਾਲ ਹਮਬਿਸਤਰ ਤਾਂ ਹੋਏ ਪਰ ਜਿਵੇਂ ਉਹਦਾ ਮਨ ਕਚਿਆ ਜਿਹਾ ਹੋਵੇ। ਨਿਪਟਦਿਆਂ ਹੀ ਉਹ ਨਹਾਉਣ ਵਾਸਤੇ ਬਾਥਰੂਮ ਗਈ। ਆਉਂਦਿਆਂ ਹੀ ਉਸ ਮੈਨੂੰ ਹੁਕਮ ਵਾਂਗ ਕਿਹਾ, ”ਵਿਵੇਕ ਪਲੀਜ਼ ਪਹਿਲਾਂ ਨਹਾ ਕੇ ਫਰੈਸ਼ ਹੋ ਕੇ ਆਓ।” ਅਜੇ ਮੇਰਾ ਮੂਡ ਬਿਲਕੁੱਲ ਵੀ ਨਹਾਉਣ ਦਾ ਨਹੀਂ ਸੀ। ਪਰ ਫਿਰ ਵੀ ਔਖਾ ਜਾਪਦਾ ਇਹ ਕਰਮ ਉਹਦਾ ਦਿਲ ਰੱਖਣ ਲਈ ਮੈਂ ਮੰਨ ਲਿਆ।

ਅਗਲੇ ਦਿਨ ਕੋਠੀ ਦਾ ਮਹੂਰਤ ਸੀ। ਪਤਨੀ ਪੂਰੀ ਤਰਾਂ ਸਜਧਜ ਕੇ ਤਿਆਰ ਹੋਈ ਫਿਰਦੀ ਸੀ। ਇੱਕ ਮਹੀਨਿਆਂ ਬੱਧੀ ਦੂਰ ਰਹਿਣ ਦਾ ਹੇਰਵਾ, ਦੂਸਰਾ ਆਪਣੇ ਹੱਥੀਂ ਸਿਰਜੇ ਆਪਣੇ ਸੰਸਾਰ ਦੀ ਖੁਸ਼ੀ ਤੇ ਪਤਨੀ ਦੀ ਡੁੱਲ ਡੁੱਲ ਪੈਂਦੀ ਖੂਬਸੂਰਤੀ ਮੈਥੋਂ ਰਿਹਾ ਨਾ ਗਿਆ ਤੇ ਮੌਕਾ ਮਿਲਦਿਆਂ ਹੀ ਮੈਂ ਤਿਆਰ ਹੋਈ ਹੋਈ ਨੂੰ ਘੁੱਟ ਕੇ ਕਲਾਵੇ ਨਾਲ ਭਰ ਲਿਆ।

ਪਹਿਲਾਂ ਤਾਂ ਮੈਨੂੰ ਲੱਗਿਆ ਕਿ ਉਹਨੇ ਮੈਨੂੰ ਝਟਕ ਦੇਣ ਦੀ ਕੋਸ਼ਿਸ਼ ਕੀਤੀ ਪਰ ਫਿਰ ਸ਼ਾਇਦ ਮੌਕੇ ਦੀ ਨਜ਼ਾਕਤ ਭਾਂਪਦਿਆਂ ਕੁਝ ਸੰਭਲ ਗਈ, ”ਕੀ ਕਰ ਰਹੇ ਹੋ ਵਿਵੇਕ, ਮੇਰੇ ਸਾਰੇ ਕਪੜੇ ਵੱਟੋ ਵੱਟ ਕਰ ਦਿੱਤੇ, ਕੀ ਹੋ ਯਾਰ ਤੁਸੀਂ ਵੀ।” ਝਟਕਾ ਤਾਂ ਬਹੁਤ ਲੱਗਿਆ ਪਰ ਇਸ ਮੌਕੇ ਸਹਿ ਜਾਣ ਤੋਂ ਇਲਾਵਾ ਹੋਰ ਕੋਈ ਚਾਰਾ ਵੀ ਤਾਂ ਨਹੀਂ ਸੀ।

ਕੋਠੀ ਦੇ ਮਹੂਰਤ ਦੀ ਪੂਜਾ, ਮਹਿਮਾਨ ਨਿਵਾਜ਼ੀ ਤੇ ਕੋਠੀ ਵਿੱਚ ਸ਼ਿਫਟ ਹੋਣ ਲਈ ਰੱਖ ਰਖਾਵ ਦੇ ਮਗਰੋਂ ਪੈਦਾ ਹੋਈ ਥਕਾਵਟ ਵਿੱਚ ਕੁਝ ਦਿਨ ਰੀਲੈਕਸ ਹੁੰਦਿਆਂ ਹੀ ਨਿਕਲ ਗਏ।

ਫਿਰ ਆਪਣੀ ਨਵੀਂ ਨਵੇਲੀ ਕੋਠੀ ਵਿੱਚ ਪਤਨੀ ਨਾਲ ਮਿਲਨ ਦੀ ਚਾਹ ਪ੍ਰਗਟਾਈ ਤਾਂ ਉਹ ਨੇ ਸੱਚੀ ਮੁੱਚੀ ਝਟਕ ਦਿੱਤਾ, ”ਕੀ ਐ ਵਿਵੇਕ, ਮੈਂਥੋਂ ਨਹੀਂ ਹੁੰਦਾ ਰੋਜ਼ ਰੋਜ਼ ਇਹ ਕੰਮ, ਮੈਥੋਂ ਨਹੀਂ ਗੰਦ ਵਿੱਚ ਲਿਬੜਿਆ.....।”

ਮੇਰੇ ਹੋਸ਼ ਹਵਾਸ ਮੈਨੂੰ ਜਿੱਦਾਂ ਜੁਆਬ ਹੀ ਦੇ ਗਏ। ਇੱਕ ਈਗੋ ਵੀ ਉੱਠ ਖਲੋਤੀ। ਇਹ ਕੀ ਸੀ। ਮੇਰੇ ਕਮਾਏ ਪੈਸੇ ਨਾਲ ਮਹਿੰਗੇ ਕੱਪੜੇ ਪਾਉਂਦੀ, ਪਰਫਿਊਮਜ਼ ਖ਼੍ਰੀਦਦੀ, ਔਰਤਾਂ ਤੋਂ ਆਪਣੇ ਸੁਹੱਪਣ ਤੇ ਆਪਣੀ ਅਮੀਰੀ ਦੇ ਗੁਣਗਾਣ ਕਰਵਾਉਂਦੀ ਉਛੱਲ ਉਛੱਲ ਪੈਂਦੀ। ਪਰ ਮੇਰੇ ਲਈ.....।

ਮੇਰੇ ਲਈ ਤਾਂ ਉਹਦੇ ਕੋਲ ਜਿਵੇਂ ਵਕਤ ਸੁੱਕਣੇ ਪਾਇਆ ਹੁੰਦਾ। ਘਰ ਵਿੱਚ ਵਿਹਲ ਹੁੰਦੀ ਤਾਂ ਮਸ਼ੀਨ ਵਿੱਚ ਕੱਪੜੇ ਸੁੱਟ ਲੈਂਦੀ, ਰਸੋਈ ਦਾ ਸਾਰਾ ਕੰਮ ਆਪ ਸਮੇਟਣ ਲੱਗ ਪੈਂਦੀ। ਇੰਨੀ ਜ਼ਿਆਦਾ ਸਫ਼ਾਈ ਪਸੰਦ ਕਿ ਮਜ਼ਬੂਰੀ ਵੱਸ ਕੋਠੀ ਦੀ ਲੀਪਾ ਪੋਚੀ ਤੋਂ ਬਿਨਾ ਉਹ ਕਪੜਿਆਂ ਦੇ ਪਰੈੱਸ ਕਰਨ ਤੱਕ ਅਤੇ ਰਸੋਈ ਵਿੱਚ ਕੋਈ ਦੂਸਰਾ ਹੱਥ ਬਰਦਾਸ਼ਤ ਨਹੀਂ ਸੀ ਕਰਦੀ। ਫਿਰ ਸ਼ਾਮ ਢਲੇ ਕੁਝ ਸ਼ਾਪਿੰਗ, ਖਾਣ ਪੀਣ ਤੇ ਰਾਤ ਨੂੰ ਥਕਾਵਟ ਦੀ ਦੁਹਾਈ।

ਮੇਰੇ ਲਈ ਉਮੰਗਾਂ ਦਾ ਮੇਰਾ ਕਿਆਸਿਆ ਸਮੁੰਦਰ ਸਾਡੇ ਦੋਹਾਂ ਵਿੱਚਕਾਰ ਇੱਕ ਖਾਈ ਬਣਕੇ ਰਹਿ ਗਿਆ ਕੇ ਮੇਰੀ ਕੋਠੀ ਘਰ ਨਾ ਬਣ ਸਕਣ ਦੇ ਸਰਾਪ ਨਾਲ ਜਿਵੇਂ ਗ੍ਰੱਸੀ ਗਈ।

ਮੈਂ ਆਪਣੇ ਤੌਰ ਤੇ ਮਨੋਵਿਗਿਆਨੀਆਂ ਨਾਲ ਮਸ਼ਵਰਾ ਵੀ ਕੀਤਾ। ਉਹ ਆਖਦੇ ਕੋਈ ਬਚਪਨ ਦਾ ਮਾੜਾ ਤਜ਼ਰਬਾ, ਕੋਈ ਵਿਆਹ ਤੋਂ ਪਹਿਲਾਂ ਲਵਰਿਲੇਸ਼ਨ, ਬਹੁਤ ਜ਼ਿਆਦਾ ਸਫਾਈ ਪਸੰਦ ਹੋਣਾ ਜਾਂ ਹੋਰ ਵੀ ਕੋਈ ਸਰੀਰਕ ਕਮਜ਼ੋਰੀ। ਪਰ ਉਸ ਵਾਸਤੇ ਸਾਡੀ ਦੋਨਾਂ ਦੀ ਕਾਊਂਸਲਿੰਗ ਬਹੁਤ ਜ਼ਰੂਰੀ ਸੀ। ਉਹਦੇ ਬਚਪਨ ਬਾਰੇ ਮੈਨੂੰ ਥਾਹ ਨਹੀਂ ਸੀ ਹੋ ਸਕਦੀ। ਲਵਰਿਲੇਸ਼ਨ ਬਾਰੇ ਵੀ ਕੋਈ ਇਸ਼ਾਰਾ ਨਹੀਂ ਮਿਲਿਆ। ਸ਼ੱਕ ਤਾਂ ਸੀ, ਕਦੀ ਕਦੀ ਉਹਦਾ ਮੋਬਾਇਲ ਚੋਰੀ ਚੋਰੀ ਚੈੱਕ ਕਰਦਾ ਤਾਂ ਮਾਂ ਬਾਪ ਤੋਂ ਬਿਨਾ ਕਿਸੇ ਨਾਲ ਗੱਲਬਾਤ

ਕਰਦੀ ਬਹੁਤ ਘੱਟ ਲੱਗੀ। ਹਾਂ ਸਫਾਈ ਪਸੰਦ ਤਾਂ ਸੀ ਹੀ।

ਪਤਨੀ ਨਾਲ ਇਸ ਕਾਊਂਸਲਿੰਗ ਬਾਰੇ ਗੱਲ ਕੀਤੀ ਤਾਂ "ਨਾ ਮੈਨੂੰ ਕਿਹੜੀ ਬਿਮਾਰੀ ਆ ਕੋਈ" ਕਹਿਕੇ ਉਸ ਪੱਲਾ ਝਾੜ ਦਿੱਤਾ।

ਕੁਝ ਸਮਾਂ ਤਾਂ ਆਪਣੀ ਬੱਚੀ ਨਾਲ ਤੇ ਇੱਧਰ ਉੱਧਰ ਦੇ ਆਹਰਾਂ ਦੇ ਵਿੱਚ ਬੀਤ ਜਾਂਦਾ ਪਰ ਬਾਕੀ ਸਮੇਂ ਪਤਨੀ ਦੀ ਬੇਰੁਖੀ ਦਾ ਜ਼ਖ਼ਮ ਜ਼ਿਹਨ ਨੂੰ ਡੱਲ ਅਤੇ ਬੋਝਲ ਕਰਨ ਲੱਗ ਪਿਆ ਸੀ।

ਇੱਦਾਂ ਹੀ ਇੱਕ ਦਿਨ ਮਨ ਬੜਾ ਭਾਰਾ ਭਾਰਾ, ਰੁਆਂਸਿਆ ਜਿਹਾ ਸੀ। ਸੋਚਿਆ ਕਿ ਚੱਲ ਕੇ ਲੱਤ ਫਰੈਕਚਰ ਕਰਾਈ ਬੈਠੇ ਮਿੱਤਰ ਦਾ ਹਾਲ ਚਾਲ ਹੀ ਪੁੱਛ ਆਵਾਂ। ਮਿੱਤਰ ਦਾ ਹਾਲ ਪੁੱਛ ਹਸਪਤਾਲੋਂ ਬਾਹਰ ਨਿਕਲਣ ਲੱਗਿਆ ਤਾਂ ਦੇਖਿਆ ਇੱਕ ਔਰਤ ਬੜੀ ਲਾਚਾਰੀ ਵੱਸ ਇੱਧਰ ਉੱਧਰ ਛਟਪਟਾ ਜਿਹੀ ਰਹੀ ਸੀ। ਲੰਮ ਸਲੰਮੀ ਮੇਰੀ ਪਤਨੀ ਜਿਹੀ ਰੰਗ ਵਿੱਚ ਹਲਕਾ ਸਾਵਲਾਂਪਣ, ਖਿੱਚ ਪਾਊ ਦਿੱਖ ਪਰ ਉਦਾਸ ਅਤੇ ਸਹਿਮੀ ਜਿਹੀ। ਮੈਂ ਉਹਦੇ ਵੱਲ ਧਿਆਨ ਦੇਣੋ ਆਪਣੇ ਆਪ ਨੂੰ ਫਰਜ਼ ਨਹੀਂ ਸਕਿਆ ਪਰ ਉਹ ਵੀ ਝੱਕਦੀ ਝੱਕਦੀ ਪਤਾ ਨਹੀਂ ਕੀ ਸੋਚ ਮੇਰੇ ਕੋਲ ਆ ਗਈ। "ਸਰ... ਸਰ... ਪਲੀਜ਼ ਹੈਲਪ ਸੀ, ਮੇਰੇ ਪਤੀ ਐਕਸਪਾਇਰ ਹੋ ਗਏ ਹੈ, ਬੱਸ ਥੋੜੇ ਪੈਸੇ ਕਮ ਹੈ, ਵੋ ਬਾਡੀ ਨਹੀਂ ਦੇ ਰਹੇ, ਆਪ ਹੈਲਪ ਕਰਦੋ, ਆਪਕਾ ਏਕ ਏਕ ਪੈਸਾ ਚੁਕਤਾ ਕਰ ਦੂੰਗੀ।" "ਕਿਤਨੇ ਪੈਸੇ.....?" "ਸਾਤ ਹਜ਼ਾਰ ਸਰ।" ਮੈਂ ਵੈਸੇ ਵੀ ਛੁੱਟ ਪੁੱਟ ਲੋੜਵੰਦਾਂ ਦੀ ਮੱਦਦ ਕਰ ਦਿੰਦਾ ਸੀ, ਇਸ ਲਈ ਮੈਂ ਤਿਆਰ ਹੋ ਗਿਆ। ਹਸਪਤਾਲ ਦੀ ਮੈਨੇਜਮੈਂਟ ਨੂੰ ਮੈਂ ਫਟਕਾਰ ਵੀ ਪਾਈ ਕਿ ਉਹ ਕਿਵੇਂ ਇੱਕ ਮਜ਼ਬੂਰ ਔਰਤ ਨੂੰ ਪ੍ਰੇਸ਼ਾਨੀ ਵਿੱਚ ਪਾ ਸਕਦੇ ਸੀ। ਪੈਸੇ ਦੇ ਕੇ ਡੈੱਡ ਬਾਡੀ ਐਬੂਲੈਂਸ ਵਿੱਚ ਰੱਖਵਾ ਮੈਂ ਉਹਦੇ ਘਰ ਤੱਕ ਚਲਾ ਗਿਆ।

ਉਹ ਬਿਹਾਰ ਤੋਂ ਸੀ ਪੜ੍ਹੀ ਲਿਖੀ। ਇੱਥੇ ਲੁਧਿਆਣੇ ਨਾਮੀ ਪ੍ਰਾਈਵੇਟ ਸਕੂਲ ਵਿੱਚ ਹਿੰਦੀ ਟੀਚਰ। ਮਾਂ ਬਾਪ ਤੋਂ ਬਾਹਰੀ ਕੁੜੀ ਨੂੰ ਚਾਚਿਆਂ ਤਾਇਆਂ ਨੇ ਆਪਣੇ ਮਨੋ ਚੰਗੇ ਰਸੂਖ ਵਾਲੇ ਖਾਨਦਾਨ ਦੇ ਪੜ੍ਹੇ ਲਿਖੇ ਮੁੰਡੇ ਨਾਲ ਵਿਆਹਿਆ ਜੋ ਲੁਧਿਆਣੇ ਕਿਸੇ ਚੰਗੀ ਫਰਮ ਵਿੱਚ ਨੌਕਰ ਸੀ। ਪਤੀ ਨਾਲ ਉਹ ਲੁਧਿਆਣੇ ਆ ਗਈ। ਚਾਚਿਆਂ ਤਾਇਆਂ ਜਿਵੇਂ ਬੋਝ ਲਾਹ ਕੇ ਫਿਰ ਬਹੁਤੀ ਸਾਰ ਨਾ ਲਈ। ਪਤੀ ਨਸ਼ੇੜੀ ਨਿਕਲਿਆ ਤੇ ਇਹੀ ਉਹਦੀ ਮੌਤ ਦਾ ਕਾਰਣ ਹੀ ਬਣ ਗਿਆ।

ਅਗਲੇ ਦਿਨ ਸੰਸਕਾਰ ਤੇ ਵੀ ਮੈਂ ਚਲਾ ਗਿਆ। ਬੱਸ ਕੋਈ ਪੰਜ ਸੱਤ ਮੈਂਬਰ ਹੀ ਇਸ ਸ਼ਹਿਰ ਵਿੱਚ ਉਹਦੇ ਨਾਲ ਸਨ।

ਕੁਝ ਕੁ ਦਿਨਾਂ ਮਗਰੋਂ ਉਹਦੀ ਕਾਲ ਆਈ। ਮੈਂ ਗਿਆ ਤਾਂ ਉਹਨੇ ਉਧਾਰ ਲਏ ਪੈਸੇ ਵਾਪਸ ਕਰਨ ਦੀ ਕੋਸ਼ਿਸ਼ ਕੀਤੀ। "ਜੋ ਚਲੇ ਹੀ ਗਏ ਉਨਕਾ ਉਧਾਰ ਕੈਸਾ?" "ਉਧਾਰ ਤੋਂ ਮੈਨੇ ਲੀਆ ਥਾ ਨਾ...", ਉਹਨੇ ਦਲੀਲ ਦਿੱਤੀ।

"ਦੇਖੀਏ ਆਪ ਜੋ ਮਰਜ਼ੀ ਕਹੇਂ, ਮੁਝੇ ਆਪਕਾ ਪੈਸਾ ਆ ਗਿਆ ਸਮਝੋ, ਪਰ ਮੈਂ ਯੇ ਪੈਸਾ ਵਾਪਸ ਨਹੀਂ ਲੇ ਸਕਤਾ।"

ਉਹਨੇ ਮੇਰੇ ਵੱਲ ਗਹਿਰੀ ਨਜ਼ਰ ਨਾਲ ਦੇਖਿਆ, ਹਲਕੀ ਜਿਹੀ ਮੁਸਕਰਾਹਟ ਉਹਦੇ ਬੁੱਲ੍ਹਾਂ ਤੋਂ ਤਿਲਕੀ ਤੇ ਸ਼ੁਕਰੀਆ ਕਰਦਿਆਂ ਬੋਲੀ, "ਆਪ ਬਹੁਤ ਅੱਛੇ ਹੈਂ, ਕਭੀ ਕਭੀ ਮਿਲ ਜਾਇਆ ਕਰੋ। ਮੈਂ ਉਹਦੀਆਂ ਅੱਖਾਂ ਵਿਚਲੀ ਗਹਿਰਾਈ ਨਾਪਦਿਆਂ", "ਜ਼ਰੂਰ ਕੋਸ਼ਿਸ਼ ਕਰੂੰਗਾ", ਕਹਿ ਕੇ ਵਾਪਸ ਚਲਾ ਆਇਆ।

ਦੋ ਚਾਰ ਵਾਰ ਦੀਆਂ ਮਿਲਣੀਆਂ ਤੋਂ ਮਗਰੋਂ ਪਤਾ ਨਹੀਂ ਕਿਉਂ ਮੇਰੇ ਮਨ ਵਿੱਚ ਨਵੇਂ ਅਹਿਸਾਸਾਂ ਦੇ ਚਸ਼ਮੇ ਫੁੱਟਣ ਲੱਗ ਪਏ। ਮੈਨੂੰ ਇਉਂ ਮਹਿਸੂਸ ਹੋਣ ਲੱਗ ਪਿਆ ਜਿਵੇਂ ਉਸਨੂੰ ਮੇਰੀ ਤੇ ਉਸਤੋਂ ਵੀ ਵੱਧ ਮੈਨੂੰ ਉਸਦੀ ਜਰੂਰਤ ਸੀ।

ਮੈਂ ਉਹਦੇ ਅੰਦਰ ਦੀ ਥਾਹ ਪਾਉਣਾ ਚਾਹੁੰਦਾ ਸੀ, ਕਿਉਂਕਿ ਉਹਦੀ ਕੱਦ ਕਾਠੀ ਮੇਰੀ ਪਤਨੀ ਵਰਗੀ ਹੀ ਸੀ, ਇਸ ਲਈ ਉਹਦੇ ਵਾਸਤੇ ਆਪਣੀ ਮਨਪਸੰਦ ਦਾ ਸੂਟ ਖਰੀਦ ਲਿਆ। ਜਦੋਂ ਸੂਟ ਮੈਂ ਉਸਨੂੰ ਗਿਫਟ ਕੀਤਾ ਤਾਂ ਥੋੜਾ ਹੈਰਾਨ ਹੋਈ, ਫਿਰ ਇੱਕ ਖੁਸ਼ੀ ਉਹਦੇ ਚਿਹਰੇ ਤੇ ਦੌੜੀ ਤੇ ਸੂਟ ਮੱਥੇ ਨੂੰ ਛੂਹਾ ਕਿ ਉਸ ਰੱਖਣ ਦੀ ਸਹਿਮਤੀ ਦੇ ਦਿੱਤੀ।

"ਜ਼ਰੂਰ ਪਹਿਨ ਕਰ ਦੇਖਣਾ, ਸ਼ਾਇਦ ਆਪ ਕੋ ਭੀ ਪਸੰਦ ਆਏ।"

"ਕਿਉਂ ਨਹੀ।"

ਅਗਲੀ ਵਾਰੀ ਕਾਲ ਆਈ ਤਾਂ ਉਹ ਉਹੀ ਸੂਟ ਪਾ ਕੇ ਮਿਲੀ। ਪਹਿਲੀ ਵਾਰੀ ਮੈਂ ਉਹਦੀਆਂ ਅੱਖਾਂ ਵਿੱਚ ਕੁਝ ਤੈਰਦਾ, ਕੁਝ ਭਾਲਦਾ, ਕੁਝ ਮੰਗਦਾ ਅਹਿਸਾਸ ਦੇਖਿਆ। ਉਹਦੀ ਸੁੱਹਪਣਭਰੀ ਮਿਕਨਾਤੀਸੀ, ਸਾਦਗੀ ਭਰੀ ਖਿੱਚ ਨੇ ਮੈਨੂੰ ਉਸਨੂੰ ਕਲਾਵੇ ਵਿੱਚ ਭਰ ਲੈਣ ਦੀ ਜ਼ਰੂਰਤ ਲਈ ਪ੍ਰੇਰਿਤ ਕਰ ਦਿੱਤਾ। ਜਿਉਂ ਹੀ ਮੈਂ ਉਸਨੂੰ ਕਲਾਵੇ ਵਿੱਚ ਲਿਆ ਤਾਂ ਉਸਨੇ ਕੋਈ ਵਿਰੋਧ ਨਹੀਂ ਜਤਾਇਆ। ਪਲ ਲੰਬੇ ਹੋ ਗਏ, ਪਕੜ ਹੋਰ ਪੀਡੀ ਤੇ "ਮੁਹੱਬਤ ਵਿਸ਼ਾਲ", ਜੇ ਮੇਰੀ ਸੋਚ ਸੱਚ ਨਿਕਲੇ।

ਜਦੋਂ ਮੈਂ ਛੱਡਿਆ ਤਾਂ ਉਹਦੇ ਕੱਪੜੇ ਵੀ ਵੱਟੋ ਵੱਟ ਹੋ ਗਏ। "ਉਹੋ, ਆਪਕੇ ਕਪੜੋ ਮੇਂ ਸਿਲਵਟੇਂ ਪੜ ਗਈ।"

"ਕੋਈ ਨਾ ਇਨ ਸਿਲਵਟੋ ਮੇਂ ਆਪਕਾ ਪਿਆਰ ਕੈਦ ਹੋ ਗਿਆ ਹੈ।"

ਮੈਂ ਕੋਈ ਬਹੁਤਾ ਕਾਵਿਕ ਨਹੀਂ ਹਾਂ, ਸਾਧਾਰਨ ਪ੍ਰਾਣੀ ਹਾਂ, ਪਰ ਉਹਦੀ ਕਾਵਿਕਤਾ ਨੇ ਮੇਰੇ ਅੰਦਰ ਇੱਕ ਜਵਾਰ ਲੈ ਆਂਦਾ ਤੇ ਮੈਂ ਕਿਸੇ ਸੁਨਾਮੀ ਦੀ ਉਡੀਕ ਕਰਨ ਲੱਗ ਪਿਆ ਜੀਹਦੇ ਵਿੱਚ ਮੇਰੀ ਪਤਨੀ ਦੀ ਪੈਦਾ ਕੀਤੀ ਤਲਖੀ ਰੁੜ ਪੁੜ ਜਾਵੇ, ਉੱਡਪੁੱਡ ਜਾਵੇ।

ਫਿਰ ਅਸੀਂ ਅਕਸਰ ਘੁੰਮਣ ਫਿਰਨ ਲੱਗ ਪਏ। ਕਦੀ ਕਦੀ ਚੰਗੇ ਰੈਸਟੋਰੈਂਟਾਂ ਵਿੱਚ ਖਾਣ ਪੀਣ ਵੀ ਕਰਦੇ। ਉਹ ਬਹੁਤ ਘੱਟ ਜਾਂ ਕਹਿ ਲਉ ਨਾਮਾਤਰ ਹੀ ਆਪਣੀ ਕੋਈ ਫੁਰਮਾਇਸ਼ ਕਰਦੀ, ਮੈਨੂੰ ਜੋ ਠੀਕ ਲੱਗਦਾ ਮੈਂ ਮੰਗਵਾ ਲੈਂਦਾ ਤੇ ਬਿੱਲ ਚੁੱਕਤਾ ਕਰ ਦਿੰਦਾ।

ਇੱਕ ਦਿਨ ਖਾਣ ਪੀਣ ਦਾ ਪ੍ਰੋਗਰਾਮ ਬਣਿਆ ਤਾਂ ਅੜ ਗਈ ''ਪੇਮੈਂਟ ਮੈਂ ਕਰੂੰਗੀ।'' ''ਤੁਮ ਮੁਝੇ ਆਪਣਾ ਨਹੀਂ ਸਮਝਤੀ?'' ''ਆਪਣੋ ਪੇ ਅਪਨਾ ਕੁਛ ਲੁਟਾ ਕੇ ਕਿਆ ਸਕੂਨ ਮਿਲਤਾ ਹੈ, ਮੈਂ ਭੀ ਤੋ ਦੇਖੂੰ, ਸਾਰਾ ਸਕੂਨ ਆਪਕੋ ਥੋੜੇ ਲੈਨੇ ਦੂੰਗੀ।''

ਉਹਦੇ ਚਿਹਰੇ ਤੇ ਤਲਿਸੱਮੀ ਮੁਸਕਰਾਹਟ ਫੈਲ ਗਈ। ਮੈਂ ਵੀ ਹੱਸ ਪਿਆ ਤੇ ਉਹਦੀ ਮੰਗ ਅੱਗੇ ਕੋਈ ਜ਼ਿਦ ਕਰਨ ਦੀ ਗੁੰਜ਼ਾਇਸ਼ ਨਹੀਂ ਜਾਪੀ।

ਉਸ ਇੱਕ ਦਿਨ ਮੈਂ ਥੱਕਿਆ ਹਾਰਿਆ ਸੀ। ਅਸਲ ਵਿੱਚ ਰਾਤ ਪਤਨੀ ਨਾਲ ਥੋੜਾ ਬੋਲ ਬੁਲਾਰਾ ਹੋ ਗਿਆ ਸੀ। ਮੈਥੋਂ ਕਹਿ ਹੋ ਗਿਆ, ''ਲੱਗਦਾ ਮੈਨੂੰ ਹੋਰ ਕਿਤੇ ਝੱਖ ਮਾਰਨਾ ਪੈਣਾ।'' ਉਹ ਵੀ ਤਪਾਕ ਦੇਣੇ ਗੁੱਸੇ ਦੇ ਆਪਣੇ ਵੇਗ ਵਿੱਚ ਸ਼ਾਇਦ ਕਹਿ ਗਈ, ''ਫੇਰ ਮਾਰ ਕਿਉਂ ਨਹੀਂ ਲੈਂਦੇ ਮੇਰਾ ਖਹਿੜਾ ਛੁੱਟੇ...।''

ਉਸ ਦਿਨ ਸ਼ਾਮ ਢਲੇ ਮੈਂ ਬਾਜ਼ਾਰ ਗਿਆ, ਇੱਕ ਕੁਰਤਾ ਪਜਾਮਾ ਖਰੀਦ ਕੇ ਬੈਗ ਵਿੱਚ ਪਾਇਆ, ਠੇਕੇ ਤੋਂ ਵਧੀਆ ਬਰਾਂਡ ਦੀ ਵਿਸਕੀ ਦਾ ਅੱਧੀਆ ਖਰੀਦਿਆ ਤੇ ਮਮਤਾ ਕੋਲ, ਹਾਂ ਤੇ ਉਹਦਾ ਨਾਮ ਮਮਤਾ ਸੀ ਜਿਹੜੀ ਹੁਣ ਮੈਨੂੰ ਥੋੜੀ ਥੋੜੀ ਆਪਣੀ ਮੁਹੱਬਤ ਲੱਗਣ ਪਈ ਸੀ ਤੋਂ ਕਿਸੇ ਨਿੱਘੇ ਸਕੂਨ ਦੀ ਆਸ ਲਈ ਜਾ ਪਹੁੰਚਿਆ। ਅੱਜ ਉਹ ਸਾੜੀ ਵਿੱਚ ਸੀ, ਉਹਦੀ ਮੁਸਕਰਾਹਟ ਤੇ ਸਾੜੀ 'ਚੋਂ ਝਾਤੀਆਂ ਮਾਰਦੇ ਸਰੀਰ ਦੀ ਕੋਸ਼ਿਸ਼ ਨੇ ਮੇਰੀ ਅਕਾਵਟ ਨੂੰ ਕੁਝ ਰਾਹਤ ਦੇ ਦਿੱਤੀ।

''ਮਮਤਾ ਆਜ ਮੈਂ ਬਹੁਤ ਥਕਾ ਹਾਰਾ ਹੂੰ, ਦੋ ਪੈੱਗ ਲਗਾਊਂਗਾ।''

ਪਹਿਲਾਂ ਉਹ ਥੋੜਾ ਸਹਿਮੀ ਜੋ ਸ਼ਾਇਦ ਜਾਇਜ਼ ਵੀ ਸੀ। ਆਪਣੇ ਸਾਊ ਪਰ ਨਸ਼ੇ ਦੀ ਜੱਦ ਵਿੱਚ ਆਏ ਆਪਣੇ ਪਤੀ ਨੂੰ ਜੀਉਂਦੇ ਜੀ ਉਹ ਮਰਦਿਆ, ਤੜਫਦਿਆਂ ਦੇਖਿਆ ਸੀ। ਪਰ ਜਲਦੀ ਉਹ ਸਹਿਜ ਹੋ ਗਈ।

''ਠੀਕ ਹੈ, ਪਹਿਲੇ ਆਪ ਫਰੈਸ਼ ਹੋ ਜਾਈਏ, ਮੈਂ ਆਪ ਕੇ ਲੀਏ ਆਮਲੇਟ ਵਗੈਰਾ ਬਣਾ ਕਰ ਰਖਤੀ ਹੂੰ।''

ਮੈਂ ਨਹਾ ਧੋ ਕੇ ਫਰੈਸ਼ ਹੋ ਗਿਆ ਤੇ ਕੁਰਤਾ ਪਜਾਮਾ ਪਾਕੇ ਉਹਦੇ ਬੈੱਡ ਤੇ ਬਹਿ ਗਿਆ।

''ਆਪ ਬਹੁਤ ਅੱਛੇ ਲੱਗ ਰਹੇ ਹੋ।'' ਉਹਦੇ ਬੁੱਲ੍ਹਾਂ 'ਚੋਂ ਕਿਰਦੇ ਲਫਜ਼ ਮੇਰੇ ਸਰੀਰ ਵਿੱਚ ਜ਼ਿੰਦਗੀ ਭਰ ਗਏ।

ਉਸਨੇ ਆਮਲੇਟ ਅਤੇ ਸਲਾਦ ਮੇਰੇ ਅੱਗੇ ਰੱਖ ਦਿੱਤੇ। ਆਪ ਹੀ ਪੈੱਗ ਬਣਾਇਆ ਤੇ ਫਿਰ ਥੋੜੀ ਬਰਫ ਅਤੇ ਪਾਣੀ ਮਿਲਾ ਕੇ ਗਿਲਾਸ ਮੇਰੇ ਹੱਥਾਂ ਵਿੱਚ ਫੜਾ ਦਿੱਤਾ।

ਮੈਂ ਇੱਕ ਪੈੱਗ ਪੀਤਾ ਤਾਂ ਉਹ ਮੈਨੂੰ ਨਿਹਾਰ ਕੇ ਦੇਖਣ ਲੱਗ ਪਈ। ਦੂਸਰਾ ਪੈੱਗ ਪੀਤਾ ਤਾਂ ਉਹ ਆਪ ਬੈੱਡ ਉੱਪਰ ਬੈਠ ਮੇਰੀਆਂ ਅੱਖਾਂ ਵੱਲ ਦੇਖੀ ਜਾਵੇ।

''ਕਿਆ ਦੇਖ ਰਹੀ ਹੋ ਮਮਤਾ।'' ਮੈਥੋਂ ਪੁੱਛਿਆ ਗਿਆ।

''ਆਪ ਕੀ ਆਖੋਂ ਮੇਂ ਆਪਣੇ ਆਪ ਕੋ ਖੋਜ ਰਹੀ ਹੂੰ।'' ਉਹਦੀ ਇਸ ਅਦਾ ਵਿੱਚ ਇੰਨੀ ਅਪਣੀਅਤ ਸੀ ਕਿ ਮੈਂ ਉਸਨੂੰ ਆਪਣੀਆਂ ਬਾਹਾਂ ਵਿੱਚ ਭਰ ਲਿਆ। ਉਸ ਰਾਤ ਮੈਂ ਘਰ ਨਹੀਂ ਗਿਆ। ਅਸੀਂ ਜਿਸਮਾਂ ਦੀ ਆਤਮਿਕ ਖੇਡ ਵਿੱਚ ਇਸ ਤਰਾਂ ਗਵਾਚ ਗਏ ਕਿ ਮੈਨੂੰ ਪਿਆਰ ਦੇ ਗਹਿਰੇ ਸਮੁੰਦਰ ਦੀ ਵਿਸ਼ਾਲਤਾ ਦਾ ਅਹਿਸਾਸ ਜ਼ਿੰਦਗੀ ਵਿੱਚ ਪਹਿਲੀ ਵਾਰੀ ਨਸੀਬ ਹੋਇਆ ਜੀਹਦੀ ਡੁੱਬਕੀ ਵਿੱਚ ਸਾਹ ਰੁਕਦੇ ਨਹੀਂ ਸਗੋਂ ਸਾਹਾਂ ਵਿੱਚ ਨਵੀਂ ਲਹਿਰ ਦੀ ਰਵਾਨਗੀ ਦੌੜਣ ਲੱਗ ਪੈਂਦੀ ਹੈ।

ਅਗਲੇ ਹੀ ਦਿਨ ਮੈਂ ਉਸਨੂੰ ਆਪਣੇ ਢਾਈ ਸੌ ਗਜ਼ ਦੇ ਖਰੀਦੇ ਪਲਾਟ ਵਿੱਚ ਲੈ ਗਿਆ ਜਿੱਥੇ ਹੁਣ ਬੜੇ ਸੋਹਣੇ ਸੋਹਣੇ ਘਰ ਬਣ ਰਹੇ ਸੀ।

''ਮੈਂ ਯਹਾਂ ਏਕ ਘਰ ਬਣਾਨਾ ਚਾਹਤਾ ਹੂੰ, ਆਪ ਕੀ ਰਾਇ ਚਾਹਤਾ ਹੂੰ।''

''ਯੇ ਜਗਾ ਤੋਂ ਬਹੁਤ ਹੈ, ਘਰ ਛੋਟਾ ਰਖੀਏਗਾ ਔਰ ਬਾਗ ਬਗੀਚੇ ਕੇ ਲੀਏ ਜਗਹ ਜ਼ਿਆਦਾ। ਮੇਰੀ ਤੋਂ ਯਹੀ ਰਾਇ ਹੈ।''

ਮੈਂ ਨਕਸ਼ਾ ਨਵੀਸ ਨਾਲ ਸਲਾਹ ਕਰਕੇ ਸਵਾ ਸੌ ਗਜ਼ ਵਿੱਚ ਰਿਹਾਇਸ਼ ਤੇ ਬਾਕੀ ਜਗ੍ਹਾ ਵਿੱਚ ਕੁਝ ਰਸਤਾ ਛੱਡ ਕੇ ਜਗ੍ਹਾ ਖੁਲ੍ਹੀ ਛੁਡਵਾ ਲਈ।

ਵਿਦ ਮੈਟਰੀਅਲ ਠੇਕੇ ਤੇ ਕੰਮ ਦੇ ਦਿੱਤਾ ਤੇ ਮੇਰੇ ਡਿਊਟੀ ਤੇ ਜਾਣ ਤੋਂ ਪਹਿਲਾਂ ਘਰ ਤਿਆਰ ਹੋ ਗਿਆ, ਹਾਂ ਮੈਂ ਹੁਣ ਘਰ ਹੀ ਚਾਹੁੰਦਾ ਸੀ।

ਘਰ ਬਣਾਕੇ ਮੈਂ ਮਮਤਾ ਨੂੰ ਨਾਲ ਲੈ ਗਿਆ। ਘਰ ਦੇਖ ਉਹ ਖੁਸ਼ ਹੋ ਗਈ।

''ਈਸੇ ਆਪ ਕਿਰਾਏ ਪੇ ਦੋਗੇ ਤੋਂ ਅੱਛੀ ਇਨਕਮ ਹੋ ਜਾਏਗੀ।'' ਪਤਾ ਨਹੀਂ ਉਹਨੇ ਇਹ ਗੱਲ ਕਿਉਂ ਕਹੀ, ਸ਼ਾਇਦ ਉਹ ਵੀ ਮੇਰੇ ਤੋਂ ਕੁਝ ਕਹਾਉਣ ਲਈ ਕਹਿ ਰਹੀ ਹੋਵੇ ਜਾਂ ਸੁਭਾਵਕ ਹੀ।

''ਯੇ ਘਰ ਤੁਮਹਾਰਾ ਹੈ, ਹਮ ਦੋਨੋਂ ਕਾ, ਅਬ ਤੁਮ ਕਿਰਾਏ ਪੇ ਨਹੀਂ ਰਹੋਗੀ। ਯਹਾਂ ਰਹੋਗੀ, ਆਪਣੇ ਘਰ ਮੇਂ।''

ਉਹ ਝਿਜਕਦੀ ਰਹੀ ਪਰ ਮੈਂ ਜ਼ਬਰਦਸਤੀ ਚਾਬੀਆਂ ਉਹਦੇ ਹੱਥ ਵਿੱਚ ਫੜਾ ਦਿੱਤੀਆਂ।

ਲੰਬੀ ਡਿਊਟੀ ਤੋਂ ਮਗਰੋਂ ਜਦ ਮੈਂ ਛੁੱਟੀ ਤੇ

ਆਇਆ ਤਾਂ ਸਭ ਤੋਂ ਪਹਿਲਾਂ ਮਮਤਾ ਕੋਲ ਹੀ ਗਿਆ। ਉਹ ਮੈਨੂੰ ਤੜਫ ਕੇ ਮਿਲੀ ਜਿਵੇਂ ਕਈ ਜਨਮਾਂ ਬਾਅਦ ਮਿਲੀ ਹੋਵੇ। ਘਰ ਵਿੱਚ ਉਹਦੇ ਹੱਥੀਂ ਲਾਏ ਫੁੱਲ ਬੂਟੇ ਆਪਣੀ ਮਹਿਕ ਦਾ ਪੂਰਾ ਅਹਿਸਾਸ ਕਰਾ ਕਰੇ ਸੀ। ਕੁੱਝ ਸਬਜ਼ੀਆਂ ਦੇ ਬੂਟੇ ਵੀਂ ਉਹਨੇ ਲਗਾ ਕੇ ਰੱਖੇ ਸੀ, ਅਕਸਰ ਫੋਨ ਤੇ ਕਹਿੰਦੀ ਹੁੰਦੀ ਸੀ, ''ਅਬ ਆਪ ਕੋ ਆਰਗੈਨਕ ਸਬਜ਼ੀਆਂ ਖਿਲਾਇਆ ਕਰੂੰਗੀ।''

ਹੁਣ ਮੈਨੂੰ ਜਾਪ ਰਿਹਾ ਸੀ ਭਾਵੇਂ ਇਹ ਜਗ੍ਹਾ ਮੇਰੀ ਬਣਾਈ ਗਈ ਬਹੁਮੁੱਲੀ ਕੋਠੀ ਵਰਗੀ ਨਹੀਂ ਸੀ ਪਰ ਸਭ ਤੋਂ ਉਪਰ ਇਹ ਘਰ ਸੀ।

ਹੌਲੀ ਹੌਲੀ ਪਤਨੀ ਨੂੰ ਵੀ ਅਹਿਸਾਸ ਹੋ ਗਿਆ। ਉਸਨੂੰ ਮਹਿਸੂਸ ਤਾਂ ਹੋਣਾ ਹੀ ਸੀ ਕਿਉਂਕਿ ਹੁਣ ਮੈਂ ਉਸ ਅੱਗੇ ਕਿਸੇ ਕਿਸਮ ਦੀ ਜ਼ਿਦ ਜੋ ਨਹੀਂ ਸੀ ਕਰਦਾ। ਹਾਲਾਂ ਕਿ ਮੈਂ ਉਸਨੂੰ ਇਕ ਵਾਰੀ ਫਿਰ ਕਿਸੇ ਚੰਗੇ ਸਾਈਕੈਟਰਸ ਦੀ ਸਲਾਹ ਲੈਣ ਦੀ ਗੱਲ ਕੀਤੀ ਸੀ, ਪਰ ''ਮੈਂ ਇੱਦਾਂ ਹੀ ਠੀਕ ਹਾਂ।'' ਕਹਿ ਉਸ ਮੂੰਹ ਫੇਰ ਲਿਆ ਸੀ। ਅੰਦਰੋਂ ਅੰਦਰ ਉਹ ਵੀ ਕੁਝ ਹੱਥੋਂ ਖੁੱਸਦਾ ਮਹਿਸੂਸ ਕਰ ਰਹੀ ਸੀ। ਚਾਰ ਪੰਜ ਸਾਲ ਇਸੇ ਤਰਾਂ ਬੀਤ ਗਏ, ਬੇਟੀ ਚੌਦਾਂ ਸਾਲਾਂ ਦੀ ਹੋ ਗਈ ਸੀ। ਤੇ ਅਖੀਰ ਮੈਨੂੰ ਪਤਨੀ ਅੱਗੇ ਮਮਤਾ ਦਾ ਸੱਚ ਦੱਸਣਾ ਹੀ ਪਿਆ। ਉਸਨੂੰ ਧੱਕਾ ਤਾਂ ਲੱਗਿਆ ਹੀ ਹੋਵੇਗਾ ਪਰ ਸਬਰ ਦਾ ਘੁੱਟ ਭਰਕੇ ਬੈਠ ਗਈ।

ਅਸਲ ਵਿੱਚ ਹੋਇਆ ਇਸ ਤਰ੍ਹਾਂ ਕਿ ਜਦੋਂ ਮੈਂ ਛੁੱਟੀ ਤੇ ਆਇਆ ਤੇ ਉਹਨਾਂ ਦਿਨਾਂ ਵਿੱਚ ਕਰੋਨਾ ਮਹਾਂਮਾਰੀ ਇੱਥੇ ਵੀ ਮਹਿਸੂਸ ਹੋ ਰਹੀ ਸੀ। ਮੈਨੂੰ ਗਲੇ ਵਿੱਚ ਥੋੜੀ ਤਕਲੀਫ ਮਹਿਸੂਸ ਹੋਈ ਤਾਂ ਟੈਸਟ ਕਰਾਏ ਤੇ ਟੈਸਟ ਪਾਜ਼ਿਟਵ ਨਿਕਲਿਆ। ਪਤਨੀ ਨੂੰ ਪਤਾ ਲੱਗਿਆ ਤਾਂ ਤੜਫ ਹੀ ਪਈ, ''ਵਿਵੇਕ, ਪਲੀਜ਼ ਘਰ 'ਚ ਆਪਣੀ ਬੇਟੀ ਵੀ ਐ, ਜਲਦੀ ਤੋਂ ਜਲਦੀ ਐਡਮਿਟ ਹੋ ਜਾਓ। ਇਹ ਬੜੀ ਖ਼ਤਰਨਾਕ ਬਿਮਾਰੀ ਐ।

ਮੈਂ ਮਮਤਾ ਨੂੰ ਫੋਨ ਤੇ ਦੱਸਿਆ ਤਾਂ ਉਹ ਨੂੰ ਕਾਹਲ ਪੈ ਗਈ, ''ਨਹੀਂ..... ਨਹੀਂ ਆਪ ਹਸਪਤਾਲ ਨਹੀਂ ਜਾਈਏਗਾ, ਮੇਰੇ ਪਾਸ ਆ ਜਾਓ, ਵਹਾਂ ਸੇ ਤੋ ਲੋਗ ਮਰਕੇ.....।'' ਤੇ ਅੱਗੋਂ ਉਹ ਗੱਲ ਪੂਰੀ ਨਾ ਕਰ ਸਕੀ।

ਮੈਂ ਮਮਤਾ ਕੋਲ ਚਲਾ ਗਿਆ ਤਾਂ ਉਸ ਆਕਸੀਜਨ ਨਾਪਣ ਦੇ ਯੰਤਰ ਤੋਂ ਇਲਾਵਾ ਆਕਸੀਜ਼ਨ ਦੇ ਸਿਲੰਡਰ ਤੱਕ ਦਾ ਇੰਤਜ਼ਾਮ ਕਰ ਕੇ ਰੱਖ ਲਿਆ।

ਪੰਦਰਾਂ ਦਿਨ, ਰਾਤ ਦਿਨ ਉਹਦੀ ਨਜ਼ਰ ਮੇਰੇ ਤੇ ਹੀ ਰਹੀ। ਮੇਰਾ ਬੁਖ਼ਾਰ, ਡਾਕਟਰੀ ਸਲਾਹ ਤੇ ਮਾੜੀ ਮੋਟੀ ਦਵਾਈ ਦਾ ਪੂਰਾ ਧਿਆਨ ਰੱਖਦੀ। ਕਾੜੇ ਬਣਾ ਬਣਾ ਪਿਆਉਂਦੀ ਤੇ ਗਰਮ ਪਾਣੀ ਦਾ ਇੰਤਜ਼ਾਮ ਹਮੇਸ਼ਾ ਕਰਕੇ ਰੱਖਦੀ। ਆਪ ਤਾਂ ਮਾਸਕ ਵੀ ਮੇਰੀ ਝਾੜ ਪਾਉਣ ਤੇ ਹੀ ਪਾਉਂਦੀ। ਸੈਨੇਟਾਈਜ਼ਰ ਬਾਰੇ ਵੀ ਮੈਨੂੰ ਹੀ ਉਹਨੂੰ ਯਾਦ ਕਰਵਾਉਣਾ ਪੈਂਦਾ ਪਰ ਮੇਰੇ ਲਈ ਕੋਈ ਅਣਗਹਿਲੀ ਨਾ ਵਰਤਦੀ।

ਇਹ ਉਹਦੀ ਸੇਵਾ ਤੇ ਸੱਚੀ ਮੁਹੱਬਤ ਦਾ ਈਨਾਮ ਸੀ ਕੋਈ ਕਿ ਕਰੋਨਾ ਮੈਨੂੰ ਖਹਿ ਕੇ ਲੰਘ ਗਿਆ ਤੇ ਮਮਤਾ ਆਪ ਵੀ ਨੌ ਬਰ ਨੌ ਰਹੀ। ਇਸਤੋਂ ਵੱਧ ਮੇਰੇ ਲਈ ਪਿਆਰ ਦੀ ਸੀਮਾ ਕੀ ਹੋ ਸਕਦੀ ਸੀ।

ਮੈਂ ਇਸਤੋਂ ਮਰਗੋਂ ਮਮਤਾ ਨੂੰ ਕਾਨੂੰਨੀ ਤੌਰ ਤੇ ਪਤਨੀ ਬਣਾਉਣ ਦਾ ਫੈਸਲਾ ਕਰ ਲਿਆ।

ਪਤਨੀ ਨੂੰ ਪੁੱਛਿਆ ਤਾਂ ਉਹਨੇ ਵੀ ਜ਼ਿਆਦਾ ਉਜ਼ਰ ਨਹੀਂ ਕੀਤਾ ਸ਼ਾਇਦ ਉਹ ਵੀ ਕਿਸੇ ਕਮੀ ਦੀ ਸ਼ਿਕਾਰ ਆਪਣੀ ਵਿਵਸ਼ਤਾ ਨੂੰ ਹੀਣਤਾ ਵਿੱਚ ਗ੍ਰੱਸੀ ਮਹਿਸੂਸ ਕਰਨ ਲੱਗ ਪਈ ਸੀ।

''ਪਰ ਇਹ ਕੋਠੀ.....?'' ਉਸ ਝਕਦਿਆਂ ਸਵਾਲ ਕੀਤਾ ਸੀ।

''ਤੇਰੇ ਨਾਮ ਹੈ, ਤੇਰੀ ਹੀ ਰਹੇਗੀ।''

''ਤਲਾਕ.....?''

''ਮੈਂ ਹਰ ਤਰਾਂ ਨਾਲ ਤਿਆਰ ਹਾ।''

ਮੈਂ ਤੇ ਮਮਤਾ ਕਾਨੂੰਨੀ ਤੌਰ ਤੇ ਇਕੱਠੇ ਹੋ ਗਏ। ਬੱਚੀ ਨੂੰ ਉਹਦੀ ਮੰਮੀ ਨੇ ਬੱਚੀ ਦੇ ਮਾਮੇ ਕੋਲ ਕਨੇਡਾ ਉੱਚ ਵਿੱਦਿਆ ਲਈ ਭੇਜ ਦਿੱਤਾ ਤੇ ਫਿਰ ਜਲਦੀ ਹੀ ਕੋਠੀ ਵੇਚ ਆਪ ਵੀ ਕਨੇਡਾ ਚਲੀ ਗਈ। ਮੇਰੀ ਜ਼ਿੰਦਗੀ ਸਹੀ ਪਟੜੀ ਤੇ ਦੌੜਨ ਲੱਗ ਪਈ। ਕਦੀ ਕਦੀ ਬੇਟੀ ਫੋਨ ਕਰ ਲੈਂਦੀ ਤਾਂ ਮਨ ਹੋਰ ਵੀ ਚਹਿਕ ਉੱਠਦਾ।

ਬੇਟੀ ਅਜੇ ਅਠਾਰਾਂ ਸਾਲ ਹੀ ਟੱਪੀ ਸੀ ਕਿ ਉਸ ਨੇ ਆਪਣੀ ਅਗੇਂਜਮੈਂਟ ਦੀ ਖ਼ਬਰ ਭੇਜ ਦਿੱਤੀ ਤੇ ਸਾਨੂੰ ਦੋਨਾ ਨੂੰ ਸੱਦਾ ਪੱਤਰ ਭੇਜ ਦਿੱਤਾ।

ਉੱਥੇ ਸਾਰੇ ਖੁਸ਼ੀ ਖੁਸ਼ੀ ਮਿਲੇ। ਕੁਝ ਬੇਟੀ ਦੀ ਮੰਮੀ ਨੇ ਉਹਨੂੰ ਸਮਝਾ ਦਿੱਤਾ ਸੀ, ਕੁਝ ਕਨੇਡਾ ਕਲਚਰ ਦਾ ਅਸਰ ਕਿ ਉਹ ਮਮਤਾ ਨਾਲ ਵੀ ਸਹਿਜ ਹੀ ਰਹੇ। ਆਉਣ ਲੱਗੇ ਬੇਟੀ ਨੂੰ ਪਿਆਰ ਦਿੱਤਾ, ''ਨਹੀਂ ਡੈਡ ਰਹਿਣ ਦੋ, ਅੱਗੇ ਵੀ ਤੁਸੀਂ ਬਹੁਤ ਕੁਝ ਦਿੱਤਾ।''

''ਅਭੀ ਤੋਂ ਆਪ ਕਾ ਬਹੁਤ ਕੁਛ ਦੇਨਾ ਬਾਕੀ ਹੈ ਆਪ ਕੇ ਡੈਡ ਕੇ ਪਾਸ।'' ਇਹ ਗੱਲ ਮਮਤਾ ਨੇ ਕਹੀ ਸੀ।

ਅਸੀਂ ਕਨੇਡਾ ਤੋਂ ਵਾਪਸ ਆਏ ਤਾਂ ਮਮਤਾ ਦੇ ਪੇਟ ਵਿੱਚ ਤਕਲੀਫ ਮਹਿਸੂਸ ਹੋਈ। ਲੇਡੀ ਡਾਕਟਰ ਕੋਲ ਗਏ ਤਾਂ ਉਹਨੇ ਕੁਝ ਟੈਸਟ ਲਿਖੇ। ਪਤਾ ਲੱਗਿਆ ਕਿ ਮਮਤਾ ਪ੍ਰੈਗਨਟ ਸੀ ਪਰ ਉਹਦੇ ਅੰਦਰ ਕੋਈ ਗੱਠ ਸੀ ਜੋ ਖ਼ਤਰਨਾਕ ਹੋ ਸਕਦੀ ਸੀ। ਮੇਰੀ ਉਮਰ ਹੁਣ ਪੰਜਾਹ ਪਲੱਸ ਸੀ ਤੇ ਮਮਤਾ ਵੀ ਬਿਆਲੀ ਤਰਤਾਲੀ ਦੀ ਹੋਵੇਗੀ। ਇਸ ਉਮਰ ਵਿੱਚ ਡਾਕਟਰਾਂ ਦਾ ਕਹਿਣਾ ਹੈ ਕਿ ਔਰਤਾਂ ਦਾ ਪ੍ਰੈਗਨੈਂਟ ਹੋਣਾ ਕੰਮਲੀਕੇਟਡ ਹੋ ਸਕਦਾ।

## ਅਧੂਰੀਆਂ ਸਤਰਾਂ / ਡਾ. ਕੁਲਵਿੰਦਰ ਬਾਠ (ਕੈਲੇਫੋਰਨੀਆਂ)

ਵਿਦੇਸ਼
ਵਿੱਚ ਜਨਮੀ
ਤੇ ਪਲੀ ਬੇਟੀ ਨੇ
ਅਚਾਨਕ ਆ ਕੇ ਦੱਸਿਆ..

ਡੈਡ,
ਕੱਲ੍ਹ ਮੈਂ ਮੌਮ ਨਾਲ
ਗੁਰਦਵਾਰੇ ਗਈ ਸੀ
ਲੋਹੜੀ ਦਾ ਮੇਲਾ ਦੇਖਣ..

ਉੱਥੇ ਲੋਕ
'ਨਿੱਕੇ ਬੇਬੀਆਂ'
ਨੂੰ ਲੈ ਕੇ ਆਏ ਹੋਏ ਸੀ
ਪੀ-ਨੱਟ ਤੇ ਸਵੀਟਾਂ ਵੰਡਦੇ ਸੀ..

ਅੰਦਰ
ਬਾਬਾ ਜੀ ਤੇ
ਬਾਹਰ ਲੋਕ ਵੀ ਕਹਿੰਦੇ ਸੀ
ਲੋਹੜੀ 'ਮੁੰਡੇ ਬੇਬੀਆਂ' ਦੀ ਹੁੰਦੀ ਆ..

'ਆਪਾਂ'
ਮੇਰੇ ਭਰਾ ਦੀ
ਲੋਹੜੀ ਵੀ ਐਥੇ ਈ ਪਾਈ ਸੀ?
ਦੱਸਿਆ.. ਹਾਂ ਐਥੇ ਹੀ ਪਾਈ ਸੀ..

'ਆਪਾਂ'
ਪੀ-ਨੱਟ ਤੇ



ਸਵੀਟਾਂ ਵੀ ਵੰਡੀਆਂ ਸੀ?
ਦੱਸਿਆ.. ਹਾਂ.. ਵੰਡੇ ਤਾਂ ਸਨ..

'ਆਪਾਂ'
ਮੇਰੀ ਲੋਹੜੀ
ਕਦੋਂ ਕਿੱਥੇ ਪਾਈ ਸੀ?
ਦੱਸਿਆ.. ਉਹ.. ਤਾਂ.. ਨਹੀਂ ਪਾਈ
ਸੀ..

'ਆਪਾਂ'
ਸਵੀਟਾਂ
ਕਿਹੜੀਆਂ ਵੰਡੀਆਂ ਸੀ?
ਦੱਸਿਆ..
ਕੋਈ ਵੀ.. ਨਹੀਂ ਵੰਡੀਆਂ ਸਨ..

ਡੈਡ,
ਇਹ ਤਾਂ ਫੇਅਰ ਨਹੀਂ!
ਇਹ ਕੁਰੈਕਟ ਵੀ ਨਹੀਂ!
ਕਿਹਾ.. ਹਾਂ ਸੱਚ ਹੀ.. ਇਹ ਫੇਅਰ
ਨਹੀਂ..

ਇੱਕ
ਸਧਾਰਨ ਪਰ
ਲਾਜਵਾਬ ਤੇ ਬੇਮਿਸਾਲ ਸਵਾਲ (?)..

ਸੱਚ ਹੀ..
ਮੇਰੇ ਖੋਖ਼ਲੇ ਜਿਹੇ ਮਨ ਨੂੰ
ਹੋਰ ਖੋਖ਼ਲਾ ਕਰ ਗਿਆ..

ਸੱਚ ਹੀ
ਮੇਰਾ ਅਗਾਂਹ ਵਧੂ ਹੋਣ
ਦਾ ਫੋਕਾ ਵਹਿਮ-ਭਰਮ ਤੋੜ ਗਿਆ..

ਸੱਚ ਹੀ
ਪੜ੍ਹੇ ਲਿਖੇ ਨੂੰ
ਅਨਪੜ੍ਹ ਤੇ ਬੇਅਕਲ ਕਰ ਗਿਆ..

ਸੱਚ ਹੀ
ਕੁੜੀਆਂ ਨੂੰ ਬਸ
ਚਿੜੀਆਂ ਜਿਹੀਆਂ ਬਣਾ ਗਿਆ..

ਸੱਚ ਹੀ
ਇੱਕ ਸਧਾਰਨ
ਪਰ ਲਾਜਵਾਬ ਤੇ
ਮਿਸਾਲ
ਸਵਾਲ
ਮੈਨੂੰ ਬੇਜੁਆਬ ਅਤੇ
ਬੇਜ਼ੁਬਾਨ ਵੀ ਕਰ ਗਿਆ।

ਖ਼ੈਰ ਕੁਝ ਦਵਾਈਆਂ ਚੱਲੀਆਂ ਕੁਝ ਦਿਨ ਲੰਘੇ ਤਾਂ ਡਾਕਟਰ ਦੀ ਰਾਇ ਮੁਤਾਬਿਕ ਟਿਊਮਰ ਦਾ ਉਪਰੇਸ਼ਨ ਜਲਦੀ ਹੋਣ ਚਾਹੀਦਾ ਸੀ, ਇਸ ਲਈ ਅਬਾਰਸ਼ਨ ਜਰੂਰੀ ਸੀ ਨਹੀਂ ਤਾਂ ਬੱਚੇ ਅਤੇ ਮਮਤਾ ਦੀ ਜ਼ਿੰਦਗੀ ਨੂੰ ਖ਼ਤਰਾ ਸੀ।

ਪਰ ਮਮਤਾ ਜ਼ਿਦ ਫੜ ਬੈਠੀ ਕਿ ਉਹ ਬੱਚੇ ਨੂੰ ਜਨਮ ਦੇਵੇਗੀ। ਅਠਵੇਂ ਮਹੀਨੇ ਅਪਰੇਸ਼ਨ ਰਾਹੀਂ ਵਕਤ ਤੋਂ ਪਹਿਲਾਂ ਡਲਿਵਰੀ ਕਰਨੀ ਪਈ। ਨਾ ਮਮਤਾ ਦੀ ਹਾਲਤ ਸੁਖਾਵੀਂ ਰਹੀ ਤੇ ਨਾ ਬੱਚਾ ਹੀ ਠੀਕ। ਬੱਚਾ ਟਿਊਬਾਂ ਵਿੱਚ ਰੱਖਿਆ ਹੋਇਆ ਸੀ।

ਉਹਨੇ ਬੱਚੇ ਨੂੰ ਮੇਰੇ ਹੁੰਦਿਆਂ ਬੜੀ ਮੁਸ਼ਕਿਲ ਨਾਲ ਇਸ਼ਾਰਾ ਕਰ ਦੇਖਣ ਦੀ ਇੱਛਾ ਪ੍ਰਗਟਾਈ। ਡਾਕਟਰਾਂ ਨੇ ਟਿਊਬਾਂ 'ਚੋਂ ਹੀ ਉਸਨੂੰ ਬੱਚਾ ਦਿਖਾਇਆ। ਉਹਦੇ ਚਿਹਰੇ ਤੇ ਹਲਕੀ ਮੁਸਕਰਾਹਟ ਦੀ ਲੀਕ ਉੱਭਰੀ ਜਿਵੇਂ ਮੇਰੇ ਵੱਲ ਦੇਖ ਉਹਦੇ ਬੁੱਲ ਫੜਫੜਾਇ, ਬਿਲਕੁੱਲ ਆਪ ਜੈਸਾ ਹੀ ਹੈ।"

ਬੱਸ, ਮਾਂ ਤੇ ਬੱਚਾ ਫਿਰ ਮੈਨੂੰ ਮਾਯੂਸੀਆਂ ਵਿੱਚ ਵਿਚਰਨ ਲਈ ਵਿਛੋੜਾ ਦੇ ਗਏ।

ਪਰ ਮੈਂ ਉਹਨਾਂ ਤੋਂ ਪੂਰਾ ਵੱਖ ਨਹੀਂ ਸੀ ਹੋ ਸਕਦਾ। ਮੈਂ ਉਹਨਾਂ ਦੀ ਮਰਨ ਮਿੱਟੀ ਘਰ ਲੈ ਆਇਆ ਤੇ ਉਹਦੀਆਂ ਫੁੱਲ ਬੂਟਿਆਂ ਦੀਆਂ ਕਿਆਰੀਆਂ ਵਿੱਚ ਵਿਛਾ ਦਿੱਤੀ ਤਾਂ ਕਿ ਸਾਰੀ ਜ਼ਿੰਦਗੀ ਮੈਂ ਇਹਨਾਂ ਫੁੱਲਾਂ ਦੀ ਮਹਿਕ ਵਿੱਚੋਂ ਆਪਣੀ ਮਮਤਾ ਤੇ ਬੱਚੇ ਦੀ ਮਹਿਕ ਮਹਿਸੂਸ ਕਰ ਸਕਾਂ।

**80548-15746**

## ਹਿੰਦੀ ਕਵਿਤਾ
## ਕੁਰਸੀ / ਗੋਰਖ ਪਾਂਡੇ

### ਪੰਜਾਬੀ ਅਨੁਵਾਦ:
### ਹਰਪ੍ਰੀਤ ਕੌਰ ਸੰਧੂ



1
ਜਦ ਤੱਕ ਉਹ ਜ਼ਮੀਨ ਤੇ ਸੀ
ਕੁਰਸੀ ਬੁਰੀ ਸੀ
ਜਾ ਬੈਠਿਆ ਜਦ ਕੁਰਸੀ ਤੇ ਉਹ
ਜ਼ਮੀਨ ਬੁਰੀ ਹੋ ਗਈ।

2
ਉਸ ਦੀ ਨਜ਼ਰ ਕੁਰਸੀ ਤੇ ਸੀ
ਕੁਰਸੀ ਲੱਗ ਗਈ ਸੀ
ਉਹਦੀ ਨਜ਼ਰ ਨੂੰ
ਉਹਨੂੰ ਨਜ਼ਰਬੰਦ ਕਰਦੀ ਹੈ ਕੁਰਸੀ
ਜੋ ਹੋਰਾਂ ਨੂੰ ਕਰਦਾ ਨਜ਼ਰਬੰਦ।

3
ਮਹਿਜ਼ ਢਾਂਚਾ ਨਹੀਂ ਹੈ
ਲੋਹੇ ਜਾਂ ਲੱਕੜੀ ਦਾ
ਕੱਦ ਹੈ ਕੁਰਸੀ
ਕੁਰਸੀ ਦੇ ਮੁਤਾਬਕ ਉਹ ਹੈ
ਵੱਡਾ ਜਾਂ ਛੋਟਾ
ਆਜ਼ਾਦ ਜਾਂ ਗੁਲਾਮ
ਖੁਸ਼ੀ ਜਾਂ ਗਮਗੀਨ
ਕੁਰਸੀ ਵਿੱਚ ਜਜ਼ਬ ਹੋ ਜਾਂਦਾ ਹੈ
ਇੱਕ ਅਦਦ ਆਦਮੀ।

4
ਫਾਈਲਾਂ ਦੱਬੀਆਂ ਰਹਿੰਦੀਆਂ
ਨਿਆਂ ਟਾਲ ਦਿੱਤਾ ਜਾਂਦਾ
ਭੁੱਖਿਆਂ ਤੱਕ
ਰੋਟੀ ਨਹੀਂ ਪਹੁੰਚਦੀ
ਮਰੀਜ਼ਾਂ ਤੱਕ ਦਵਾਈ
ਜਿਸ ਨੇ ਕੋਈ ਜ਼ੁਰਮ ਨਹੀਂ ਕੀਤਾ
ਉਸ ਨੂੰ ਫਾਂਸੀ ਦੇ ਦਿੱਤੀ ਜਾਂਦੀ
ਇਸ ਵਿੱਚ ਕੁਰਸੀ ਹੀ ਹੈ
ਜੋ ਰਿਸ਼ਵਤ ਦੇ ਪਰਜਾ ਤੰਤਰ ਦਾ
ਹਿਸਾਬ ਰੱਖਦੀ।

5
ਕੁਰਸੀ ਖਤਰੇ
ਵਿੱਚ ਹੈ ਤਾਂ
ਪਰਜਾ ਤੰਤਰ ਖਤਰੇ ਵਿੱਚ ਹੈ
ਕੁਰਸੀ ਖਤਰੇ
ਵਿੱਚ ਹੈ ਤਾਂ ਦੇਸ਼ ਖਤਰੇ ਵਿੱਚ ਹੈ
ਕੁਰਸੀ ਖਤਰੇ ਵਿੱਚ
ਹੈ ਤਾਂ ਦੁਨੀਆਂ ਖਤਰੇ ਵਿੱਚ ਹੈ
ਕੁਰਸੀ ਨਾ ਬਚੇ
ਤਾਂ ਭਾੜ 'ਚ ਜਾਏ
ਪਰਜਾਤੰਤਰ
ਦੇਸ਼ ਤੇ ਦੁਨੀਆ।

6
ਖੂਨ ਦੇ ਸਮੁੰਦਰ ਤੇ
ਸਿੱਕੇ ਰੱਖੇ ਹਨ
ਸਿੱਕਿਆਂ ਤੇ ਰੱਖੀ ਹੈ ਕੁਰਸੀ
ਕੁਰਸੀ ਤੇ ਰੱਖਿਆ ਹੋਇਆ
ਤਾਨਾਸ਼ਾਹ
ਇੱਕ ਵਾਰ
ਫਿਰ ਕਤਲੇਆਮ ਦਾ ਆਦੇਸ਼
ਦਿੰਦਾ ਹੈ।

7
ਬੇਚੈਨ ਰਹਿੰਦੀ ਹੈ ਕੁਰਸੀ
ਮੰਗਾਂ ਤੇ ਸ਼ਿਕਾਇਤਾਂ
ਦੇ ਸੰਸਾਰ ਵਿੱਚ

ਆਹਾਂ ਤੇ ਹੰਝੂਆਂ ਦੇ ਸੰਸਾਰ ਵਿੱਚ
ਬੇਚੈਨ ਰਹਿੰਦੀ ਹੈ ਕੁਰਸੀ
ਪਾਵਿਆਂ ਵਿੱਚ ਅੱਗ
ਲੱਗਣ ਤੱਕ।

8
ਮਦਹੋਸ਼ ਠੋਕਰ ਖਾ ਕੇ
ਡਿੱਗਦਾ ਹੈ ਉਹ
ਨਾਲੀ ਵਿੱਚ ਅੱਖ ਖੁੱਲਦੀ
ਜਦ ਨਸ਼ੇ ਦੀ ਤਰ੍ਹਾਂ
ਕੁਰਸੀ ਉਤਰ ਜਾਂਦੀ

ਕੁਰਸੀ ਦੀ ਮਹਿਮਾ
ਦੇ ਵਿਖਿਆਨ ਦਾ
ਇਹ ਇੱਕ ਥੋਥਾ ਯਤਨ ਹੈ
ਚਿਪਕਣ ਵਾਲਿਆਂ ਤੋਂ ਪੁੱਛੋ
ਕੁਰਸੀ ਭੂਗੋਲ ਹੈ
ਕੁਰਸੀ ਇਤਿਹਾਸ ਹੈ।

(ਰਚਨਾ ਕਾਲ 1980)



# ਕਹਾਣੀ / ਪਰਖ਼ ਦੀ ਘੜੀ / ਗੁਰਮੀਤ ਸਿੰਘ ਸੋਹੀ

ਹਰਮਨ ਜਵਾਨ ਹੋ ਰਹੀ ਸੀ। ਉਸ ਦਾ ਫਿਕਰ ਸਾਰੇ ਕਰਦੇ। ਉਸ ਦਾ ਰਿਸ਼ਤਾ ਲੱਭਣ ਲਈ ਭੱਜ ਦੌੜ ਸ਼ੁਰੂ ਹੋ ਗਈ। ਨਾਨਾ, ਮਾਮੇ, ਚਾਚੇ, ਤਾਏ ਸਭ ਇਕੱਠੇ ਹੋ ਕੇ ਜਾਂਦੇ ਪਰ ਕੋਈ ਨਾ ਕੋਈ ਨੁਕਸ ਰਹਿ ਜਾਂਦਾ। ਕੋਈ ਕਹਿੰਦਾ ਹਰਮਨ ਦਾ ਨਖਰਾ ਬੜਾ ਉੱਚਾ ਇਸਨੂੰ ਕੋਈ ਮੁੰਡਾ ਪਸੰਦ ਹੀ ਨਹੀਂ ਆਉਂਦਾ। ਅਸਲ ਦੇ ਵਿੱਚ ਹਰਮਨ ਨਿੱਕੀ ਉਮਰੇ ਆਪਣੀ ਉਮਰ ਤੋਂ ਵੱਧ ਕੇ ਸਿਆਣੀ ਹੋ ਗਈ ਸੀ। ਨਿੱਕੀ ਉਮਰੇ ਉਸ ਦੀ ਮਾਂ ਦੇ ਅਕਾਲ ਚਲਾਣੇ ਤੋਂ ਬਾਅਦ ਸਾਰਾ ਘਰ ਉਸ ਨੇ ਹੀ ਤਾਂ ਸਾਂਭਿਆ ਸੀ, ਉਹ ਮੱਝਾਂ-ਗਾਵਾਂ ਦੀ ਧਾਰ ਚੋਂਦੇ, ਛੋਟੇ ਭਰਾਵਾਂ ਨੂੰ ਤਿਆਰ ਕਰਕੇ ਸਕੂਲ ਤੋਰਦੀ, ਮੱਝਾਂ ਗਾਵਾਂ ਦਾ ਦੁੱਧ ਵੇਚ ਕੇ ਜੋ ਪੈਸੇ ਦਾ ਹਿਸਾਬ ਕਿਤਾਬ ਹੁੰਦਾ, ਉਹ ਦੋਧੀ ਨਾਲ ਖੁਦ ਕਰਦੀ। ਪਿਉ ਅਨਪੜ੍ਹ ਹੋਣ ਕਾਰਨ ਘਰ ਦੀ ਲਾਣੇਦਾਰੀ ਹਰਮਨ ਦੇ ਹੱਥ ਵਿੱਚ ਆ ਚੁੱਕੀ ਸੀ । ਉਹ ਘਰ ਦਾ ਸਾਰਾ ਪ੍ਰਬੰਧ ਬੜੀ ਚੰਗੀ ਤਰ੍ਹਾਂ ਚਲਾ ਰਹੀ ਸੀ।



ਹੁਣ ਹਰਮਨ ਦੀ ਮਾਸੀ ਦੀ ਕੁੜੀ ਹੀ ਉਸਦੀ ਵਿਚੋਲਣ ਬਣਨ ਨੂੰ ਤਿਆਰ ਹੋ ਗਈ ਕਿਉਂਕਿ ਹਰਮਨ ਦੇ ਕੰਮਾਂ ਤੋਂ ਹਰ ਕੋਈ ਪ੍ਰਭਾਵਿਤ ਹੋ ਰਿਹਾ ਸੀ। ਮੁੰਡਾ ਭਾਵੇਂ ਪੜ੍ਹਿਆ-ਲਿਖਿਆ ਬੀ.ਏ. ਪਾਸ ਸੀ ਫਿਰ ਵੀ ਕੁਝ ਦਿਨਾਂ ਦੇ ਵਿੱਚ ਹੀ ਉਸਦਾ ਵਿਆਹ ਪੱਕਾ ਹੋ ਗਿਆ। ਹਰਮਨ ਨੇ ਆਪਣਾ ਸਾਰਾ ਵਿਆਹ ਦਾ ਦਾਜ ਆਪ ਆਪਣੀ ਮਿਹਨਤ ਨਾਲ ਪਿੰਡ ਦੀਆਂ ਕੁੜੀਆਂ ਦੇ ਨਾਲ ਰਲ ਕੇ ਤਿਆਰ ਕੀਤਾ। ਉਸਦੇ ਹੱਥਾਂ ਦੇ ਵਿੱਚ ਸੋਹਜ ਤੇ ਸ਼ੌਕ ਉਸਨੂੰ ਬਾਕੀ ਸਾਰਿਆਂ ਨਾਲੋਂ ਨਿਵੇਕਲਾ ਸਿੱਧ ਕਰਦੇ। ਤਿੰਨ ਭਰਾਵਾਂ ਦੀ ਇਕੱਲੀ ਭੈਣ ਹੋਣ ਕਾਰਨ ਮਾਤਾ ਦੀ ਅਣਹੋਂਦ ਘਰ ਦੇ ਸਾਰੇ ਕੰਮਾਂ ਦਾ ਬੋਝ ਹਰਮਨ ਹੀ ਚੁੱਕ ਰਹੀ ਸੀ। ਦਿਹਾੜੀਆਂ ਦੀਆਂ ਰੋਟੀਆਂ ਵੀ ਉਹ ਆਪ ਪਕਾ ਕੇ ਖੇਤ ਫੜਾ ਕੇ ਆਉਂਦੀ। ਉਸ ਦੀ ਸਿਆਣਪ ਨੂੰ ਦੇਖਦੇ ਪਿਓ ਨੇ ਉਸ ਤੋਂ ਕਦੇ ਪੈਸੇ ਦਾ ਹਿਸਾਬ ਨਹੀਂ ਸੀ ਮੰਗਿਆ। ਹਰਮਨ ਹੁਣ ਪੇਕੇ ਘਰ ਨੂੰ ਛੱਡ ਕੇ ਸਹੁਰੀਂ ਘਰ ਆ ਚੁੱਕੀ ਸੀ। ਭਾਵੇਂ ਹਰਮਨ ਬਿਨਾਂ ਉਸਦਾ ਪੇਕਾ ਕਰ ਸੁੰਨਾ-ਸੁੰਨਾ ਹੋ ਗਿਆ ਸੀ। ਉਸ ਦੇ ਭਰਾ ਹਰਮਨ ਨੂੰ ਮਿਲਣ ਜਾਂਦੇ ਕੁਝ ਸਮਾਂ ਇਸੇ ਤਰ੍ਹਾਂ ਚੱਲਦਾ ਰਿਹਾ।

ਹਰਮਨ ਹੁਣ ਆਪਣੇ ਸਹੁਰੇ ਪਰਿਵਾਰ ਦੇ ਵਿੱਚ ਰਚਣ-ਮਿਚਣ ਲੱਗ ਪਈ ਪਰ ਹਰਮਨ ਦਾ ਪਰਿਵਾਰ ਬਹੁਤ ਵੱਡਾ ਸੀ। ਹਰਮਨ ਦੀ ਆਪਣੀ ਸੱਸ ਨਾਲ ਬਹੁਤ ਬਣਦੀ ਸੀ। ਉਹ ਆਪਣੀ ਧੀ ਵਾਂਗ ਉਸ ਨੂੰ ਰੱਖਦੀ ਕਿਉਂਕਿ ਉਸਦਾ ਇੱਕੋ ਪੁੱਤ ਬਚਿਆ ਸੀ। ਇਸ ਤੋਂ ਪਹਿਲਾਂ ਹਰਮਨ ਦੀ ਸੱਸ ਦੇ ਛੇ ਬੱਚੇ ਬਿਮਾਰੀ ਦੇ ਨਾਲ ਮਰ ਗਏ ਕੋਈ ਸੱਤ ਮਹੀਨਿਆਂ ਦਾ ,ਕੋਈ ਨੌ ਮਹੀਨਿਆਂ ਦਾ ਹਰਮਨ ਦੀ ਸੱਸ ਗੁਰਦੇਵ ਕੌਰ ਇਸ ਦੁੱਖ ਨੂੰ ਭੁੱਲ ਚੁੱਕੀ ਸੀ ।ਹੁਣ ਉਸ ਨੂੰ ਇੱਕ ਵੱਡਾ ਦੁੱਖ ਇਹ ਵੀ ਸੀ ਕਿ ਉਸ ਦੀ ਜੇਠ ਦੀ ਮੌਤ ਤੋਂ ਬਾਅਦ ਉਸ ਦੀ ਜਠਾਣੀ ਨੂੰ ਉਸਦੇ ਪਤੀ ਦੇ ਲੜ ਲਾ ਦਿੱਤਾ ਸੀ। ਹੁਣ ਗੁਰਦੇਵ ਕੌਰ ਦੀ ਹਾਲਤ ਵੀ ਠੀਕ ਨਹੀਂ ਸੀ ਰਹਿੰਦੀ। ਜੇਠਾਣੀ ਨਾਲ ਉਸ ਦੀ ਭਾਵੇਂ ਜਿਆਦਾ ਬਣਦੀ ਸੀ। ਗੁਰਦੇਵ ਕੌਰ ਤੋਂ ਹੌਲੀ ਹੌਲੀ ਦੂਰ ਜਾ ਰਿਹਾ ਉਸ ਦਾ ਪਤੀ ਉਸ ਨੂੰ ਮੁੱਠੀ ਵਿੱਚੋਂ ਕਿਰਦੇ ਮਾਰੂਥਲ ਵਾਂਗ ਜਾਪਦਾ ਸੀ। ਗੁਰਦੇਵ ਕੌਰ ਨੂੰ ਇਹ ਦੁੱਖ ਸੀ ਕਿ ਉਸ ਦੇ ਪੁੱਤਰ ਦਾ ਵਿਆਹ ਵੱਡੀ ਉਮਰ ਦੇ ਵਿੱਚ ਕਿਉਂ ਕੀਤਾ ਜਦੋਂ ਕਿ ਉਸਦੀ ਜਠਾਣੀ ਦੇ ਬੱਚੇ ਉਸ ਤੋਂ ਪਿੱਛੋਂ ਹੋਣ ਦੇ ਬਾਵਜੂਦ ਉਹਨਾਂ ਦਾ ਵਿਆਹ ਪਹਿਲਾਂ ਕੀਤਾ ਗਿਆ। ਕਿਤੇ-ਕਿਤੇ ਗੁਰਦੇਵ ਕੌਰ ਆਪਣੇ ਮੁੰਡੇ ਦੇ ਵਿਆਹ ਤੋਂ ਪਹਿਲਾਂ ਉਸ ਨੂੰ ਇਹ ਜਾਪਦਾ ਸੀ ਕਿ ਜਾਣ ਬੁਝ ਕੇ ਉਸ ਦੀ ਉਮਰ ਵੱਡੀ ਕੀਤੀ ਜਾ ਰਹੀ ਹੈ। ਉਹ ਉਸ ਨੂੰ ਛੜਾ ਰੱਖਣਾ ਚਾਹੁੰਦੇ ਹਨ। ਇਸੇ ਤਰ੍ਹਾਂ ਉਸਦੇ ਪਤੀ ਨੇ ਆਪਣੇ ਭਰਾ ਦੀ ਜਮੀਨ ਸਾਂਭੀ ਹੈ। ਇਸ ਤਰ੍ਹਾਂ ਉਸ ਨੂੰ ਲੱਗਦਾ ਸੀ ਕਿ ਉਸਦੀ ਆਪਣੀ ਕਹਾਣੀ ਉਸਦੇ ਮੁੰਡੇ ਤੇ ਦੁਹਰਾਈ ਨਾ ਜਾਵੇ। ਗੁਰਦੇਵ ਕੌਰ ਨੂੰ ਲੱਗਦਾ ਸੀ ਜੇ ਕੋਈ ਚੰਗਾ ਰਿਸ਼ਤਾ ਆਉਂਦਾ ਹੈ ਤਾਂ ਕਿਹਾ ਜਾਂਦਾ ਕਿ ਮੁੰਡਾ ਅਜੇ ਪੜ੍ਹਦਾ, ਜਿਆਦਾ ਦਾਜ ਮੰਗਦੇ ਜਾਂ ਨੌਕਰੀ ਮਿਲੂ ਉਦੋਂ ਰਿਸ਼ਤਾ ਕਰਵਾਵੇਗਾ। ਗੁਰਦੇਵ ਕੌਰ ਨੂੰ ਇਸ ਦਾ ਦੁੱਖ ਹੁੰਦਾ। ਉਸ ਨੇ ਆਪ ਅੱਗੇ ਹੋ ਕੇ ਆਪਣੇ ਇਕਲੌਤੇ ਪੁੱਤ ਤਾਰ ਸਿਉਂ ਦਾ ਰਿਸ਼ਤਾ ਹਰਮਨ ਨਾਲ ਕਰ ਦਿੱਤਾ। ਗੁਰਦੇਵ ਕੌਰ ਆਪਣੇ ਪੁੱਤ ਤਾਰ ਸਿਉਂ ਦੀ ਮਹੱਤਤਾ ਦੇਖਦੀ ਹੋਈ ਅਕਸਰ ਕਹਿੰਦੀ ਤਾਰ ਸਿਉਂ ਇਕੱਲਾ ਪੁੱਤ, ਇਕੱਲਾ ਜਵਾਈ, ਇਕੱਲਾ ਦੋਹਤਾ ਹੈ ਤੇ ਮਾਣ ਮਹਿਸੂਸ ਕਰਦੀ।

ਉਧਰ ਉਸਦੇ ਪਤੀ ਦੀਆਂ ਹਰਕਤਾਂ ਉੱਤੇ ਦੁਖੀ ਵੀ ਹੁੰਦੀ ਕਿ ਕਿਵੇਂ ਉਸਦੇ ਪੇਕਿਆਂ ਤੋਂ ਚੋਰੀ ਉਸਨੇ ਜੇਠਾਣੀ ਦੇ ਪਤੀ ਦੀ ਮੌਤ ਤੋਂ ਬਾਅਦ ਉਸ ਦੇ ਨਾਲ ਕਰੇਵਾ ਕਰਵਾਇਆ ਸੀ। ਗੁਰਦੇਵ ਕੌਰ ਦੀ ਜਠਾਣੀ ਦਾ ਪੁੱਤਰ ਮੇਵਾ ਸਿਉਂ ਦੀ ਤਾਰ ਸਿੰਘ ਨਾਲ ਈਰਖਾ ਬਰਕਰਾਰ ਸੀ। ਕਿਉਂਕਿ ਉਹ ਉਸਦੇ ਰਿਸ਼ਤੇ ਤੇ ਖੁਸ਼ ਨਹੀਂ ਸੀ। ਕਿਉਂਕਿ ਉਹ ਖੁਦ ਤਿੰਨ ਭਰਾ ਸੀ। ਜਿਨ੍ਹਾਂ ਦੀ ਜ਼ਮੀਨ ਤਿੰਨ ਹਿੱਸਿਆਂ ਵਿੱਚ ਵੰਡੀ ਗਈ। ਤਾਰ ਸਿਉਂ ਇਕੱਲਾ ਹੋਣ ਕਰਕੇ ਜ਼ਿਆਦਾ ਜ਼ਮੀਨ ਇਸ ਨੂੰ ਆਉਂਦੀ ਸੀ। ਤਾਰ ਜਿਆਦਾ ਸੋਹਣਾ ਹੋਣ ਕਰਕੇ ਉਸ ਨੂੰ ਇਹ ਵੀ ਸ਼ੱਕ ਸੀ ਕਿ ਮੇਰੀ ਘਰਵਾਲੀ ਤਾਰ ਸਿਉਂ ਵੱਲ ਜਿਆਦਾ ਆਕਰਸ਼ਕ ਹੈ। ਹਰਮਨ ਨੇ ਕਈ ਵਾਰ ਉਹਨਾਂ ਦੀ ਆਪਸ ਵਿੱਚ ਤੂੰ-ਤੂੰ, ਮੈਂ-ਮੈਂ ਸੁਣੀ। ਹਰਮਨ ਉਹਨਾਂ ਨੂੰ

ਲੜਨ ਤੋਂ ਕਈ ਵਾਰ ਵਰਜਦੀ ਰਹਿੰਦੀ ।ਤਾਰ ਸਿਉਂ ਬੜੀ ਸਿਆਣਪ ਦੇ ਨਾਲ ਉੱਤਰ ਦਿੰਦਾ "ਮੈਂ ਕਿਸੇ ਨਾਲ ਲੜਨਾ ਨਹੀਂ ,ਉਂਝ ਮੈਨੂੰ ਨੌਕਰੀ ਮਿਲ ਜਾਊ ,ਆਪਾਂ ਸ਼ਹਿਰ ਵਿੱਚ ਚੱਲ ਕੇ ਰਹਾਂਗੇ ,ਤੂੰ ਫਿਕਰ ਨਾ ਕਰ, ਸਭ ਠੀਕ ਹੋਜੂ"!ਹਰਮਨ ਹਮੇਸ਼ਾ ਸੋਚਦੀ ਕਿ ਜੇ ਇਹ ਗੱਲਾਂ ਮੈਂ ਆਪਣੇ ਪੇਕਿਆਂ ਨੂੰ ਦੱਸੀਆਂ ਤਾਂ ਇਸ ਘਰ ਦੇ ਵਿੱਚ ਘਮਸਾਨ ਮੱਚ ਜਾਣਾ ਹੈ ਤੇ ਘਰ ਨੂੰ ਤੋੜਨ ਦੇ ਵਿੱਚ ਹਰਮਨ ਦਾ ਨਾਂ ਆਵੇਗਾ ।ਇਹ ਸੋਚ ਕੇ ਹਰਮਨ ਚੁੱਪ ਕਰ ਜਾਂਦੀ।

ਹਰਮਨ ਨੂੰ ਵੀ ਮੇਵਾ ਕਈ ਦਿਨਾਂ ਤੋਂ ਉਖੜਿਆ ਉਖੜਿਆ ਨਜ਼ਰ ਆਉਂਦਾ। ਉਸਨੇ ਹਰਮਨ ਦੇ ਸਾਹਮਣੇ ਭਰੀ ਸ਼ਿਕੰਜਵੀ ਦੀ ਬਾਲਟੀ ਲੱਤ ਮਾਰ ਕੇ ਰੋੜ ਦਿੱਤੀ। ਉਹ ਦਿਹਾੜੀਆਂ ਨੂੰ ਖੇਤ ਕੰਮ ਕਰਨ ਲਈ ਲੈ ਕੇ ਗਿਆ ਪਰ ਉਥੇ ਉਸਦਾ ਕੰਮ ਵਿੱਚ ਮਨ ਨਾ ਲੱਗਿਆ ਤੇ ਵਾਪਸ ਘਰ ਆ ਗਿਆ। ਹਰਮਨ ਨੂੰ ਜਾਪਦਾ ਇਹ ਸਾਰਾ ਦਿਨ ਤਾਰ ਸਿਉਂ ਦਾ ਪਿੱਛਾ ਕਰ ਰਿਹਾ ਹੈ ਕੁਝ ਨਾ ਕੁਝ ਗਲਤ ਜ਼ਰੂਰ ਹੈ। ਹਰਮਨ ਤਾਰ ਨੂੰ ਬਹੁਤ ਸਵਾਲ ਕਰਦੀ ਪਰ ਤਾਰ ਉਸ ਦੇ ਸਵਾਲਾਂ ਦਾ ਜਵਾਬ ਹਾਸੇ ਵਿੱਚ ਟਾਲ ਛੱਡਦਾ । ਚੜ੍ਹਦੀ ਭਾਦੋਂ ਦਾ ਪਹਿਲਾ ਪੱਖ ਸੀ। ਸਵੇਰ ਦੇ 6 ਵੱਜੇ ਸੀ। ਮੇਵਾ ਸਵੇਰ ਸਾਰ ਹੀ ਉੱਠ ਬੈਠਾ ਸੀ। ਹਰਮਨ ਇਸ ਤਰ੍ਹਾਂ ਸੋਚ ਰਹੀ ਸੀ ਜਿਵੇਂ ਤੂਫ਼ਾਨ ਆਉਣ ਤੋਂ ਪਹਿਲਾਂ ਦੀ ਸ਼ਾਂਤੀ ਹੋਵੇ। ਉਹ ਪਹਿਲਾਂ ਦੀ ਤਰ੍ਹਾਂ ਤਾਰ ਦੇ ਪਿੱਛੇ ਪਿੱਛੇ ਚੱਲ ਪਿਆ ਤਾਰ ਬਾਹਰਲੇ ਘਰ ਪਸ਼ੂਆਂ ਨੂੰ ਪੱਠੇ ਪਾਉਣ ਲਈ ਗਿਆ ਸੀ। ਉਸ ਨੂੰ ਇਸ ਗੱਲ ਦਾ ਕੋਈ ਇਲਮ ਨਹੀਂ ਸੀ ਕਿ ਕੋਈ ਉਸਦਾ ਪਿੱਛਾ ਕਰ ਰਿਹਾ ਹੈ ਜਾਂ ਕੋਈ ਘਾਤ ਲਾਈ ਲੁਕ ਕੇ ਉਸਨੂੰ ਵੇਖ ਰਿਹਾ ਹੋਵੇ। ਜਿਉਂ ਹੀ ਤਾਰ ਨੇ ਪੱਠਿਆਂ ਦਾ ਟੋਕਰਾ ਆਪਣੇ ਸਿਰ ਤੇ ਰੱਖਿਆ ਤਾਂ ਪਿੱਛੋਂ ਹੀ ਮੇਵੇ ਨੇ ਸੱਬਲ ਨਾਲ ਉਸਦੇ ਸਿਰ ਤੇ ਵਾਰ ਕੀਤਾ ।ਸੱਬਲ ਸਿਰ ਵਿੱਚ ਵੱਜਦੇ ਸਾਰ ਤਾਰ ਉੱਥੇ ਹੀ ਡਿੱਗ ਪਿਆ। ਕੋਲ ਹੀ ਪਈ ਕਹੀ ਦੇ ਨਾਲ ਦੋ ਟੱਕ ਉਸਦੀ ਗਰਦਨ ਤੇ ਮਾਰ ਕੇ ਜਿੰਨਾਂ ਚਿਰ ਤਾਰ ਦੇ ਸਾਹ ਬੰਦ ਨਹੀਂ ਹੋ ਗਏ ਉਨ੍ਹਾਂ ਚਿਰ ਉਸਨੂੰ ਟਿੱਕ ਟਿੱਕੀ ਲਗਾ ਕੇ ਵੇਖਦਾ ਰਿਹਾ ।

ਗੁਰੂ ਘਰ ਦੀਆਂ ਆਵਾਜ਼ਾਂ ਭਾਵੇਂ ਉਸ ਦੇ ਕੰਨਾਂ ਵਿੱਚ ਗੂੰਜ ਰਹੀਆਂ ਸੀ। 'ਕਰਤੂਤਿ ਪਸੂ ਕੀ ਮਾਨਸ ਜਾਤਿ' ਮੇਵੇ ਨੇ ਆਲੇ ਦੁਆਲੇ ਬੜੀ ਤੇਜ਼ੀ ਨਾਲ ਵੇਖਿਆ ਕਿ ਉਸ ਨੂੰ ਕੋਈ ਵੇਖ ਤਾਂ ਨਹੀਂ ਰਿਹਾ ਪਰ ਜਲਦੀ ਹੀ ਉਸਨੇ ਵੇਖਿਆ ਉਸਨੂੰ ਉਸ ਦੀ ਮੈਂ ਵੇਖ ਰਹੀ ਹੈ ।ਉਹ ਆਪਣੇ ਆਪ ਤੋਂ ਡਰ ਕੇ ਸੁਦਾਈਆਂ ਵਾਂਗ ਭੱਜਣ ਲੱਗਾ ਭੈ ਭੀਤ ਹੋ ਕੇ। ਸਵੇਰ ਵੇਲੇ ਗੁਰਦੁਆਰੇ ਮੱਥਾ ਟੇਕਣ ਆਉਂਦੇ ਬੰਦਿਆਂ ਨੂੰ ਉਸਨੇ ਵੇਖਿਆ। ਉਹ ਵੀ ਸੋਚ ਰਹੇ ਸੀ ਕਿ ਉਹ ਸਵੇਰ ਸਵੇਰੇ ਇਸ ਤਰ੍ਹਾਂ ਕਿਉਂ ਭੱਜ ਰਿਹਾ ਹੈ? ਕੁਝ ਚਿਰ ਬਾਅਦ ਇਹ ਗੱਲ ਆਲੇ ਦੁਆਲੇ ਧੂੰਏਂ ਵਾਂਗ ਫੈਲ ਗਈ ਕਿ ਭਰਾ ਦੇ ਹੱਥੋਂ ਇਕ ਭਰਾ ਦਾ ਕਤਲ ਹੋ ਗਿਆ। ਮੌਕਾ-ਏ-ਵਾਰਦਾਤ ਪੁਲਿਸ ਆਈ ਰਿਪੋਰਟ ਹੋਈ ਦੋ ਦਿਨਾਂ ਬਾਅਦ ਮੇਵਾ ਫੜਿਆ ਗਿਆ ।ਉਸ ਨੇ ਮੰਨ ਲਿਆ ਕਿ ਉਹ ਪਹਿਲਾਂ ਤੋਂ ਹੀ ਬਾਹਰਲੇ ਘਰ ਸੱਬਲ ਤੇ ਕਹੀ ਰੱਖ ਕੇ ਆਇਆ ਸੀ। ਘਰਦਿਆਂ ਵੱਲੋਂ ਬਚਾਓ ਲਈ ਇਹ ਵੀ ਕਿਹਾ ਗਿਆ ਕਿ ਇਸ ਦੀ ਮਾਨਸਿਕ ਹਾਲਤ ਠੀਕ ਨਹੀਂ ਸੀ। ਮੇਵੇ ਨੇ ਪੁਲਿਸ ਨੂੰ ਜੋ ਬਿਆਨ ਦਿੱਤੇ ਉਸ ਵਿੱਚ ਮਤਰੇਆ ਭਰਾ, ਵੱਧ ਜਮੀਨ, ਮੇਰੇ ਘਰਵਾਲੀ ਨਾਲ ਸਬੰਧ ਠੀਕ ਨਹੀਂ ਸੀ ਆਦਿ ਦਾ ਹਵਾਲਾ ਦਿੱਤਾ ਗਿਆ।

ਭਾਵੇਂ ਹਰਮਨ ਨੂੰ ਇਸ ਗੱਲ ਤੇ ਬਹੁਤ ਗੁੱਸਾ ਆਇਆ ਕਿ ਇਸ ਸਥਿਤੀ ਨੂੰ ਜਾਣਦੇ ਹੋਏ ਪਹਿਲਾਂ ਕਿਉਂ ਨਹੀਂ ਸੀ ਦੇਖਿਆ ਗਿਆ? ਇਸ ਦੀ ਜਾਣ ਬੁੱਝ ਕੇ ਅਣਦੇਖੀ ਕਿਉਂ ਕੀਤੀ ਗਈ ? ਇਸ ਦੀ ਰਹਿੰਦੀ-ਖੂੰਹਦੀ ਕਸਰ ਉਦੋਂ ਪੂਰੀ ਹੋ ਗਈ ਜਦੋਂ ਹਰਮਨ ਦੇ ਸਹੁਰੇ ਨੇ ਭੋਗ ਦੇ ਸਮੇਂ ਹਰਮਨ ਦੇ ਪੇਕਿਆਂ ਨੂੰ ਸਪਸ਼ਟ ਆਖ ਦਿੱਤਾ ਕਿ "ਤੁਹਾਡੀ ਧੀ ਮੁਟਿਆਰ ਹੈ, ਇਸ ਨੂੰ ਇਥੋਂ ਲੈ ਜਾਓ ! ਮੈਂ ਇਸ ਦੀ ਰਾਖੀ ਨਹੀਂ ਰੱਖ ਸਕਦਾ"। ਹਰਮਨ ਦੀ ਸੱਸ ਇਸ ਸਥਿਤੀ ਵਿੱਚ ਪਿੱਟ-ਪਿੱਟ ਬੋਲ਼ੀ ਹੋ ਗਈ। ਉਸ ਦਾ ਪੂਰਾ ਜ਼ੋਰ ਸੀ ਕਿ ਇੱਕੋ-ਇੱਕ ਹਰਮਨ ਹੀ ਉਸ ਦਾ ਸਹਾਰਾ ਬਚੀ ਹੈ। ਹਰਮਨ ਇਸ ਸਮੇਂ ਆਪਣੇ ਬੱਚੇ ਦੀ ਮਾਂ ਬਣ ਚੁੱਕੀ ਸੀ। ਗੁਰਦੇਵ ਕੌਰ ਨੂੰ ਹੁਣ ਇਸ ਬੱਚੇ ਵਿੱਚੋਂ ਆਪਣਾ ਵਾਰਿਸ ਨਜ਼ਰ ਆ ਰਿਹਾ ਸੀ। ਹਰਮਨ ਦੇ ਸਹੁਰੇ ਨੂੰ ਸਭ ਕੁਝ ਆਪਣੀਆਂ ਅੱਖਾਂ ਮੂਹਰੇ ਜਾਂਦਾ ਨਜ਼ਰ ਆ ਰਿਹਾ ਸੀ। ਹਰਮਨ ਦੇ ਹਿੱਸੇ ਦੀ ਜ਼ਮੀਨ ਉਹ ਕਿਸੇ ਵੀ ਕੀਮਤ ਤੇ ਛੱਡਣਾ ਨਹੀਂ ਸੀ ਚਾਹੁੰਦਾ। ਹਰਮਨ ਦੇ ਸਹੁਰੇ ਨੇ ਗੁਰਦੇਵ ਕੌਰ ਦਾ ਪਾਣੀ ਤੇ ਬਿਜਲੀ ਦਾ ਕਨੈਕਸ਼ਨ ਕੱਟ ਦਿੱਤਾ। ਆਲੇ-ਦੁਆਲੇ ਦੇ ਗੁਆਂਢ ਨੇ ਹਰਮਨ ਦੀ ਬਹੁਤ ਮਦਦ ਕੀਤੀ। ਹਰਮਨ ਦੇ ਸਹੁਰੇ ਨੇ ਇਕ ਨਵਾਂ ਦਾਅ ਖੇਡਣ ਦੀ ਕੋਸ਼ਿਸ਼ ਕੀਤੀ ਕਿ ਹਰਮਨ ਨੂੰ ਆਪਣੇ ਵੱਡੇ ਮੁੰਡੇ ਦੇ ਲੜ ਲਾਉਣ ਦੀ ਪੇਸ਼ਕਸ਼ ਨਾਲ ਹਰਮਨ ਦੇ ਸਹੁਰਿਆਂ ਨਾਲ ਗੱਲਬਾਤ ਕੀਤੀ। ਹਰਮਨ ਦੇ ਭਾਈ ਅੜੇ ਰਹੇ ਕਿ ਅਸੀਂ ਆਪਣੇ ਭਾਣਜੇ ਦੇ ਨਾਂ ਜ਼ਮੀਨ ਲਗਾਉਣ ਨੂੰ ਤਿਆਰ ਹਾਂ ਪਰ ਅਸੀਂ ਹਰਮਨ ਨੂੰ ਇਹ ਕਦਮ ਚੁੱਕਣ ਨਹੀਂ ਦੇਵਾਂਗੇ। ਹਰਮਨ ਤਿੰਨ ਸਾਲ ਆਪਣੇ ਪੇਕੇ ਰਹੀ। ਸਹੁਰਿਆਂ ਵੱਲੋਂ ਉਸ ਦੇ ਹਿੱਸੇ ਦੀਆਂ ਮੱਝਾਂ ਵੇਚੀਆਂ, ਜੀਰੀ ਵੇਚੀ ਪਰ ਉਸਨੂੰ ਕੋਈ ਪੈਸਾ ਨਾ ਮਿਲਿਆ ਅਤੇ ਜ਼ਮੀਨ ਜੋ ਮਿਲੀ ਉਹ ਤਿੰਨ ਬਿਘੇ ਘੱਟ ਦਿੱਤੀ ਗਈ। ਹਰਮਨ ਨੂੰ ਜਾਪਦਾ ਸੀ ਕਿ ਉਸ ਨੂੰ ਕੋਈ ਸਜ਼ਾ ਦਿੱਤੀ ਗਈ ਹੋਵੇ ਹਰਮਨ ਨੂੰ ਸਹੁਰਿਆਂ ਵੱਲੋਂ ਪਾਇਆ ਜਾਣ ਵਾਲਾ ਸੋਨਾ ਛੇ ਤੋਲੇ ਹੀ ਨਿਕਲਿਆ, ਜੋ ਦੱਸਿਆ ਵੱਧ ਗਿਆ ਸੀ।

ਗੁਆਂਢੀਆਂ ਨੇ ਹਰਮਨ ਦੀ ਵੱਖੋ ਵੱਖਰੇ ਸਮਾਨ ਨਾਲ ਮਦਦ ਕੀਤੀ। ਉਧਰ ਹਰਮਨ ਦੇ ਪਿਤਾ ਨੇ ਪੁਲਿਸ ਅਫਸਰਾਂ ਨੂੰ ਮਿਲਣਾ ਸ਼ੁਰੂ ਕੀਤਾ, ''ਜੀ ਹਜ਼ੂਰ ! ਸਾਡੀ ਧੀ ਦਾ ਘਰ ਉੱਜੜ ਗਿਆ, ਅਸੀਂ ਕੁਝ ਨਹੀਂ ਕਰ ਸਕੇ, ਇਹਨਾਂ ਹੰਕਾਰੀ ਬੰਦਿਆਂ ਨੂੰ ਸਖਤ ਤੋਂ ਸਖਤ ਸਜ਼ਾ ਹੋਣੀ ਚਾਹੀਦੀ

ਹੈ"। ਉਸਨੇ ਪੁਲਿਸ ਅਫਸਰਾਂ ਨੂੰ 20 ਹਜ਼ਾਰ ਰੁਪਏ ਰਿਸ਼ਵਤ ਵਜੋਂ ਵੀ ਦਿੱਤੇ। ਜਿਉਂ ਹੀ ਹਰਮਨ ਦੇ ਸਹੁਰੇ ਨੂੰ ਇਸ ਕਦਮ ਦਾ ਪਤਾ ਲੱਗਾ ਉਸਨੇ ਪੁਲਿਸ ਅਫਸਰਾਂ ਕੋਲ ਪਹੁੰਚ ਕਰਕੇ 60 ਹਜ਼ਾਰ ਰਿਸ਼ਵਤ ਵਜੋਂ ਦਿੱਤੇ ਤੇ ਕਿਹਾ ਮੁੰਡੇ ਦੀ ਮਾਨਸਿਕ ਹਾਲਤ ਠੀਕ ਨਹੀਂ ਸੀ ਕਨੂੰਨੀ ਧਾਰਾ ਨਰਮ ਕਰ ਦਿਓ !ਮੁੰਡਾ ਕੇਸ 'ਚ ਬਰੀ ਹੋਣਾ ਚਾਹੀਦਾ! ਅਜਿਹੇ ਹਾਲਾਤਾਂ ਵਿੱਚ ਹਰਮਨ ਹੁਣ ਆਪਣੇ ਪਤੀ ਦੇ ਕਾਤਲ ਨੂੰ ਛਡਵਾਉਣ ਵਾਲਿਆਂ ਨੂੰ ਰੋਟੀ ਕਿਵੇਂ ਦੇ ਸਕਦੀ ਸੀ?

ਇਹੋ ਕਾਰਨ ਕਰਕੇ ਉਹ ਆਪਣੇ ਪੂਰੇ ਪਰਿਵਾਰ ਨਾਲੋਂ ਅੱਡ ਹੋ ਗਈ। ਇਥੋਂ ਤੱਕ ਜੋ ਸਾਂਝੇ ਰਿਸ਼ਤੇਦਾਰ ਭਾਵੇਂ ਹਰਮਨ ਦੇ ਨਣਦੋਈਏ ਹੋਣ ਉਹ ਵੀ ਉਲਟ ਪਾਸੇ ਭੁਗਤੇ ,ਝੂਠ ਦਾ ਸਾਥ ਦਿੱਤਾ, ਝੂਠੇ ਗਵਾਹ ਬਣੇ, ਇਨ੍ਹਾਂ ਕਾਰਨਾਂ ਕਰਕੇ ਮੇਵਾ ਕੁਝ ਕੁ ਮਹੀਨਿਆਂ ਦੇ ਵਿੱਚ ਹੀ ਜੇਲ੍ਹ ਤੋਂ ਰਿਹਾਅ ਹੋ ਕੇ ਆ ਗਿਆ। ਹੁਣ ਮੇਵਾ ਉਹੀ ਤਾਰ ਸਿਉਂ ਦੇ ਖੇਤ ਵਿੱਚ ਫਿਰਦਾ। ਹਰਮਨ ਦੀਆਂ ਅੱਖਾਂ ਦੇ ਵਿੱਚ ਮਿਰਚਾਂ ਵਾਂਗ ਲੱਗਦਾ। ਹਰਮਨ ਦੇ ਭਰਾ ਵੀ ਬਹੁਤ ਦੁਖੀ , ਹਰਮਨ ਦਾ ਸਹੁਰਾ ਤਾਰ ਸਿੰਘ ਦੀ ਜ਼ਮੀਨ ਨੂੰ ਕਿਸੇ ਨੂੰ ਠੇਕੇ ਤੇ ਨਹੀਂ ਸੀ ਦੇਣ ਦਿੰਦਾ, ਨਾ ਹੀ ਕਿਸੇ ਹੋਰ ਨੂੰ ਜ਼ਮੀਨ ਵਿੱਚ ਕੁਸਕਣ ਦਿੰਦਾ। ਉਸਦਾ ਦਬਦਬਾ ਬਣਿਆ ਰਿਹਾ ਪਰ ਮੇਵੇ ਨੂੰ ਉਸ ਖੇਤ ਵਿੱਚ ਫਿਰਨ ਦੀ ਇਜਾਜ਼ਤ ਜ਼ਰੂਰ ਸੀ। ਤਾਰ ਦੀ ਮਾਂ ਦੇ ਪੇਕਿਆਂ ਨੇ ਆਪਣਾ ਹੱਕ ਸਮਝਦੇ ਹੋਏ ਉਸ ਜ਼ਮੀਨ ਵਿੱਚ ਬੀਜੀ ਕਣਕ ਵੱਢੀ। ਹਰਮਨ ਦੇ ਭਰਾਵਾਂ ਨੇ ਵੀ ਆਪਣਾ ਹੱਕ ਸਥਾਪਿਤ ਕਰਨ ਦੀ ਕੋਸ਼ਿਸ਼ ਕੀਤੀ। ਹਰਮਨ ਦੇ ਭਰਾਵਾਂ ਦੀ ਵਿਉਂਤਬੰਦੀ ਅਨੁਸਾਰ ਮੇਵੇ ਨੂੰ ਇਨ੍ਹਾਂ ਖੇਤਾਂ ਵਿੱਚ ਫਿਰਦਾ ਨਹੀਂ ਰਹਿਣ ਦਿੱਤਾ ਜਾਵੇਗਾ। ਜਦੋਂ ਮੱਕੜੀ ਜਾਲ੍ਹ ਵਿਛਾਉਂਦੀ ਹੈ ਤਾਂ ਮੱਛਰ ਆਪਣੇ ਆਪ ਵਿੱਚ ਫਸ ਜਾਂਦਾ ਹੈ ਤੇ ਆਪਣੀ ਜੀਵਨ ਲੀਲਾ ਸਮਾਪਤ ਕਰ ਲੈਂਦਾ ਹੈ।

ਸ਼ਾਮ ਨੂੰ ਮੇਵਾ ਬੇਖੌਫ ਹੋ ਕੇ ਤਾਰ ਦੇ ਖੇਤਾਂ ਦੇ ਵੱਲ ਜ਼ਰੂਰ ਜਾਂਦਾ। ਕੋਲ ਠੇਕੇ ਤੋਂ ਸ਼ਰਾਬ ਲੈ ਕੇ ਉਸੇ ਮੋਟਰ ਤੇ ਬੈਠ ਕੇ ਖੂਬ ਪੀਂਦਾ ਤੇ ਆਪਣਾ ਮੂਡ ਬਣਾਉਂਦਾ ਰਹਿੰਦਾ। ਇੱਕ ਸ਼ਾਮ ਇਸੇ ਰੂਪ ਵਿੱਚ ਬੈਠੇ ਨੂੰ ਵੇਖ ਕੇ ਹਰਮਨ ਦੇ ਭਰਾਵਾਂ ਦਾ ਖ਼ੂਨ ਖੌਲ ਉੱਠਿਆ ਉਨ੍ਹਾਂ ਮੇਵੇ ਨੂੰ ਅਜਿਹਾ ਦਬੋਚਿਆ ਉਸਨੂੰ ਖਤਮ ਕਰਨ ਲਈ ਝੱਟ ਹੀ ਲਾਇਆ। ਹਰਮਨ ਇਸ ਗੱਲ ਤੇ ਬਹੁਤ ਪਰੇਸ਼ਾਨ ਸੀ ਉਹ ਅਜਿਹੇ ਬਦਲੇ ਦੇ ਹੱਕ ਵਿੱਚ ਨਹੀਂ ਸੀ ਪਰ ਉਹ ਸਪਸ਼ਟ ਕਹਿੰਦੇ "ਅਸੀਂ ਪਿੰਡ ਵਿੱਚ ਅੱਜ ਅਣਖ ਨਾਲ ਜਾਵਾਂਗੇ"!ਹਰਮਨ ਕਹਿੰਦੀ "ਜਾਵੋਂਗੇ ਤਾਂ, ਜੇ ਤੁਸੀਂ ਆਉਣ-ਜਾਣ ਜੋਗੇ ਰਹੋਗੇ, ਸਾਲਾਂ ਬੱਧੀ ਤੁਸੀਂ ਜੇਲ੍ਹ ਵਿੱਚ ਬੈਠੋਗੇ, ਜੁੱਲੀਆਂ ਵਿਕ ਜਾਣਗੀਆਂ ,ਘਰਾਂ ਨੂੰ ਜਿੰਦੇ ਲੱਗ ਜਾਣਗੇ"। ਹੋਇਆ ਵੀ ਅਜਿਹਾ ਜਿਉਂ ਹੀ ਮੇਵੇ ਦੇ ਕਤਲ ਦੀ ਸੂਚਨਾ ਪੁਲਿਸ ਨੂੰ ਮਿਲੀ ਉਸ ਨੇ ਹਰਮਨ ਦੇ ਸਾਰੇ ਪਰਿਵਾਰ ਚਾਚੇ, ਤਾਏ ਦੇ ਮੁੰਡਿਆਂ ਨੂੰ ਚੁੱਕ ਲਿਆ। ਪੁਲਿਸ ਦਾ ਕੁਟਾਪਾ ਹੋਇਆ ਪਰ ਉਹਨਾਂ ਵਿੱਚੋਂ ਕਿਸੇ ਨੇ ਵੀ ਮੰਨ ਕੇ ਨਹੀਂ ਦਿੱਤਾ। ਪਿੰਡ ਦੇ ਲੋਕ ਗੱਲਾਂ ਕਰਦੇ, ਅਣਖ ਤਾਂ ਇਹੋ ਜਿਹੀ ਹੋਣੀ ਚਾਹੀਦੀ ਹੈ ਜਿਵੇਂ ਉਹ ਹਰਮਨ ਨੂੰ ਸ਼ਾਬਾਸ਼ ਦੇ ਰਹੇ ਹੋਣ। ਹਰਮਨ ਲੰਮਾ ਸਮਾਂ ਰੂਪੋਸ਼ ਰਹੀ। ਸਾਲਾਂਬੱਧੀ ਮੁਕੱਦਮਾ ਝਗੜਿਆ ਘਰ ਦੀ ਆਰਥਿਕਤਾ ਤਬਾਹ ਹੋਈ। ਮਨੋ ਹੀ ਮਨ ਕਈਆਂ ਦਾ ਮਨ ਫੁੱਲ ਵਰਗਾ ਹੌਲਾ ਹੋ ਗਿਆ ਸੀ। ਕਰਜੇ ਦੀ ਭਾਰੀ ਪੰਡ ਉਸਦੇ ਸਿਰ ਤੇ ਸੀ ਪਰ ਫਿਰ ਵੀ ਉਹ ਹੌਲੀ ਫੁੱਲ ਵਰਗੀ ਅਤੇ ਆਪਣੇ ਆਪ ਤੇ ਮਾਣ ਮਹਿਸੂਸ ਕਰਦੀ ਸੀ।

**94176-43860**

## ਮਿੰਨੀ ਕਹਾਣੀ / ਭਟੂਰੇ / ਸ਼ਰਨਪ੍ਰੀਤ ਕੌਰ



ਐਤਵਾਰ ਦਾ ਦਿਨ ਸੀ ਵਿਨੇ ਦੇ ਘਰਵਾਲ਼ੀ ਪ੍ਰਵੀਨ ਸਵੇਰੇ ਉੱਠਦਿਆਂ ਹੀ ਕਹਿੰਦੀ,"ਚਲੋ ਜਾਓ ਜੀ ਬੱਚੇ ਭਟੂਰੇ ਮੰਗ ਰਹੇ ਹਨ ਲਿਆਓ।"

-ਕੋਈ ਚਾਹ ਪਾਣੀ ਤਾਂ ਪਿਆ ਦੇ ਉਠਦਿਆਂ ਈ ਭਟੂਰਿਆਂ ਨੂੰ ਜੱਫਾ ਪਾਉਣ ਲੱਗ ਜਾਇਆ ਕਰੋ, ਮੈਨੂੰ ਪਤੈ ਕੀ ਹਾਲ ਹੁੰਦੈ ਓਥੇ ਖੜ੍ਹੇ ਬੰਦਿਆਂ ਦਾ। ਪੈਕ ਕਰਨ ਵਾਲਿਆਂ ਦਾ ਤੇ ਬਣਾਉਣ ਵਾਲਿਆਂ ਦਾ।

-ਫੇਰ ਕੀ ਹੋਇਆ! ਇੱਕ ਛੁੱਟੀ ਦਾ ਦਿਨ ਹੀ ਹੁੰਦੈ ਕੰਮ ਕਰਨ ਦਾ ਤੇ ਨਾਲੇ ਹੋਰ ਸਾਫ਼ ਸਫਾਈਆਂ ਦਾ ਵੀ ਤਾਂ ਦੇਖਣਾ ਹੁੰਦੈ। ਕੋਈ ਇੱਕ ਕੰਮ ਕਰਨਾ ਹੈ ਵਾਧੂ ਕੰਮ ਹੁੰਦੇ ਨੇ ਮੈਨੂੰ।

-ਮੇਰੀ ਛੁੱਟੀ ਦਾ ਮਜ਼ਾ ਤਾਂ ਸਵੇਰੇ ਈ ਖ਼ਰਾਬ ਹੋ ਜਾਂਦੈ ਓਥੇ ਜਾ ਕੇ ਖੜ੍ਹਨ ਨਾਲ, ਧੂੰਏ ਤੇ ਗਰਮੀ ਨਾਲੇ ਕੋਈ ਮੈਂ ਕੱਲਾ ਨੀ ਹੁੰਦਾ ਬਈ ਜਾਓ ਤੇ ਫੜ ਲਿਆਓ, ਵੀਹ ਖੜ੍ਹੇ ਹੁੰਦੇ ਨੇ ਭਟੂਰਿਆਂ ਵਾਲੀ ਕੜਾਹੀ 'ਚ ਹੱਥ ਪਾਉਣ ਤੱਕ ਜਾਂਦੇ ਨੇ ਵਿਚਾਰੇ...ਮੇਰੇ ਵਰਗੇ ਖੜ੍ਹੇ ਅੱਕ ਜਾਂਦੇ ਨੇ...ਸਾਲੀ ਓਥੇ ਸ਼ਰਮ ਆਉਣ ਲੱਗ ਜਾਂਦੀ ਐ.....ਲੰਘਦਾ ਟੱਪਦਾ ਵੀ ਵੇਖਦੈ ਵੀ ਹਰ ਐਤਵਾਰ ਈ ਖੜ੍ਹਾ ਹੁੰਦੈ ਇਹ....ਮਜ਼ਾਕ ਬਣਾ ਰੱਖਿਆ ਮੇਰਾ।

-ਫੇਰ ਹੁਣ ਕੀ ਕਰੀਏ ਨਾ ਜਾਓ ਵਰਤ ਰੱਖ ਲੈਂਦੇ ਹਾਂ। ਪਰ ਬੋਲੋ ਨਾ ਸਿਰ ਦੁਖਣ ਲੱਗ ਗਿਆ ਸਵੇਰੇ ਈ।

-ਵਰਤ ਕਿਉਂ......ਮੈਂ ਬਣਾ ਦੇਊਂ ਕੀ ਬਣਾਉਣਾ ਹੈ ਉਥੇ ਖੜ੍ਹਨ ਨਾਲੋ ਤਾਂ ਘਰੇ ਇੱਕ ਲੱਤ ਤੇ ਖੜ੍ਹ ਕੇ ਬਣਾਉਣਾ ਵੀ ਠੀਕ ਹੋਵੇਗਾ, ਕੋਈ ਇੱਕ ਅੱਧ ਐਤਵਾਰ ਤਾਂ ਛੱਡ ਦਿਓ। ਓਦੋਂ ਤੱਕ ਮਜ਼ਾਕ ਕਰਨ ਵਾਲੇ ਵੀ ਭੁੱਲ ਜਾਣਗੇ।

## ਗ਼ਜਲਾਂ / ਅਮਨਬੀਰ ਸਿੰਘ ਧਾਮੀ



ਸੁਲਗਦੇ ਅਹਿਸਾਸ ਦੇਖ, ਸਿਸਕਦੇ ਸਵਾਸ ਦੇਖ
ਵਕਤ ਦੇ ਆਗੋਸ਼ ਵਿੱਚ, ਰੂਹ ਮੇਰੀ ਉਦਾਸ ਦੇਖ

ਸਾਗਰਾਂ ਤੋਂ ਪਾਰ ਜੋ, ਸਿਸਕ ਸਿਸਕ ਮਰ ਰਹੀ
ਹਿਜ਼ਰਤ ਹੰਢਾ ਰਹੀ, ਤੜਫਦੀ ਪਿਆਸ ਦੇਖ

ਦੇਖ ਨਾ ਤੂੰ ਹੰਝੂਆਂ ਦਾ, ਖਾਰਾਪਣ ਐ ਦੋਸਤਾ,
ਅਜਲਾਂ ਤੋਂ ਦੀਦਿਆਂ 'ਚ, ਦਰਸ਼ਨ ਦੀ ਆਸ ਦੇਖ

ਕੀਤਾ ਇਜ਼ਹਾਰ ਤੇਰੇ ਨਾਲ, ਇੰਝ ਪਿਆਰ ਦਾ
ਰੱਤ ਨਾਲ ਲਿਖੇ ਹਰਫ, ਤੇਰੇ ਲਈ ਖਾਸ ਦੇਖ

ਕੰਢਿਆਂ ਦੇ ਘੇਰੇ ਬੈਠ, ਰਾਤ ਦਿਨੇ ਮਹਿਕਦਾ
ਨਿੱਕੇ ਜਿਹੇ ਫੁੱਲ ਦਾ ਤੂੰ, ਵੱਡਾ ਧਰਵਾਸ ਦੇਖ

ਰਾਵੀ ਤੇ ਚਨਾਬ ਨੂੰ, ਉਡੀਕਦੇ ਉਡੀਕਦੇ,
ਸੁੱਕ ਗਏ ਸਤਲੁਜ, ਜਿਹਲਮ, ਬਿਆਸ ਦੇਖ

ਤਨ ਦਾ ਕੀ ਦੇਖਣਾ, ਜੋ ਮਿੱਟੀ ਦਾ ਹੈ ਲਿੱਪਿਆ
ਦੇਖਣਾ ਤਾਂ ਸੱਚੇ ਸੁੱਚੇ, ਇਸ਼ਕ ਦਾ ਲਿਬਾਸ ਦੇਖ

ਰਿੰਨ ਰਿੰਨ ਪੀੜਾਂ ਰੋਜ਼, ਘੁੱਟ ਭਰੀ ਜਾਨੇ ਆਂ
ਕਿੰਨਾ ਏ ਹੰਢਾਉਣਾ ਔਖਾ, ਆਜਾ ਪਰਵਾਸ ਦੇਖ

'ਧਾਮੀ' ਇਹ ਨਾ ਦੇਖ, ਚਿਹਰੇ ਉੱਤੇ ਕਿੰਨਾ ਹਾਸਾ ਏ
ਇਹਨਾਂ ਹਾਸਿਆਂ 'ਚ ਕਿੰਨਾ, ਗਮਾਂ ਦਾ ਏ ਵਾਸ ਦੇਖ

...

ਕਿਉਂ ਨਾ ਕੋਈ ਜਵਾਬ ਹੈ, ਨਾ ਦੇ ਰਿਹਾ ਹਿਸਾਬ ਹੈ
ਕਿ ਚਿੜੀਆਂ ਨੋਚ ਨੋਚ ਕੇ, ਨਿਗਲ ਰਿਹਾ ਹੈ ਬਾਜ ਕਿਉਂ

ਨਾ ਪਿਆਰ ਨਾ ਏਤਬਾਰ ਹੈ, ਫਿਜ਼ਾ 'ਚ ਨਾ ਬਹਾਰ ਹੈ,
ਕਾਦਰ ਤੇਰੀ ਕਾਇਨਾਤ ਨੇ, ਹੈ ਬਦਲਿਆ ਅੰਦਾਜ਼ ਕਿਉਂ

ਕਿ ਪਾਪ ਹੀ ਬਸ ਪਾਪ ਹੈ, ਹਰ ਪੈਰ ਤੇ ਸੰਤਾਪ ਹੈ
ਮੌਲਾ ਮੇਰੇ ਇਸ ਕਾਲ ਦਾ, ਦੱਸ ਹੋ ਰਿਹਾ ਲਿਹਾਜ਼ ਕਿਉਂ

ਹੈ ਵਕਤ ਵੀ ਜੁਦਾ ਜੁਦਾ, ਜੁਦਾ ਜੁਦਾ ਨਿਜ਼ਾਮ ਕਿਉਂ
ਹਰ ਸਖਸ਼ ਹੀ ਸਕੂਨ ਤੋਂ, ਹੈ ਹੋ ਰਿਹਾ ਮੁਥਾਜ ਕਿਓ

...

ਗੁਜ਼ਰ ਗਈ ਰਾਤ ਹੁਣ ਪਰਭਾਤ ਦੀ ਗੱਲਬਾਤ ਹੋਵੇਗੀ
ਨਵਾਂ ਕੱਲ ਸੂਰਜ ਉਗੇਗਾ, ਨਵੀਂ ਸ਼ੁਰੂਆਤ ਹੋਵੇਗੀ

ਬੜਾ ਹੰਢਾ ਲਿਆ ਏ ਵਕਤ, ਬਿਰਹਾਂ ਦੀ ਅਗਨ ਅੰਦਰ
ਬੜੇ ਚਿਰ ਬਾਦ ਅੱਜ ਫਿਰ ਪਿਆਰ ਦੀ ਬਰਸਾਤ ਹੋਵੇਗੀ

ਮੇਰੇ ਨਾਲ ਲੜਨ ਦਾ ਹੀਆ, ਨਾ ਕਰ ਬੈਠੀਂ ਤੂੰ ਐ ਪੀੜੇ
ਕਿ ਮੇਰੇ ਸਬਰ ਦੇ ਸਾਹਵੇਂ, ਤੇਰੀ ਹੁਣ ਮਾਤ ਹੋਵੇਗੀ

ਕਦੇ ਬੁਝੀ ਹੈ ਨਾ ਬੁਝਣਾ ਹੈ ਕਦੇ ਏਸ ਸ਼ਮਾ ਨੇ
ਜਦੋਂ ਤੀਕਰ ਨਾ ਪਰਵਾਨੇ ਦੀ ਮੁਲਾਕਾਤ ਹੋਵੇਗੀ

ਮੇਰੇ ਕਿਰਦਾਰ ਤੇ ਮੈਨੂੰ, ਏਨਾ ਏਤਬਾਰ ਹੈ ਯਾਰਾ
ਗਵਾਹੀ ਭਰਨ ਲਈ ਧਾਮੀ, ਸਾਰੀ ਕਾਇਨਾਤ ਹੋਵੇਗੀ

...

ਘੁੱਪ ਹਨੇਰਾ ਤਾਂ ਕੀ ਹੋਇਆ ਕਦੇ ਸਵੇਰਾ ਹੋਵੇਗਾ
ਯਕੀਨ ਏ ਮੈਨੂੰ ਇਸ ਵਾਰਾਂ ਚਾਨਣ ਬਥੇਰਾ ਹੋਵੇਗਾ

ਕੀ ਹੋਇਆ ਜੇ ਵੇਲਾ ਮੇਰਾ ਰੁੱਸ ਕੇ ਮੈਥੋਂ ਬੈਠਾ ਏ
ਅੱਜ ਤੱਕ ਜੇ ਉਹ ਮੇਰਾ ਸੀ ਤਾਂ ਕੱਲ੍ਹ ਵੀ ਮੇਰਾ ਹੋਵੇਗਾ

ਦੌੜ ਭੱਜ ਦੀ ਜਿੰਦਗੀ ਦੇ ਵਿੱਚ ਇਕੋ ਗੱਲ ਮੈਂ ਸਿੱਖੀ ਏ
ਸਬਰ ਹੋਏਗਾ ਜਿੰਨਾ ਫਲ ਓਨਾ ਹੀ ਚੰਗੇਰਾ ਹੋਵੇਗਾ

ਮੈਂ ਕਿਉਂ ਚੱਲਾਂ ਹੋਰਾਂ ਦੀਆਂ, ਪਾਈਆਂ ਹੋਈਆਂ ਪੈੜਾਂ ਤੇ
ਸੋਚ ਮੇਰੀ ਦਾ ਸੂਰਜ, ਮੇਰਾ ਰਾਹ ਦਸੇਰਾ ਹੋਵੇਗਾ

ਬੜੀਆਂ ਤਿੱਖੀਆਂ ਧੁੱਪਾਂ, ਸੀਤ ਹਵਾਵਾਂ ਝੱਲੀਆਂ ਸੀਨੇ ਤੇ
ਹੁਣ 'ਧਾਮੀ' ਵਿਹੜੇ ਤੇਰੇ ਖੁਸ਼ੀਆਂ ਦਾ ਡੇਰਾ ਹੋਵੇਗਾ

## ਕਵਿਤਾਵਾਂ / ਰਾਮ ਪਾਲ ਸ਼ਾਹਪੁਰੀ

### ਇੱਟ

ਮੈਂ
ਭੱਠੇ ਦੀ ਤਪਸ਼ ਨਾਲ਼
ਕਠੋਰ ਬਣੀ
ਉਹ ਇੱਟ ਹਾਂ
ਜੋ ਘਰਾਂ ਦੀ ਉਸਾਰੀ
ਤੇ
ਬੁੱਤਾਂ ਦੀ ਘਾੜਤ ਲਈ
ਛਿੱਲੀ ਜਾਂਦੀ ਰਹੀ ਹਾਂ
ਬੁੱਤਘਾੜਿਆਂ ਦੇ ਹੱਥੋਂ

ਮੈਂ ਤਾਂ
ਮਾਂ ਵਰਗੀ
ਛੱਤ ਬਣਨਾ ਚਾਹੁੰਦੀ ਸੀ
ਤੇਰੇ ਸਿਰ ਉੱਤੇ
ਪਰ ਤੂੰ ਤਾਂ
ਮੈਨੂੰ ਵੰਡ ਵੰਡੀਏ ਦਾ
ਵਸੀਲਾ ਬਣਾ ਲਿਆ ਹੈ

ਤੂੰ ਤਾਂ ਮੇਰੀ ਓਟ ਲੈਕੇ
ਵੰਡਣ ਲੱਗਿਆ ਏਂ
ਘਰ ਦੀ ਧੁੱਪ, ਛਾਂ ਤੇ ਹਵਾ ਨੂੰ

ਸ਼ਾਇਦ ਤੂੰ ਭੁੱਲ ਗਿਆ ਹੈਂ
ਮੈਨੂੰ ਸੀਮਿੰਟ 'ਚ ਗੱਡ ਕੇ ਬਣਾਈ
ਕੰਧ
ਵੰਡ ਦੇਵੇਗੀ
ਮੀਂਹ ਦੇ ਪਾਣੀ
ਘਰ ਦੇ ਬਿਰਧ ਰੁੱਖ
ਤੇ ਖਿੰਡਾ ਦੇਵੇਗੀ
ਵਡੇਰਿਆਂ ਦੀਆਂ ਨਿਸ਼ਾਨੀਆਂ ਨੂੰ
ਉਦਾਸ ਹੋ ਜਾਣਗੀਆਂ
ਘਰ ਦੀਆਂ ਪੁਰਾਣੀਆਂ ਕੰਧਾਂ
ਤੇ
ਘਰ ਦੀ ਸਰਦਲਾਂ ਤੇ ਰੁਕ ਜਾਣਗੇ



### ਘਰ ਦੀ ਧੀ ਦੇ ਪੈਰ

ਮੇਰੇ ਨਾਲ
ਉਸਾਰੀ ਕੰਧ ਦਾ ਅਸਰ
ਘਰ ਤੋਂ ਹਵੇਲੀ
ਹਵੇਲੀ ਤੋਂ ਪੈਲ਼ੀ
ਤੇ ਪੈਲ਼ੀ ਵਿਚ ਮਹਿਕਦੀਆਂ ਫਸਲਾਂ ਦੇ
ਨਾਲ਼ ਨਾਲ਼
ਘਰ ਦੇ ਦੁਧਾਰੂ ਪਸ਼ੂਆਂ ਦੇ
ਦੁੱਧ ਸੁਕਾਉਣ ਤੱਕ ਹੋਵੇਗਾ

ਤੂੰ ਜਾਣਦਾ ਨਹੀਂ
ਘਰ ਦੇ ਇਰਦ ਗਿਰਦ
ਰਹਿੰਦੇ ਕੁੱਤੇ, ਬਿੱਲੀਆਂ
ਕਾਂਵਾਂ, ਚਿੜੀਆਂ ਲਈ ਵੀ
ਸਹਿਜ ਨਹੀਂ ਹੋਵੇਗਾ
ਘਰ ਵਿਚ ਕੰਧ ਦਾ ਉੱਸਰਨਾ ਤੇ
ਘਰ 'ਚ, ਰੋਸੇ ਮਸੋਸੇ ਚਿਹਰੇ ਵੇਖ
ਜਾਮਣ ਅਤੇ ਤੂਤ ਵੀ
ਕੁਸੈਲੇ ਹੋ ਜਾਣਗੇ

ਕੰਧ ਉੱਸਰਦਿਆਂ ਵੇਖ
ਸਦੀਆਂ ਤੋਂ ਵੰਡ ਦੀ ਗਵਾਹ
ਘਰ ਦੀ ਮੌਨ ਹੋਈ ਧਰਤ
ਸੋਚਦੀ ਹੈ ਜੇਕਰ ਮੈਂ
ਪਿੱਛੇ ਨੂੰ ਘੁੰਮਣਾਂ ਸ਼ੁਰੂ ਕਰ ਦੇਵਾਂ
ਤਾਂ ਸ਼ਾਇਦ ਤੂੰ
ਮੁੜ ਬੱਚਾ ਬਣ ਜਾਵੇ
ਤੇਰੇ ਮਨੋਂ ਵਿਸਰ ਜਾਵੇ
ਵੰਡ ਦਾ ਖ਼ਿਆਲ
ਤੂੰ ਨਿਰਸਵਾਰਥੀ ਹੋ ਕੇ ਵਸੇਂ
ਘੁੱਗ ਵਸਦੇ ਘਰ ਅੰਦਰ।

### ਨਿਸ਼ਾਨੀਆਂ

ਸਬਰ ਸੰਤੋਖ
ਤੇ ਸਾਂਝ ਦੀ ਦੁਨੀਆਂ ਨੂੰ
ਬੇਦਾਵਾ ਦੇ ਕੇ ਵਣਜੀ
ਜਗਤ ਦੀ
ਕੁੱਛੜ 'ਚ ਜਾ ਬੈਠੇ
ਵਿਵਹਾਰਾਂ ਚੋਂ
ਜਨਮ ਲੈਣ ਲੱਗੇ ਨੇ
ਨਵੇਂ ਸਰੋਕਾਰ

ਇਸੇ ਲਈ
ਘਸ ਚੁੱਕੇ
ਸਮਾਜਿਕ ਪੈਮਾਨਿਆਂ 'ਤੇ
ਹਰ ਕੋਈ
ਆਪਣੇ ਹਿਸਾਬ ਨਾਲ
ਉੱਕਰ ਰਿਹਾ ਹੈ
ਨਵੀਆਂ ਨਿਸ਼ਾਨੀਆਂ ।

### ਪ੍ਰਸ਼ਨ

ਇਹ ਕੀ ਹੋ ਗਿਆ ਹੈ?
ਮੱਛੀਆਂ
ਸੜਕਾਂ ਤੇ ਤੈਰ ਰਹੀਆਂ ਨੇ
ਝੋਨਾ
ਰੇਤੇ 'ਚ ਲਹਿਰਾ ਰਿਹਾ ਹੈ
ਮੈਪਲ ਦੇ ਰਸ ਨਾਲ਼ ਬੱਚੇ
ਮਾਹਲ-ਪੂੜੇ ਖਾ ਰਹੇ ਨੇ
ਠੰਢ ਤੋਂ ਡਰਦਾ
ਨਿੰਬੂ ਦਾ ਬੂਟਾ
ਗ਼ਮਲੇ 'ਚ ਹੀ
ਸੰਤੁਸ਼ਟ ਖੜ੍ਹਾ ਹੈ
ਕੰਡੇ ਤੇ ਤੁੱਕਿਆਂ ਨੂੰ ਵਿਸਾਰ ਕੇ
ਕਿੱਕਰ
ਕ੍ਰਿਸਮਸ ਟਰੀ ਬਣ ਗਈ ਹੈ
ਕੀ ਚਿੱਟੀ ਚਾਦਰ ਵਾਲ਼ੀ ਧਰਤੀ
ਮੇਰੀ ਦ੍ਰਿਸ਼ਟੀ ਨੂੰ
ਬਦਲ ਰਹੀ ਹੈ?

## ਕਹਾਣੀ / ਟੀ ਪੁਆਇੰਟ 'ਤੇ ਖੜ੍ਹਾ ਆਦਮੀ / ਭੁਪਿੰਦਰ ਉਪਰਾਮ



ਮੈਂ ਅੱਜ ਜ਼ਿੰਦਗੀ ਦੀ ਇਕ ਐਸੀ ਘੁੰਮਣ ਘੇਰੀ ਵਿਚ ਫ਼ਸ ਗਿਆ ਹਾਂ, ਜਿਸ ਵਿਚੋਂ ਨਿਕਲਣਾ ਮੇਰੇ ਵਰਗੇ ਦਾਰਸ਼ਨਿਕ ਬੰਦੇ ਦੇ ਵਾਸਤੇ ਵੀ ਮੁਸ਼ਕਿਲ ਹੋਇਆ ਪਿਆ ਹੈ। ਜ਼ਿੰਦਗੀ ਨੇ ਇਕ ਐਸੇ ਮੋੜ ਤੇ ਲਿਆ ਕੇ ਖੜ੍ਹਾ ਕਰ ਦਿਤਾ ਹੈ, ਜਿਥੋਂ ਦੋ ਰਸਤੇ ਨਿਕਲਦੇ ਹਨ, ਪਤਾ ਹੈ ਦੋਨੋਂ ਰਸਤਿਆਂ ਤੋਂ ਮੇਰੀਆਂ ਪੈੜਾਂ ਚੰਗੀ ਤਰਾਂ ਵਾਕਫ਼ ਹਨ, ਫ਼ਿਰ ਵੀ ਭੰਬਲਭੂਸਾ ਹੈ, ਇਕ ਨਾ ਉਮੀਦੀ ਜਿਹੀ ਹੈ, ਰਸਤਾ ਤਾਂ ਇਕ ਹੀ ਚੁਣਨਾ ਹੈ, ਪਰ ਕਿਹੜਾ ਕਿਤੇ ਗ਼ਲਤ ਰਸਤਾ ਨਾ ਚੁਣਿਆ ਜਾਵੇ, ਇੱਕ ਰਸਤਾ ਉਹ ਜਿਸਦੀਆਂ ਇੱਟਾਂ ਵਿਚ ਮੇਰਾ ਕੁਝ ਵੀ ਨਹੀਂ, ਇੱਕ ਰਸਤਾ ਉਹ ਜਿਸ ਦੀਆਂ ਇੱਟਾਂ ਵਿਚ ਮੇਰਾ ਆਪਣਾ ਗਾਰਾ ਲੱਗਿਆ ਹੋਇਆ ਹੈ, ਪਰ ਆਪਣੇ ਗਾਰੇ ਵਾਲੀਆਂ ਇੱਟਾਂ ਮੈਨੂੰ ਹਮੇਸ਼ਾਂ ਤਪਸ਼ ਹੀ ਦੇਂਦੀਆਂ ਰਹੀਆਂ, ਉਹ ਇੱਟਾਂ ਜਿਨ੍ਹਾਂ ਵਿੱਚ ਮੇਰਾ ਕੁਝ ਵੀ ਨਹੀਂ ਉਹਨਾਂ ਇੱਟਾਂ ਨੇ ਹਮੇਸ਼ਾਂ ਮੈਨੂੰ ਠੰਡਕ ਹੀ ਦਿਤੀ ਹੈ, ਫੁੱਲਾਂ ਦੀ ਸੇਜ ਦੀ ਤਰ੍ਹਾਂ ਉਹ ਰਸਤਾ ਮੈਨੂੰ ਆਰਾਮ ਦੇਂਦਾ ਰਿਹਾ ਹੈ।

ਹੁਣ ਤਕ ਮੈਂ ਇਕ ਭੁਲੇਖੇ ਵਿਚ ਹੀ ਜੀ ਰਿਹਾ ਸਾਂ, ਉਸ ਭੁਲੇਖੇ ਦੀ ਧੁੰਦ ਜਦ ਤਕ ਫੈਲੀ ਹੋਈ ਸੀ ਸਭ ਕੁਝ ਠੀਕ ਸੀ ਕੁਝ ਵੀ ਤਾਂ ਤਕਲੀਫ਼ਦੇਹ ਨਹੀਂ ਸੀ। ਇਹੋ ਜਿਹੇ ਅਜੀਬੋ-ਗਰੀਬ ਹਾਦਸੇ ਆਮ ਤੋਰ ਤੇ ਅਕਸਰ ਇਨਸਾਨੀ ਜ਼ਿੰਦਗੀਆਂ ਵਿਚ ਘਟ ਹੀ ਵਾਪਰਦੇ ਹਨ ਜਾਂ ਇੰਝ ਕਹਿ ਲਉ ਵਾਪਰੇ ਅਕਸਰ ਹੁੰਦੇ ਹਨ ਪਰ ਧੁੰਦ ਵਿਚ ਹੀ ਛੁਪੇ ਹੁੰਦੇ ਹਨ, ਪਤਾ ਹੀ ਨਹੀਂ ਲੱਗਦੈ, ਖੁਸ਼ਕਿਸਮਤ ਹੁੰਦੇ ਹਨ ਉਹ ਲੋਕ।

ਮੇਰੇ ਮੰਦੇ ਭਾਗਾਂ ਨੂੰ ਉਹ ਕੋਹਰਾ ਹਟ ਗਿਆ ਧੁੰਦ ਛਟ ਗਈ, ਜਦੋਂ ਧੁੰਦ ਸੀ ਤਾਂ ਇਕ ਭਰਮ ਜਿਹਾ ਬਣਿਆ ਹੋਇਆ ਸੀ, ਤੇ ਉਸ ਭਰਮ ਵਿਚ ਮੈਂ ਮਜ਼ੇ ਨਾਲ ਮਨ ਦੀ ਮੌਜ ਵਿਚ ਜੀ ਰਿਹਾ ਸਾਂ, ਤੁਸੀਂ ਸੋਚੋ ਜਦੋਂ ਤੁਹਾਡੀ ਜ਼ਿੰਦਗੀ ਦੇ ਰਸਤਿਆਂ ਵਿਚੋਂ ਇਕ ਰਸਤੇ ਦੇ ਖੰਭੇ ਤੁਹਾਨੂੰ ਦੂਰੋਂ ਹੀ ਕਰੰਟ ਮਾਰਨ ਲੱਗਦੇ ਹਨ, ਕਿਉਂਕਿ ਉਸ ਰਸਤੇ ਦਾ ਟ੍ਰਾਂਸਫਾਰਮਰ ਉਸਨੂੰ ਕਰੰਟ ਦੀ ਸਪਲਾਈ ਕੁਝ ਹੋਰ ਤਰਾਂ ਦੀ ਦੇ ਰਿਹਾ ਹੁੰਦਾ ਹੈ। ਦੂਜੇ ਰਸਤੇ ਦੇ ਖੰਭੇ ਤੁਹਾਡੀ ਜ਼ਿੰਦਗੀ ਨੂੰ ਰੋਸ਼ਨ ਕਰਨ ਵਾਸਤੇ ਰੋਸ਼ਨੀਆਂ ਨਾਲ ਭਰ ਰਹੇ ਹੁੰਦੇ ਹਨ, ਤਾਂ ਲਾਜ਼ਮੀ ਹੈ ਮੈਂ ਉਸ ਦੂਜੇ ਰਸਤੇ ਜਾਣ ਨੂੰ ਹੀ ਤਰਜੀਹ ਦਿਆਂਗਾ ਜਿਥੋਂ ਮੇਰੇ ਰਸਤੇ ਨੂੰ ਰੋਸ਼ਨੀ ਮਿਲ ਰਹੀ ਹੈ, ਮੈਂ ਕਰੰਟ ਕਿਉਂ ਖਾਵਾਂਗਾ।

ਹੁਣ ਜਦੋਂ ਅਚਾਨਕ ਮੇਰੇ ਅੱਗੇ ਇਹ ਭੇਦ ਖੁੱਲਦਾ ਹੈ ਕਿ ਤੂੰ ਹੁਣ ਤਕ ਜਿਸ ਰਸਤੇ ਨੂੰ ਆਪਣਾ ਸਮਝ ਰਿਹਾ ਸੀ, ਅਸਲ ਵਿਚ ਉਹ ਰਸਤਾ ਤਾਂ ਤੇਰਾ ਹੈ ਈ ਨਹੀਂ ਉਹ ਤਾਂ ਕਿਸੇ ਹੋਰ ਦਾ ਹੈ, ਤੇਰਾ ਤਾਂ ਉਹ ਰਸਤਾ ਆਪਣਾ ਹੈ, ਜਿਸ ਦੇ ਖੰਭੇ ਤੇਰੇ ਵਾਸਤੇ ਕਰੰਟ ਨਾਲ ਭਰੇ ਹੋਏ ਹਨ, ਜਿਹੜੀਆਂ ਇੱਟਾਂ ਤੇਰੇ ਵਾਸਤੇ ਆਪਣੇ ਅੰਦਰ ਤਪਸ਼ ਸੰਭਾਲ ਕੇ ਬੈਠੀਆਂ ਹੋਈਆਂ ਹਨ ਉਹ ਰਸਤਾ ਤੇਰਾ ਆਪਣਾ ਹੈ, ਕਿਉਂਕਿ ਇਹ ਇੱਟਾਂ ਵੀ ਤੇਰੀਆਂ ਹਨ ਤੇ ਉਨ੍ਹਾਂ ਵਿਚ ਲੱਗਿਆ ਮਸਾਲਾ ਵੀ ਤੇਰਾ ਹੈ।

ਪਰ ਪਿਛਲੇ ਅਠਾਰਾਂ ਵੀਹ ਸਾਲਾਂ ਤੋਂ ਮੈਂ ਭੁਲੇਖੇ ਵਿਚ ਹੀ ਜੀਂਦਾ ਹੋਇਆ ਇਹੋ ਸੋਚਦਾ ਰਿਹਾ ਕਿ ਮੇਰੇ ਨਾਲ ਧੋਖਾ ਹੋਇਆ ਹੈ। ਜਿਸ ਦਾ ਖਮਿਆਜ਼ਾ ਮੈਂ ਤੇ ਮੇਰੀ ਪਤਨੀ ਦੋਨੋਂ ਭੁਗਤ ਰਹੇ ਹਾਂ, ਉਹ ਆਪਣੇ ਛੋਟੇ ਬੇਟੇ ਕੋਲ ਰਹਿ ਰਹੀ ਹੈ, ਮੈਂ ਆਪਣੇ ਵੱਡੇ ਬੇਟੇ ਕੋਲ, ਇਹ ਪਿਛਲੇ ਬਾਰਾਂ ਸਾਲਾਂ ਤੋਂ ਇਵੇਂ ਹੀ ਚੱਲ ਰਿਹਾ ਸੀ। ਪਰ ਅਜ ਕੱਲ ਦੇ ਆਪਸੀ ਮਨਮੁਟਾਵ ਦਾ ਇਕ ਵੱਡਾ ਕਾਰਨ ਇਹ ਸੀ ਕਿ, ਦੋਨਾਂ ਸਾਥੀਆਂ ਨੂੰ ਆਪਣੇ ਅਤੀਤ ਦਾ ਇਕ ਦੂਜੇ ਕੋਲੋਂ ਕੁਝ ਵੀ ਛੁਪਾ ਕੇ ਨਹੀਂ ਰੱਖਣਾ ਚਾਹੀਦਾ, ਜੋ ਵੀ ਹੋਇਆ ਉਹ ਉਸਨੂੰ ਸਚੋ-ਸਚ ਬਿਆਨ ਕਰ ਦੇਣਾ ਚਾਹੀਦਾ ਹੈ। ਅਲੜ੍ਹ ਉਮਰਾਂ ਵਿਚ ਇਹੋ ਜਿਹੀਆਂ ਗਲਤੀਆਂ, ਵੈਸੇ ਮੈਂ ਇਨ੍ਹਾਂ ਗੱਲਤੀਆਂ ਨੂੰ ਗਲਤੀਆਂ ਨਾਂਹ ਹੀ ਕਵਾਂ ਤਾਂ ਠੀਕ ਰਹੇਗਾ ਕਿਉਂਕਿ ਇਹ ਇਕ ਸੁਭਾਵਿਕ ਕਿਰਿਆ ਹੈ, ਇਸ ਵਿਚ ਕਿਹੜਾ ਕਿਸੇ ਹੋਰ ਦੂਜੇ ਨਾਲ ਬੇਵਫ਼ਾਈ ਹੋ ਰਹੀ ਹੁੰਦੀ ਹੈ, ਹਾਂ ਇਸ ਨੂੰ ਸਿਆਣਪ ਭਰੇ ਤਰੀਕੇ ਨਾਲ ਮਨਜ਼ੂਰ ਕਰਕੇ ਅਗੇ ਇਕ ਦੂਜੇ ਪ੍ਰਤੀ ਵਫ਼ਾਦਾਰੀ ਨਿਭਾਉਣੀ ਜ਼ਿੰਦਗੀ ਦਾ ਅਹਿਮ ਹਿੱਸਾ ਹੋਣਾ ਚਾਹੀਦਾ ਹੈ। ਪਰ ਮੇਰੇ ਹਿਸਾਬ ਨਾਲ ਮੇਰੇ ਨਾਲ ਧੋਖਾ ਹੋਇਆ ਸੀ, ਵਫ਼ਾਦਾਰੀ ਨਿਭਾਈ ਨਹੀਂ ਗਈ ਸੀ, ਪਰ ਫ਼ੇਰ ਵੀ ਮੈਂ ਆਪਣੀ ਪਤਨੀ ਨੂੰ ਬਹੁਤ ਸ਼ਿੱਦਤ ਨਾਲ ਪਿਆਰ ਕਰਦਾ ਹਾਂ, ਤੇ ਹੁਣ ਉਸਦੇ ਬਿਮਾਰੀ ਦੇ ਦਿਨ੍ਹਾਂ ਵਿਚ ਹਸਪਤਾਲ ਵਿਚ ਜਿਹੜਾ ਭੇਦ ਉਹ ਖੋਲ੍ਹ ਗਈ ਹੈ, ਉਹ ਖੁੱਲ੍ਹਣ ਤੋਂ ਬਾਅਦ ਤਾਂ ਮੇਰੀ ਆਤਮਾ ਵਿਚ ਉਹ ਇਕ ਦੇਵੀ ਦਾ ਸਥਾਨ ਬਣਾ ਗਈ ਹੈ, ਪਰ ਮੈਨੂੰ ਭੰਬਲਭੂਸੇ ਵਿਚ ਪਾ ਗਈ ਹੈ।

ਮੈਂ ਇਸ ਉਲਝਣ ਭਰੇ ਮੋੜ ਤੇ ਆਕੇ ਅਟਕ ਕੇ ਰਹਿ ਗਿਆ ਹਾਂ, ਸੋਚਦਾ ਹਾਂ ਕੁਝ ਭੁਲੇਖਿਆਂ ਦਾ ਭੁਲੇਖੇ ਬਣੇ ਰਹਿਣ ਵਿਚ ਹੀ ਤੁਹਾਡਾ ਭਲਾ ਹੁੰਦਾ ਹੈ, ਭੁਲੇਖਾ ਤਾਂ ਖੁੱਲ੍ਹ ਜਾਂਦਾ ਹੈ ਤੁਸੀਂ ਉਲਝ ਜਾਂਦੇ ਹੋ, ਇਕ ਐਸੀ ਉਲਝਨ ਵਿਚ ਜਿਸ ਨੂੰ ਖੋਲਣਾ ਤੁਹਾਡੇ ਵਸੋਂ ਬਾਹਰ ਹੋ ਜਾਂਦਾ ਹੈ, ਇਹ ਘਟਨਾ ਮੇਰੀ ਜ਼ਿੰਦਗੀ ਨੂੰ ਉਲਝਾ ਕੇ ਰਖ ਗਈ ਹੈ।

ਹੁਣ ਤਕ ਸਭ ਕੁਝ ਠੀਕ-ਠਾਕ ਚੱਲ ਰਿਹਾ ਸੀ, ਮੈਂ ਆਪਣੇ ਆਪ ਨੂੰ ਸਮਝਾ ਕੇ ਸਬਰ ਕਰ ਬੈਠਾ ਸਾਂ, ਪਿਛਲੇ 12-15 ਸਾਲਾਂ ਵਿਚ ਹੋਈਆਂ ਘਟਨਾਵਾਂ ਨੂੰ ਛੱਡ ਕੇ ਕਿਉਂਕਿ ਜੋ ਕੁਝ ਹੋਇਆ ਉਹ ਬਹੁਤ ਕੁਝ ਹੋਇਆ ਜੋ ਨਹੀਂ ਹੋਣਾ

ਚਾਹੀਦਾ ਸੀ, ਪਰ ਇਹ ਕਦੋਂ ਹੁੰਦਾ ਹੈ ਕਿ ਅਸੀਂ ਜੋ ਚਾਹੀਏ ਉਹੀ ਹੋਵੇ, ਸਮੇਂ ਨੇ ਤਾਂ ਆਪਣੇ ਮੁਤਾਬਿਕ ਹੀ ਜੋ ਉਸਨੂੰ ਠੀਕ ਲੱਗੇ ਕਰਨਾ ਹੁੰਦਾ ਹੈ, ਸਾਨੂੰ ਉਹ ਮਨਜ਼ੂਰ ਕਰਨਾ ਪੈਂਦਾ ਹੈ। ਜੋ ਹੈ ਜਿਵੇਂ ਹੈ, ਜਿਵੇਂ ਹੈ ਉਂਵੇ ਹੀ ਸਹੀ, ਇਵੇਂ ਤਾਂ ਇਵੇਂ ਹੀ ਸਹੀ, ਜ਼ਿੰਦਗੀ ਆਪਣੇ ਆਪ ਨੂੰ ਸਮੇਂ ਮੁਤਾਬਕ ਢਾਲ ਲੈਂਦੀ ਹੈ, ਕਿਉਂਕਿ ਅਸੀਂ ਸਮਝੋਤਾ ਕਰ ਲੈਂਦੇ ਹਾਂ, ਸਾਨੂੰ ਕਰਨਾ ਪੈਂਦਾ ਹੈ ਹੋਰ ਅਸੀਂ ਕਰ ਵੀ ਕੀ ਸਕਦੇ ਹਾਂ, ਜ਼ਿੰਦਗੀ ਨੂੰ ਪਿਆਰ ਕਰਨ ਵਾਲੇ ਮਰਨ ਬਾਰੇ ਤਾਂ ਸੋਚਦੇ ਹੀ ਨਹੀਂ, ਉਨ੍ਹਾਂ ਨੇ ਤਾਂ ਜੀਣਾ ਹੁੰਦਾ ਹੈ।

ਇਸ ਸਭ ਕੁਝ ਠੀਕ ਚੱਲਦੇ ਵਿਚ, ਅੱਠ-ਦੱਸ ਦਿਨ ਪਹਿਲੇ ਅਫ਼ਰਾ-ਤਫ਼ਰੀ ਮੱਚ ਗਈ ਜਦੋਂ ਛੋਟੇ ਬੇਟੇ ਦਾ ਫ਼ੋਨ ਆਇਆ ਜੋ ਕਿ ਸਿਵਲ ਸੇਵਾਵਾਂ ਵਿਚ ਇਕ ਆਲਾ ਅਫ਼ਸਰ ਹੈ, ਉਚੇ ਔਹਦੇ ਤੇ ਹੈ, ਫ਼ੋਨ ਆਇਆ ਉਸ ਦੇ ਭਰਾ ਮੇਰੇ ਵੱਡੇ ਬੇਟੇ ਨੂੰ।

''ਮੰਮੀ ਦੀ ਤਬੀਅਤ ਅਚਾਨਕ ਖਰਾਬ ਹੋ ਗਈ ਹੈ ਅਸੀਂ ਲੈ ਕੇ ਜਾ ਰਹੇ ਹਾਂ ਕੋਲੰਬੀਆ ਏਸ਼ੀਆ ਤੁਸੀਂ ਪਹੁੰਚ ਜਾਉ''

ਮੈਂ ਤੇ ਮੇਰਾ ਵੱਡਾ ਬੇਟਾ ਜੋ ਆਪਣੀ ਪਤਨੀ ਨੂੰ ਇਹ ਕਹਿਕੇ ਕਿ ''ਮੈਂ ਤੇ ਪਾਪਾ ਜਾਂਦੇ ਹਾਂ ਫ਼ਿਰ ਜੇ ਲੋੜ ਹੋਈ ਦੇਖਾਂਗਾ ਆਕੇ ਤੈਨੂੰ ਲੈ ਜਾਵਾਂਗਾ''

ਅਸੀਂ ਜਲਦੀ ਨਾਲ ਗੱਡੀ ਹਸਪਤਾਲ ਦੇ ਰਸਤੇ ਪਾ ਲਈ, ਅੱਗੇ ਛੋਟਾ ਬੇਟਾ ਤੇ ਉਸਦੀ ਪਤਨੀ ਤੇ ਮੇਰੀਆਂ ਪੋਤੀਆਂ ਬਾਹਰ ਖੜ੍ਹੇ ਸੀ, ਮੇਰੀ ਪੱਤਨੀ ਆਈ-ਸੀ-ਯੂ ਵਿਚ ਸੀ, ਪਤਾ ਲੱਗਿਆ ਹਾਰਟ ਦੀ ਪ੍ਰੋਬਲਮ ਹੋ ਗਈ ਸੀ, ਮੇਰੀਆਂ ਪੋਤੀਆਂ ਮੇਰੇ ਨਾਲ ਚਿੰਬੜ ਗਈਆਂ।

''ਦਾਦੂ..........ਦਾਦੀ....''ਮੈਂ ਉਨ੍ਹਾਂ ਨੂੰ ਪਿਆਰ ਨਾਲ ਪਲੋਸਿਆ ਚੁੱਪ ਕਰਾਇਆ।

''ਬੇਟਾ ਕੋਈ ਗੱਲ ਨਹੀਂ ਸਵੇਰੇ ਤਕ ਠੀਕ ਹੋ ਜਾਣਗੇ''

ਉਹ ਚੁੱਪ ਹੋ ਗਈਆਂ।

''ਕਮਾਲ ਹੈ ਤੁਹਾਡੇ ਕੋਲੋਂ ਇਕ ਮਿੰਟ ਵਿਚ ਚੁੱਪ ਕਰ ਗਈਆਂ ਸਾਡੇ ਕੋਲੋਂ ਤਾਂ ਇਹ ਚੁੱਪ ਹੀ ਨਹੀਂ ਕਰ ਰਹੀਆਂ ਸੀ'' ਛੋਟੇ ਬੇਟੇ ਦੇ ਬੋਲ ਸਨ।

''ਅੱਛਾ ਚੱਲੋ ਜਦ ਤੱਕ ਡਾਕਟਰ ਬਾਹਰ ਨਹੀਂ ਆਂਦਾ ਬੈਠਦੇ ਹਾਂ'' ਮੈਂ ਉਦਾਸੀ ਜਿਹੀ ਵਿਚ ਕਿਹਾ

ਦੋਨੋਂ ਭਰਾ ਕੁਰਸੀਆਂ ਤੇ ਬੈਠ ਗਏ ਮੈਂ ਦੋ ਤਿੰਨ ਕੁਰਸੀਆਂ ਛੱਡ ਕੇ ਬੈਠ ਗਿਆ, ਅੱਖਾਂ ਛੱਤ ਦੇ ਲੈਂਟਰ ਵੱਲ ਟਿਕਾ ਲਈਆਂ ਜਿਵੇਂ ਖ਼ਲਾਅ ਵਿਚ ਵੇਖਦਾ ਹੋਵਾਂ। ਆਪਣੇ ਵਿਆਹੁਤਾ ਜ਼ਿੰਦਗੀ ਦੇ ਬੀਤੇ ਚਾਲੀ ਸਾਲਾਂ ਨੂੰ ਯਾਦ ਕਰਨ ਲੱਗ ਗਿਆ, ਕਿਵੇਂ ਉਸਨੇ ਮੇਰੇ ਮੋਢੇ ਨਾਲ ਮੋਢਾ ਡਾਹ ਕੇ ਇਨ੍ਹਾਂ ਦੋਵਾਂ ਭਰਾਵਾਂ ਨੂੰ ਤੇ ਬੇਟੀ ਨੂੰ ਪਾਲਿਆ ਸੀ, ਬੇਟੀ ਦੀ ਡੋਲੀ ਵੇਲੇ ਕਿਵੇਂ ਕਿਤਨਾਂ ਰੋਈ ਸੀ, ਕਿਵੇਂ ਜ਼ਿੰਦਗੀ ਦੇ ਹਰ ਦੁਖ ਸੁਖ ਵਿਚ ਧੁੱਪ ਛਾਂ ਵਿਚ ਮੇਰੇ ਨਾਲ ਖੜ੍ਹੀ ਰਹੀ ਕਿਵੇਂ ਸਾਥ ਨਿਭਾਇਆ ਸੀ, ਕਿਤਨੀ ਦੇਣ ਹੈ ਇਸ ਔਰਤ ਦੀ ਮੇਰੀ ਜ਼ਿੰਦਗੀ ਵਿਚ, ਫ਼ਿਰ ਮੇਰੀਆਂ ਸੋਚਾਂ ਵਿਚ ਉਹ ਕਾਲ ਘੁੰਮਣ ਲਗ ਗਿਆ ਜਦੋਂ ਵੱਡਾ ਬੇਟਾ ਸ਼ਹਿਰ ਦੇ ਇਕ ਵੱਡੇ ਮੌਲ ਵਿਚ ਸ਼ੌਪ ਕਰਦਾ ਹੁੰਦਾ ਸੀ, ਛੇ ਸੱਤ ਸੇਲ ਗਰਲਾਂ ਸਨ ਹਰ ਵੇਲੇ ਸਰ ਨਾਲ ਮੁਖਾਤਿਬ ਕਰਦੀਆਂ ਹੋਈਆਂ ਕਿਤਨਾ ਵੱਧੀਆ ਕਾਰੋਬਾਰ ਸੀ, ਉਸ ਦੀ ਦਿਲੋਂ ਤਮੰਨਾ ਸੀ ਮੇਰਾ ਭਰਾ ਪੜ੍ਹ ਲਿਖ ਜਾਵੇ ਤਾਂ ਕਿ ਸਾਡਾ ਪਰਵਾਰ ਵੀ ਤੇ ਆਣ ਵਾਲੀ ਨਸਲ ਵੀ ਐਜੂਕੇਸ਼ਨ ਲਾਈਨ ਵਿਚ ਪੈ ਜਾਵੇ । ਉਸਨੇ ਹਾਇਰ ਐਜੂਕੇਸ਼ਨ ਜੋ ਕਿ ਅਜ ਕਲ ਦੇ ਯੁਗ ਵਿਚ ਸਸਤੀ ਤਾਂ ਕੀ ਬਹੁਤ ਹੀ ਮਹਿੰਗੀ ਹੈ, ਲੱਖਾਂ ਰੁਪਏ ਹਰ ਸਾਲ ਦੇ ਖਰਚ ਕੇ ਉਸਨੂੰ ਦਿਵਾਈ। ਕਹਿੰਦੇ ਹਨ ਨਾ ਸਮਾਂ ਪਲ-ਪਲ ਆਪਣਾਂ ਰੂਪ ਬਦਲਦਾ ਹੈ, ਪਰ ਪਹਿਲੇ ਹਲਕੀ ਜਿਹੀ ਘੰਟੀ ਵੀ ਮਾਰਦਾ ਹੈ, ਪਰ ਅਸੀਂ ਅਣਸੁਣੀ ਕਰ ਦੇਂਦੇ ਹਾਂ, ਬਸ ਇਸੇ ਚੱਕਰ ਵਿਚ ਉਸਦਾ ਆਪਣਾ ਕਾਰੋਬਾਰ ਡਾਂਵਾ-ਡੋਲ ਹੋ ਗਿਆ ਸੀ ਪਰ ਫ਼ਿਰ ਵੀ ਭਰਾ ਦਾ ਵਿਆਹ ਉਸਨੇ ਬੜ੍ਹੇ ਸ਼ੌਂਕ ਨਾਲ ਤੇ ਬੜ੍ਹੀ ਧੂਮ -ਧਾਮ ਨਾਲ ਕੀਤਾ ਸੀ, ਮੇਰੇ ਹਿਸਾਬ ਨਾਲ ਉਹ ਇਥੇ ਹੀ ਥੋੜੀ ਜਲਦੀ ਕਰ ਗਿਆ ਸੀ, ਥੋੜ੍ਹਾ ਇੰਤਜ਼ਾਰ ਕਰਨਾ ਚਾਹੀਦਾ ਸੀ, ਪਰ ਸਮਾਂ ਸਮੱਰਥ ਹੈ ਆਦਮੀ ਦੀਆਂ ਸੋਚਾਂ ਨੂੰ ਬੰਨ੍ਹ ਮਾਰ ਦੇਂਦਾ ਹੈ।

ਵਿਆਹ ਤੋਂ ਦੋ ਸਾਲ ਬਾਅਦ ਉਹ ਆਪ ਕਾਫ਼ੀ ਤੰਗ ਹੋ ਗਿਆ ਉਸਨੂੰ ਆਪਣੇ ਬੱਚਿਆਂ ਦੀਆਂ ਫ਼ੀਸਾਂ ਭਰਨੀਆਂ ਵੀ ਮੁਸ਼ਕਿਲ ਹੋ ਗਈਆਂ ਉਧਰ ਛੋਟੇ ਬੇਟੇ ਦੀ ਵੀ ਇਕ ਬੇਟੀ ਹੋ ਗਈ ਸੀ, ਇਸ ਨੇ ਭਰਾ ਨੂੰ ਫ਼ੋਨ ਕੀਤਾ ਕਿ ''ਇਸ ਤਰ੍ਹਾਂ ਫ਼ੀਸਾਂ ਦੀ ਪ੍ਰੋਬਲਮ ਆ ਗਈ ਹੈਂ ਤੂੰ ਕੁਝ ਕਰ''

ਉਸ ਨੇ ਕਿਹਾ ''ਠੀਕ ਹੈ ਮੈਂ ਵੇਖਦਾ ਹਾਂ,

'ਪਰ ਉਸਦੀ ਜਨਾਨੀ ਕਲੇਸ਼ ਪਾ ਕੇ ਬੈਠ ਗਈ '' ਅਸੀਂ ਆਪਣੇ ਬੱਚੇ ਪਾਲਾਂਗੇ ਜਾਂ ਉਨ੍ਹਾਂ ਦੇ''

ਆਖਿਰ ਉਹ ਜਵਾਬ ਦੇ ਗਿਆ। ਦੋਨ੍ਹਾਂ ਭਰਾਵਾਂ ਦੀ ਦੁਸ਼ਮਣੀਂ ਦੀ ਬੁਨਿਆਦ ਰੱਖੀ ਗਈ ਬੋਲ-ਚਾਲ ਬੰਦ।

ਵੱਡੇ ਬੇਟੇ ਨੇ ਔਖੇ-ਸੌਖੇ ਫ਼ੀਸਾਂ ਤਾਂ ਭਰ ਦਿਤੀਆਂ ਨਾਲ ਹੀ ਐਲਾਨ ਕਰ ਦਿਤਾ 'ਮੰਮੀ ਨੂੰ ਉਹ ਰੱਖੇ ਪਾਪਾ ਨੂੰ ਮੈਂ ਰੱਖਾਂਗਾ', ਮੇਰੇ ਕੋਲੋਂ ਇਕ ਕੰਮ ਹੋ ਗਿਆ ਗਲਤ ਜਾਂ ਸਹੀ ਇਸ ਬਾਰੇ ਤਾਂ ਮੈਂ ਵੀ ਕੁਝ ਨਹੀਂ ਕਹਿ ਸਕਦਾ। ਵੱਡੇ ਨੂੰ ਜਦੋਂ ਉਸ ਨੇ ਫ਼ੀਸਾਂ ਤੋਂ ਜਵਾਬ ਦੇ ਦਿਤਾ ਸੀ ਤਾਂ ਵੱਡੇ ਨੇ ਫ਼ੋਨ ਤੇ ਗੁੱਸੇ ਵਿਚ ਕਿਹਾ ਸੀ, ''ਮੈਂ ਤੇਰੇ ਘਰ ਆ ਰਿਹਾ ਹਾਂ, ''

ਮੈਂ ਉਸ ਟਾਈਮ ਉਸ ਦੇ ਚਿਹਰੇ ਤੇ ਜੋ ਮਾਯੂਸੀ ਤੇ ਗੁੱਸਾ, ਇਕ ਬੇਵਿਸ਼ਵਾਸੀ ਦੀ ਭਾਵਨਾ ਜਿਵੇਂ ਉਸਦਾ ਸਾਰੀ ਦੁਨੀਆਂ ਤੋਂ ਵਿਸ਼ਵਾਸ ਉਠ ਗਿਆ ਹੋਵੇ, ਆਦਮੀ ਇਹੋ ਜਿਹੀ

ਪ੍ਰਸਥਿਤੀ ਵਿਚ ਮੁਕੰਮਲ ਬਾਗੀ ਹੋਇਆ ਹੁੰਦਾ ਹੈ, ਜਿਸ ਦੇ ਹੱਥਾਂ ਵਿਚੋਂ ਹੀ ਪੰਛੀ ਉਡ ਗਏ ਹੋਣ, ਜਿਸਦੀਆਂ ਉਮੀਦਾਂ, ਸੁਪਨੇ ਅੱਖਾਂ ਸਾਹਮਣੇਂ ਮਰ ਗਏ ਹੋਣ, ਉਹ ਤਾਂ ਕੁਝ ਵੀ ਕਰ ਸਕਦਾ ਹੈ, ਇਸੇ ਕਰਕੇ ਮੇਰੀ ਸੋਚ ਸੀ ਭਰਾ-ਭਰਾ ਆਪਸ ਵਿਚ ਹੱਥੋ-ਪਾਈ ਨਾ ਹੋ ਜਾਣ, ਕੁਝ ਅਨਹੋਣਾ ਨਾ ਵਾਪਰ ਜਾਏ ਸੋ ਮੈ ਕਿਹਾ, ''ਮੈਂ ਨਾਲ ਚੱਲਦਾ ਹਾਂ''

ਉਥੇ ਜਾ ਕੇ ਭਰਾਵਾਂ ਦਾ ਆਪਸ ਵਿੱਚ ਕਾਫੀ ਬੋਲ-ਬੁਲਾਰਾ ਹੋਇਆ ਪਰ ਮੇਨ ਬਹਿਸ ਬਾਜ਼ੀ ਜੇਠ ਭਰਜਾਈ ਦੀ ਹੀ ਹੋਈ। ਛੋਟਾ ਤਾਂ ਧੀਮੇ ਜਿਹੇ ਵਿਚ ਸ਼ਾਮਲ ਹੋ ਜਾਂਦਾ ਸੀ ਪਰ ਪੂਰਾ ਰੋਲ ਉਸਦੀ ਪਤਨੀ ਨੇ ਹੀ ਨਿਭਾਇਆ ਸੀ, ਪਰ ਹਥੋਪਾਈ ਤੋਂ ਬਚਾਅ ਹੀ ਰਿਹਾ ਸੀ, ਸਾਰੀ ਗੱਲ ਇਥੇ ਮੁੱਕੀ ਬਈ ਤੂੰ ਜੋ ਖਰਚਾ ਕੀਤਾ ਹੈ ਉਹ ਲੈ-ਲੈ ਬਸ ਉਸਦੀ ਕੀਤੀ-ਕਤਰੀ ਖ਼ਤਮ, ਉਸਦੀਆਂ ਭਾਵਨਾਵਾਂ, ਜਜ਼ਬੇ ਸਭ ਮਿੱਟੀ, ਉਸ ਦੇ ਅਰਮਾਨਾਂ ਨਾਲ ਲਗਾਈਆਂ ਹੋਈਆਂ ਘੜੀਆਂ-ਪਲਾਂ ਦੇ ਸੈਲ ਖ਼ਤਮ, ਸੂਰਜ ਉਦੈ ਹੋ ਰਿਹਾ ਸੀ ਬੜੀ ਸ਼ਿੱਦਤ ਨਾਲ ਉਡੀਕ ਸੀ ਉਮੀਦ ਵੀ ਪੂਰੀ ਸੀ ਕਿ ਸੂਰਜ ਤਾਂ ਹੁਣ ਚੜ੍ਹਨ ਹੀ ਵਾਲਾ ਹੈ, ਇਕ ਘਨਘੋਰ ਕਾਲੀ ਬੱਦਲੀ ਆ ਕੇ ਉਸਨੂੰ ਖਾ ਗਈ।

ਬਣਦੀ ਰਕਮ ਦੀਆਂ ਤਰੀਕਾਂ ਲੈ ਕੇ ਅਸੀਂ ਆ ਗਏ, ਤਰੀਕਾਂ ਵਫ਼ਾ ਹੋਈਆਂ ਇਹ ਸ਼ੁਕਰ ਹੈ, ਪਰ ਛੋਟੀ ਨੂੰਹ ਇਸ ਗੱਲੋਂ ਖਾਰ ਖਾ ਕੇ ਬੈਠੀ ਹੋਈ ਸੀ ਕਿ ਪਾਪਾ ਕਿਉਂ ਨਾਲ ਆਏ ਸੀ, ਉਹ ਸਮਝਦੀ ਸੀ ਮੈਂ ਉਸਦੇ ਜੇਠ ਦੀ ਧਿਰ ਬਣ ਕੇ ਨਾਲ ਆਇਆ ਹਾਂ ਤੇ ਅੱਜ ਵੀ ਹਸਪਤਾਲ ਵਿਚ ਉਸਨੇ ਮੈਨੂੰ ਬੁਲਾਇਆ ਨਹੀਂ ਸੀ।

ਕਿਤਨੇ ਸਾਲ ਹੋ ਗਏ ਹਨ। ਅਸੀਂ ਅਲੱਗ-ਅਲੱਗ ਰਹਿ ਰਹੇ ਹਾਂ, ਮੇਰੀ ਪਤਨੀ ਛੋਟੇ ਕੋਲ ਤੇ ਮੈਂ ਵੱਡੇ ਕੋਲ ਬੜੇ ਤ੍ਰਾਸਦੀ ਭਰੇ ਦਿਨ ਬਿਤਾਏ ਸਨ ਅਸੀਂ ਦੋਵਾਂ ਨੇ, ਪਰ ਮੇਰੀ ਇਕ ਗੱਲੋਂ ਤਸੱਲੀ ਸੀ ਉਹ ਉਥੇ ਖੁਸ਼ ਹੈ, ਪੋਤੀਆਂ ਵੀ ਪਿਆਰ ਕਰਦੀਆਂ ਹਨ ਤੇ ਪੈਸੇ ਵਲੋਂ ਵੀ ਉਸ ਨੂੰ ਖੁੱਲਾ ਖਰਚਾ ਮਿਲਦਾ ਹੈ, ਅਜ ਤੋਂ ਛੇ ਮਹੀਨੇ ਤਕ ਕਦੀ-ਕਦੀ ਉਹ ਦੋ ਜਾਂ ਚਾਰ ਦਿਨਾਂ ਵਾਸਤੇ ਇਧਰ ਰਹਿਣ ਵਾਸਤੇ ਆ ਜਾਂਦੀ ਸੀ, ਤਾਂ ਪਰਸ ਵਿਚ ਨੋਟ ਭਰੇ ਹੁੰਦੇ ਸਨ, ਮੈਂ ਖੁਸ਼ੀ ਦਾ ਇਜ਼ਹਾਰ ਕਰਦਾ ਹਾਂ ਕਿ ਮੈਨੂੰ ਖੁਸ਼ੀ ਹੈ ਤੂੰ ਉਥੇ ਖੁਸ਼ ਹੈਂ।

ਇਧਰ ਵੱਡੇ ਬੇਟੇ ਦੀ ਆਰਥਿਕ ਤੰਗੀ ਕਰਕੇ ਉਸਦੀ ਜ਼ਿੰਦਗੀ ਨਰਕ ਬਣੀ ਪਈ ਸੀ, ਹੁਣ ਪਿਛਲੇ ਛੇ ਮਹੀਨੇ ਤੋਂ ਤਾਂ ਉਸਦੀ ਪਤਨੀ ਉਸਨੂੰ ਹਰ ਗੱਲ ਤੇ ਮਿਹਣਾ ਮਾਰਦੀ ਸੀ, ਤੂੰ ਆਪਣੇ ਭਰਾ ਦਾ ਹੀ ਸੋਚਿਆ ਉਸ ਨੂੰ ਅਫ਼ਸਰ ਬਣਾ ਦਿਤਾ ਆਪਣੇ ਬੱਚਿਆਂ ਦਾ ਨਹੀਂ ਸੋਚਿਆ, ਉਸਦੀ ਪੜ੍ਹਾਈ ਤੇ ਜਿਤਨਾ ਪੈਸਾ ਖਰਚਿਆ, ਉਤਨੇ ਨਾਲ ਆਪਣਾ ਮਕਾਨ ਬਣਾਇਆ ਹੁੰਦਾ ਕਿਰਾਇਆਂ ਤੇ ਰੁਲ ਰਹੇ ਹਾਂ। ਇਸ ਕਰਕੇ ਮੈਂ ਪਤਨੀ ਨੂੰ ਮਨ੍ਹਾ ਕਰ ਦਿਤਾ ਸੀ ਤੂੰ ਇਧਰ ਨਾ ਆਵੀਂ ਇਧਰ ਦਾ ਮਹੌਲ ਠੀਕ ਨਹੀਂ ਹੈ। ਆਦਮੀ ਸੰਭਾਲਦਾ ਹੈ ਪਰ ਜ਼ਿੰਦਗੀ ਦਾ ਕੰਮ ਹੈ ਪਰੇਸ਼ਾਨ ਕਰਨਾ ਤੁਸੀਂ ਉਸ ਪ੍ਰੇਸ਼ਾਨੀ ਦਾ ਵਜ਼ਨ ਕਿਤਨਾ ਘਟ ਕਰਦੇ ਹੋ ਜਾਂ ਕਿਤਨਾ ਵੱਧ।

ਮੈਂ ਵੀ ਇਕ ਦਿਨ ਇਸੇ ਤਰਾਂ ਬੇਜ਼ਾਰ ਜਿਹਾ ਬੈਠਾ ਸਾਂ ਕਿ ਪਤਨੀ ਦਾ ਫ਼ੋਨ ਆ ਗਿਆ ''ਹਾਂ ਜੀ ਠੀਕ ਹੋ''

ਮੈਂ ਕਿਹਾ ''ਹਾਂ ਮੈਂ ਠੀਕ ਹਾਂ ਤੂੰ ਸੁਣਾ ਤੂੰ ਠੀਕ ਹੈਂ''

''ਨਹੀਂ ਤਬੀਅਤ ਠੀਕ ਨਹੀਂ ਰਹਿੰਦੀ ਬੈਕ ਬੋਨ ਦੀ ਪ੍ਰੋਬਲਮ ਵੱਧ ਗਈ ਹੈ ਠੰਡ ਕਰਕੇ''

''ਕੋਈ ਮੈਡੀਸਨ ਵਗੈਰਾ ਲਈ''

''ਹਾਂ ਅਮਨ ਡਾਕਟਰ ਕੋਲ ਲੈ ਗਿਆ ਸੀ ਬਾਰਾਂ ਸੌ ਦੀਆਂ ਦਵਾਈਆਂ ਆਈਆਂ ਹਨ ਡਾਕਟਰ ਦੀ ਫ਼ੀਸ ਵੱਖਰੀ ਪ੍ਰਮਾਤਮਾ ਉਮਰਾਂ ਬਖਸ਼ੇ ਬਹੁਤ ਧਿਆਨ ਰਖਦਾ ਹੈ''

''ਦਵਾਈ ਟਾਈਮ ਸਿਰ ਲੈਂਦੀ ਰਹੀਂ, ਪਰ ਮੈਂ ਤੇਰੇ ਨਾਲ ਇਕ ਗੱਲ ਕਰਨੀ ਸੀ ਪਰ ਫ਼ੇਰ ਕਦੇ ਸਹੀ'

''ਦੱਸੋ ਕੀ ਗੱਲ ਕਰਨੀ ਹੈ''

''ਪਰ ਇਸ ਵਕਤ ਤੇਰੀ ਤਬੀਅਤ ਠੀਕ ਨਹੀਂ ਫ਼ੇਰ ਕਦੇ ਸਹੀ''

''ਨਹੀਂ ਏਨੀਂ ਵੀ ਖਰਾਬ ਨਹੀਂ ਕਿ ਤੁਹਾਡੀ ਗੱਲ ਵੀ ਨਾ ਸੁਣ ਸਕਾਂ''

''ਤਾਂ ਸੁਣ ਮੈਨੂੰ ਤੇਰੇ ਤੋਂ ਇਕ ਵੱਡਾ ਗਿਲਾ ਹੈ''

''ਉਹ ਕੀ ਦੱਸੋ ਐਂਵੇ ਡਰਾਈ ਨਾਂਹ ਜਾਉ''

''ਨਹੀਂ ਡਰਨ ਦੀ ਕੀ ਗੱਲ ਹੈ, ਬਸ ਗਿਲਾ ਹੈ''

''ਚਲੋ ਦੱਸੋ ਨਹੀਂ ਡਰਦੀ''

''ਤਾਂ ਸੁਣ ਤੂੰ ਮੇਰੇ ਨਾਲ ਧੋਖਾ ਕੀਤਾ ਹੈ, ਤੂੰ ਮੇਰੇ ਤੋਂ ਪਰਦਾ ਰਖਿਆ ਹੈ ਤੇ ਬੇਵਫ਼ਾਈ ਕੀਤੀ ਹੈ''

''ਹੈਂ ਮੈਂ ਕੀ ਬੇਵਫ਼ਾਈ ਕੀਤੀ ਹੈ ਦੱਸੋਗੇ''

''ਤਾਂ ਸੁਣ ਮੈਨੂੰ ਪੂਰਾ ਵਿਸ਼ਵਾਸ ਹੈ ਕਿ ਅਮਨ ਮੇਰਾ ਪੁੱਤਰ ਨਹੀਂ ਹੈ, ਇਹ ਮੇਰਾ ਖ਼ੂਨ ਹੋ ਹੀ ਨਹੀਂ ਸਕਦਾ , ਜੇ ਇਹ ਮੇਰਾ ਖ਼ੂਨ ਹੁੰਦਾ ਤਾਂ ਭਰਾ ਨਾਲ ਇਸਤਰਾਂ ਨਾ ਕਰਦਾ, ਉਸ ਵਿਚਾਰੇ ਦੀ ਜ਼ਿੰਦਗੀ ਨਰਕ ਬਣੀ ਪਈ ਹੈ, ਉਸ ਨੇ ਕੀ ਖੱਟਿਆ, ਇਸ ਨੇ ਉਸ ਦੀ ਕੀਤੀ ਚੰਦ ਠੀਕਰੀਆਂ ਦੇਕੇ ਉਤਾਰ ਦਿੱਤੀ, ਇਤਨਾ ਭਾਵਨਾ ਤੋਂ ਰਹਿਤ ਜਜ਼ਬਾਤਾਂ ਤੋਂ ਵਿਹੂਣਾ ਬੰਦਾ ਮੇਰਾ ਪੁੱਤਰ ਹੋ ਹੀ ਨਹੀਂ ਸਕਦਾ''

ਦੋ ਮਿੰਟ ਦੀ ਖਾਮੋਸ਼ੀ ਛਾਅ ਗਈ ਸੀ ਫ਼ਿਰ ਮੇਰੇ ''ਹੈਲੋ'' ਕਰਨ ਤੇ ਉਧਰੋਂ ਆਵਾਜ਼ ਆਈ ਸੀ ''ਤੁਸੀਂ ਤਾਂ ਐਂਵੇ ਸ਼ੱਕ ਕਰਦੇ ਰਹਿੰਦੇ ਹੋ ਪਤਾ ਨਹੀਂ ਕੀ ਕੀ ਸੋਚੀ ਜਾਂਦੇ ਹੋ ਇਸ ਉਮਰ ਵਿਚ ਹੁਣ ਇਸ ਤਰ੍ਹਾਂ ਦੀਆਂ ਪੁੱਠੀਆਂ-ਸਿੱਧੀਆਂ ਗੱਲਾਂ ਨਾ ਸੋਚਿਆ ਕਰੋ।''

''ਪਰ ਮੇਰੇ ਮਨ ਵਿਚੋਂ ਇਹ ਗੰਢ ਨਹੀਂ ਖੁੱਲ੍ਹਣੀ''

ਇਹ ਕਹਿ ਕੇ ਮੈਂ ਫ਼ੋਨ ਰੱਖ ਦਿੱਤਾ ਸੀ।

ਉਸ ਤੋਂ ਬਾਅਦ ਕਈ ਵਾਰੀ ਫ਼ੋਨ ਤੇ ਗੱਲ ਹੁੰਦੀ ਸੀ, ਕਦੇ-ਕਦੇ ਮੈਂ ਦੁਬਾਰਾ ਜ਼ਿਕਰ ਛੇੜ ਲੈਂਦਾ ਸਾਂ, ਪਰ ਉਧਰੋਂ ਹਾਂ ਤਾਂ ਕੀ ਕਰਨੀ ਸੀ ਕੋਈ ਤਸੱਲੀਬਖਸ਼ ਨਾ ਵਰਗਾ ਵੀ ਕੁਝ ਨਹੀਂ ਮਿਲਦਾ ਸੀ। ਪਰ ਮੈ ਸਾਂ ਹਾਲਾਤ ਨੂੰ ਪ੍ਰਸ਼ਾਦ ਸਮਝ ਕੇ ਮਨਜ਼ੂਰ ਕਰਨ ਵਾਲਾ, ਪਰ ਕਈ ਵਾਰੀ ਅਸੀਂ ਪ੍ਰਸ਼ਾਦ ਲੈ ਤਾਂ ਲੈਂਦੇ ਹਾਂ ਪਰ ਖਾਂਦੇ ਨਹੀਂ ਕਿਸੇ ਹੋਰ ਨੂੰ ਦੇ ਦੇਂਦੇ ਹਾਂ, ਫ਼ਿਰ ਵੀ ਅਜ ਮੈਂ ਪਰੇਸ਼ਾਨ ਸਾਂ ਕਿਉਂਕਿ ਮੇਰੀ ਪੱਤਨੀ ਆਈ-ਸੀ-ਯੂ ਵਿੱਚ ਪਈ ਸੀ ਮੈਂ ਬਾਹਰ ਹੱਟਾ-ਕੱਟਾ ਬੈਠਾ ਹੋਇਆ ਸਾਂ, ਆਪਣੇ ਖਿਆਲਾਂ ਵਿੱਚ ਖੋਇਆ ਹੋਇਆ।

ਥੋੜੀ ਜਿਹੀ ਹਿਲਜੁਲ ਹੋਈ, ਮੈਂ ਫ਼ੇਰ ਵਰਤਮਾਨ ਵਿੱਚ ਆ ਗਿਆ ਡਾਕਟਰ ਆਈ-ਸੀ-ਯੂ ਵਿਚੋਂ ਬਾਹਰ ਆ ਗਿਆ ਸੀ, ਅਸੀਂ ਸਾਰੇ ਡਾਕਟਰ ਦੇ ਨੇੜੇ ਹੋ ਗਏ ਸਾਂ।

''ਦੇਖੋ ਮਰੀਜ਼ ਥੋੜ੍ਹੀ ਰਾਹਤ ਵਿਚ ਹੈ, ਇੰਜੈਕਸ਼ਨ ਦੇ ਦਿਤਾ ਹੈ, ਤੁਹਾਡੇ ਵਿਚੋਂ ਇਕ ਮੈਂਬਰ ਅੰਦਰ ਜਾ ਸਕਦਾ ਹੈ ''ਡਾਕਟਰ ਇਹ ਕਹਿਕੇ ਚਲਾ ਗਿਆ ਸੀ।

ਮੇਰਾ ਛੋਟਾ ਬੇਟਾ ਬੋਲਿਆ ''ਪਾਪਾ ਪਹਿਲੇ ਤੁਸੀਂ ਜਾ ਆਉ ''ਮੈਂ ਕੋਲ ਖੜ੍ਹੀ ਨਰਸ ਨੂੰ ਕਿਹਾ, ''ਬੇਟਾ ਤੁਸੀਂ ਮਰੀਜ਼ ਨੂੰ ਪੁੱਛ ਸਕਦੇ ਹੋ, ਕਿਸ ਨੂੰ ਭੇਜਿਆ ਜਾਵੇ''

''ਠੀਕ ਹੈ ਅੰਕਲ'' ਕਹਿ ਕੇ ਉਹ ਅੰਦਰ ਚੱਲੀ ਗਈ। ''ਉਨ੍ਹਾਂ ਨੇ ਭਿੰਦਰ ਨੂੰ ਬੁਲਾਇਆ ਹੈ'' ਮੇਰੇ ਵੱਡੇ ਬੇਟੇ ਵੱਲ ਉਂਗਲੀ ਕਰਕੇ ਕਹਿਣ ਲੱਗੀ,

''ਸ਼ਾਇਦ ਤੁਹਾਨੂੰ''

ਉਸ ਨਰਸ ਨੂੰ ਕੀ ਪਤਾ ਸੀ ਕਿ ਦੋ ਰੂਹਾਂ ਜਦੋਂ ਪਿਆਰ ਦੀ ਸ਼ਿੱਦਤ ਨੂੰ ਟੱਪ ਜਾਂਦੀਆਂ ਹਨ ਤਾਂ ਉਪਚਾਰਿਕਤਾ ਖਤਮ ਹੋ ਜਾਂਦੀ ਹੈ।

ਮੈਂ ਕਿਹਾ ''ਇਹ ਨਹੀਂ ਮੈਂ ਭਿੰਦਰ ਹਾਂ'' ਨਰਸ ਮੈਨੂੰ ਅੰਦਰ ਲੈ ਗਈ ਤੇ ਮੇਰੀ ਪਤਨੀ ਕੋਲ ਜਾਕੇ ਹੋਲੀ ਜਿਹੇ ਕਹਿੰਦੀ ਹੈ,

''ਲਉ ਮੈਂ ਲੈ ਆਈ ਤੁਹਾਡੇ ਭਿੰਦਰ ਨੂੰ ''ਮੇਰੀ ਪਤਨੀ ਨੇ ਅੱਖਾਂ ਦੀਆਂ ਪੁਤਲੀਆਂ ਘੁਮਾਕੇ ਮੇਰੇ ਵੱਲ ਵੇਖਿਆ ਬੁੱਲ੍ਹਾਂ ਨਾਲ ਹਲਕਾ ਜਿਹਾ ਮੁਸਕਰਾਈ ਮੈਂ ਕੋਲ ਪਏ ਸਟੂਲ ਉਤੇ ਬੈਠ ਗਿਆ, ਨਰਸ ਸ਼ਰਾਰਤ ਨਾਲ ਮੁਸਕੁਰਾਂਉਦੀ ਹੋਈ ਬਾਹਰ ਚਲੀ ਗਈ

''ਹੋਰ ਭਿੰਦਰ ਕਿਵੇਂ ਹੈਂ'' ਧੀਮੀ ਜਿਹੀ ਆਵਾਜ਼ ਵਿਚ ਬੋਲੀ ''ਮੈਂ ਠੀਕ ਹਾਂ ਸੁਰਜੀਤ ਪਰਮਾਤਮਾ ਕਰੇ ਤੂੰ ਠੀਕ ਹੋ ਜਾਵੇਂ ਤੇ ਘਰ ਜਾਕੇ ਬੱਚਿਆਂ ਨਾਲ ਖੇਡੇਂ''

''ਨਹੀਂ ਭਿੰਦਰ ਹੁਣ ਮੈਂ ਠੀਕ ਨਹੀਂ ਹੋ ਸਕਣਾ, ਮੈਨੂੰ ਪਤਾ ਹੈ ਮੇਰੇ ਅੰਦਰਲੀ ਆਵਾਜ਼ ਇਹ ਕਹਿ ਰਹੀ ਹੈ। ਪਰ ਮੇਰੀ ਗੱਲ ਤੂੰ ਧਿਆਨ ਨਾਲ ਸੁਣ ਤੂੰ ਕੁਝ ਨਹੀਂ ਬੋਲੇਂਗਾ, ਮੈਂ ਜਿਹੜ੍ਹਾ ਬੋਝ ਆਪਣੇ ਅੰਦਰ ਲੈ ਕੇ ਜੀ ਰਹੀ ਹਾਂ ਹੁਣ ਮੈਂ ਨਹੀਂ ਚਾਹੁੰਦੀ ਉਹ ਬੋਝ ਮੈਂ ਆਪਣੇ ਨਾਲ ਲੈ ਕੇ ਮਰਾਂ, ਮੈਂ ਉਸ ਸੱਚੇ ਰੱਬ ਦੇ ਸਾਹਮਣੇਂ ਕਿਹੜੇ ਮੂੰਹ ਨਾਲ ਜਾਵਾਂਗੀ।''

''ਤੂੰ ਕੀ ਕਹਿ ਰਹੀ ਹੈਂ ਸੁਰਜੀਤ ਕਿਹੜਾ ਬੋਝ, ਤੂੰ ਸ਼ਾਇਦ ਮੇਰੀ ਉਸ ਗੱਲ ਤੇ ਕਹਿ ਰਹੀ ਹੈਂ, ਮੈਂ ਤਾਂ ਉਸ ਦਾ ਕੋਈ ਨੋਟਿਸ ਨਹੀਂ ਲੈਂਦਾ, ਮੈਨੂੰ ਪਤਾ ਵੀ ਲੱਗਿਆ ਤਾਂ ਉਸ ਉਮਰ ਵਿਚ ਆਕੇ ਜਿਸ ਉਮਰ ਵਿਚ ਆਕੇ ਮੈਂ ਚਾਹੁੰਦੇ ਹੋਏ ਵੀ ਕੁਝ ਕਰ ਹੀ ਨਹੀਂ ਸਕਦਾ, ਜਦੋਂ ਆਦਮੀ ਨੂੰ ਪਤਾ ਹੋਵੇ ਉਹ ਕੁਝ ਕਰ ਹੀ ਨਹੀਂ ਸਕਦਾ, ਤਾਂ ਉਸ ਨੂੰ ਹਲਾਤਾਂ ਨੂੰ ਜਿਵੇਂ ਹੈ ਉਵੇਂ ਹੀ ਮਨਜ਼ੂਰ ਕਰ ਲੈਣਾ ਪੈਂਦਾ ਹੈ''

''ਭਿੰਦਰ ਜੀ ਇਹੀ ਤਾਂ ਬੋਝ ਹੈ ਜੋ ਗੱਲ ਜਿਵੇਂ ਤੂੰ ਸਮਝ ਰਿਹਾ ਹੈਂ ਉਵੇਂ ਨਹੀਂ ਹੈ ਗੱਲ ਸਾਰੀ ਉਲਟ ਹੈ''

''ਉਹ ਕਿਵੇਂ''

''ਤਾਂ ਸੁਣ ਪਰ ਪਹਿਲੇ ਮੈਨੂੰ ਇਕ ਵਚਨ ਦੇ ਜਿਵੇਂ ਚੱਲ ਰਿਹਾ ਹੈ ਉਵੇਂ ਹੀ ਚਲਾਈ ਰੱਖੇਂਗਾ''

ਮੇਰੀ ਉਤਸੁਕਤਾ ਵੱਧ ਗਈ ਸੀ ਮੈਂ ਕਿਹਾ'' ਸੁਰਜੀਤ ਪਲੀਜ਼ ਬੁਝਾਰਤਾਂ ਨਾ ਪਾ ਤੂੰ ਮੈਨੂੰ ਬਸ ਸਿਧੀ-ਸਿਧੀ ਗੱਲ ਦਸ''

''ਤਾਂ ਸੁਣੋ ਭਿੰਦਰ ਜੀ ਅਮਨ ਤੇਰਾ ਅਸਲੀ ਪੁੱਤਰ ਹੈ ਤੇ ਮੋਹਨ ਤੇਰਾ ਖੂਨ ਨਹੀਂ ਹੈ''

''ਹੈਂ ਇਹ ਤੂੰ ਕੀ ਕਹਿ ਰਹੀ ਹੈਂ''

''ਹਾਂ ਜੋ ਮੈਂ ਕਹਿ ਰਹੀ ਹਾਂ ਸੋਚ ਸਮਝ ਕੇ ਕਹਿ ਰਹੀ ਹਾਂ ਉਹ ਸੱਚ ਜਿਹੜ੍ਹਾ ਮੈਂ ਸਾਰੀ ਉਮਰ ਤੇਰੇ ਤੋਂ ਡਰਦੀ ਨੇ ਛੁਪਾਇਆ, ਜਦੋਂ ਕਿਸੇ ਹੋਰ ਤਰੀਕੇ ਸਾਹਮਣੇ ਆਉਣ ਲੱਗਾ ਤਾਂ ਇਸ ਗੱਲੋਂ ਡਰਦੀ ਨੇ ਛੁਪਾਇਆ ਕਿ ਤੂੰ ਜੋ ਜ਼ਿੰਦਗੀ ਥੋੜੇ ਬਹੁਤੇ ਆਰਾਮ ਵਿਚ ਬਿਤਾ ਰਿਹਾ ਹੈਂ ਉਸਦੇ ਵਿਚ ਹੋਰ ਖਲੱਲ ਨਾ ਪੈ ਜਾਵੇ ਤੂੰ ਤਾਂ ਅੱਗੇ ਹੀ ਪ੍ਰੇਸ਼ਾਨੀ ਵਿਚ ਜੀ ਰਿਹਾ ਸੀ। ਕਿਉਂਕਿ ਮੋਹਨ ਦੀ ਵਹੁਟੀ ਭਾਵੇਂ ਕਿਵੇਂ ਦੀ ਵੀ ਹੈ ਪਰ ਮੋਹਨ ਤੇਰੇ ਨਾਲ ਬਹੁਤ ਪਿਆਰ ਕਰਦਾ ਹੈ, ਉਸਨੂੰ ਤੇਰੇ ਨਾਲ ਲਗਾਉ ਵੀ ਬਹੁਤ ਹੈ''

''ਚੱਲ ਤੇਰੀ ਸਾਰੀ ਗੱਲ ਮੰਨਦਾ ਹਾਂ ਪਰੰਤੂ ਮੈਨੂੰ ਸੱਚ ਤਾਂ ਦੱਸ''

''ਤਾਂ ਸੁਣ ਫ਼ੇਰ ਇਹ ਜੋ ਮੋਹਨ ਹੈ ਇਹ ਉਸ ਬਾਰੇ ਹੈ ਇਹ ਸੱਚ, ਜਦੋਂ ਸਾਡੀ ਮੰਗਣੀ ਨਹੀਂ ਹੋਈ ਸੀ, ਉਦੋਂ ਸਾਡੇ ਗੁਆਂਢ ਇੰਸਪੈਕਟਰ ਦਾ ਮੁੰਡਾ ਅਜੀਤ ਤੇ ਮੈਂ ਆਪਸ ਵਿਚ ਪਿਆਰ ਕਰਦੇ ਸਾਂ, ਪਰ ਮੇਰੀ ਮੰਗਣੀ ਤੇਰੇ ਨਾਲ ਹੋ ਗਈ ਕਿਉਂਕਿ ਮੇਰੇ ਭਾਪਾ ਜੀ ਨੂੰ ਉਨ੍ਹਾਂ ਦੀ ਜਾਤੀ ਬਰਾਦਰੀ ਪਸੰਦ ਨਹੀਂ ਸੀ, ਨੀਂਵੀਂ ਜਾਤ ਸਮਝਦੇ ਸਨ। ਮੰਗਣੀਂ ਤੋਂ ਬਾਅਦ ਅਜੀਤ ਇਕ ਦਿਨ ਛੱਤ ਉਤੇ ਮੈਨੂੰ ਮਿਲਿਆ, ਉਸ ਦੀ ਜੇਬ ਵਿਚ ਨੀਂਦ ਦੀਆਂ ਗੋਲੀਆਂ ਦੇ ਤਿੰਨ ਪੱਤੇ ਪਏ ਸਨ, ਉਸ ਨੇ

ਮੈਨੂੰ ਵਿਖਾਏ ਅਤੇ ਮਾਯੂਸੀ ਨਾਲ ਕਹਿਣ ਲੱਗਾ, ਅੱਜ ਦੀ ਰਾਤ ਤੇ ਇਹ ਮੁਲਾਕਾਤ ਸਾਡੀ ਆਖ਼ਰੀ ਹੈ ਤੇ ਰਾਤ ਮੇਰੀ ਆਖਰੀ, ਅਸੀਂ ਇਕ ਦੂਜੇ ਨੂੰ ਗੱਲਵਕੜ੍ਹੀ ਪਾਕੇ ਕਾਫੀ ਦੇਰ ਰੋਂਦੇ ਰਹੇ, ਆਖਿਰ ਜਦੋਂ ਥੋੜੇ ਹਲਕੇ ਹੋਏ ਤਾਂ ਮੈਂ ਉਸਨੂੰ ਸਮਝਾਇਆ। ਮੌਤ ਕਿਸੇ ਚੀਜ਼ ਦਾ ਹੱਲ ਨਹੀਂ ਹੈ, ਮੈਂ ਵੀ ਔਰਤ ਹਾਂ ਆਖਿਰ ਤੇਰਾ ਵਿਆਹ ਵੀ ਤਾਂ ਕਿਤੇ ਹੋਣਾ ਹੀ ਹੈ ਉਹ ਵੀ ਤਾਂ ਔਰਤ ਹੀ ਹੋਵੇਗੀ, 'ਉਸਨੇ ਕਿਹਾ ਕੀ ਫਾਇਦਾ ਇਹੋ ਜਿਹੇ ਵਿਆਹ ਦਾ, ਮੈਂ ਸਾਰੀ ਉਮਰ ਉਸ ਔਰਤ ਵਿਚੋਂ ਤੈਨੂੰ ਹੀ ਲੱਭਦਾ ਰਵਾਂਗਾ, ਤੈਨੂੰ ਤਾਂ ਮੈਂ ਪ੍ਰਾਪਤ ਨਹੀਂ ਕਰ ਸਕਿਆ 'ਆਖਿਰ ਉਸਨੂੰ ਮੈਂ ਵੱਚਨ ਦਿਤਾ ਕਿ ਮੈਂ ਅਜੇ ਰਿਸਕ ਨਹੀਂ ਲੈਂਦੀ ਅਤੇ ਤੇਰੀ ਵਿਚੱਲਿਤਾ ਵੀ ਮੈਨੂੰ ਪਰੇਸ਼ਾਨ ਕਰ ਰਹੀ ਹੈ, ਤੂੰ ਮੈਨੂੰ ਵਚਨ ਦੇ ਤੂੰ ਜ਼ਿੰਦਗੀ ਤੋਂ ਬੇਜ਼ਾਰ ਨਹੀਂ ਹੋਵੇਂਗਾ, ਮੈਂ ਆਪਣੀ ਸ਼ਾਦੀ ਤੋਂ ਤਿੰਨ-ਚਾਰ ਦਿਨ ਪਹਿਲੇ ਤੈਨੂੰ ਸਮਰਪਿਤ ਹੋ ਜਾਵਾਂਗੀ। ਇਸ ਤਰਾਂ ਜੇ ਕੋਈ ਗੱਲ ਹੋ ਵੀ ਗਈ ਤਾਂ ਤਿੰਨ-ਚਾਰ ਦਿਨ੍ਹਾਂ ਬਾਅਦ ਮੇਰੀ ਸੁਹਾਗਰਾਤ ਹੋਵੇਗੀ, ਕਿਸੇ ਵੀ ਬੱਚੇ ਦੇ ਜਨਮ ਵਿਚ ਤਿੰਨ-ਚਾਰ ਦਿਨ ਦਾ ਹੇਰ-ਫ਼ੇਰ ਤਾਂ ਚੱਲ ਹੀ ਜਾਂਦਾ ਹੈ। ਇਹ ਹੈ ਸਾਰੀ ਸੱਚਾਈ, ਮੋਹਨ ਤੇਰਾ ਨਹੀਂ ਅਜੀਤ ਦਾ ਅੰਸ਼ ਹੈ''

''ਹੈਂ ਪਰ ਜੇ ਇਹੋ ਜਿਹੀ ਗੱਲ ਸੀ ਤਾਂ ਮੈਂ ਜਦੋਂ ਆਪਣੇ ਵਿਆਹ ਦੇ ਮੁੱਢਲੇ ਦਿਨਾਂ ਵਿਚ ਤੈਨੂੰ ਕਹਿੰਦਾ ਹੁੰਦਾ ਸੀ, ਸਾਨੂੰ ਆਪਣੇ ਭੂਤ ਕਾਲ ਬਾਰੇ ਇਕ ਦੂਜੇ ਤੋਂ ਕੋਈ ਪਰਦਾ ਨਹੀਂ ਰੱਖਣਾ ਚਾਹੀਦਾ ਤੂੰ ਮੈਨੂੰ ਉਦੋਂ ਕਿਉਂ ਨਾ ਦੱਸਿਆ, ਮੈਂ ਹੁਣ ਤਕ ਭੁਲੇਖੇ ਵਿਚ ਪਿਆ ਰਿਹਾ''

''ਇਨ੍ਹਾਂ ਦਿਨ੍ਹਾਂ ਵਿੱਚ ਯਾਨੀ ਅੱਜ-ਕੱਲ ਮੈਂ ਤਾਂ ਨਹੀਂ ਦੱਸਿਆ ਕਿ ਇਕ ਭੁਲੇਖਾ ਬਣਿਆ ਹੋਇਆ ਹੈ ਬਣਿਆ ਰਹੇ ਤੇ ਉਦੋਂ ਤਾਂ ਨਹੀਂ ਦੱਸਿਆ ਕਿ ਮਰਦਾਂ ਦਾ ਕੀ ਪਤਾ ਕਦੋਂ ਰੰਗ ਵਟਾ ਜਾਣ, ਕਦੋਂ ਮਰਦਾਨਗੀ ਜਾਗ ਜਾਏ ਉਨ੍ਹਾਂ ਨੂੰ ਤਾਂ ਔਰਤ ਦੀ ਥੋੜੀ ਜਿਹੀ ਕਮਜ਼ੋਰੀ ਪਤਾ ਲੱਗਣੀ ਚਾਹੀਦੀ ਹੈ। ਦੂਜਾ ਫ਼ੇਰ ਤੂੰ ਜੋ ਕੁਝ ਹੁਣ ਤਕ ਮੋਹਨ ਵਾਸਤੇ ਸ਼ਿੱਦਤ ਨਾਲ ਕਰਦਾ ਆਇਆ ਹੈਂ ਫ਼ੇਰ ਥੋੜਾ ਕਰਦਾ ਜਦ ਕਿ ਉਸਦੇ ਔਖੇ ਦਿਨ ਵਿਚ ਉਸਨੂੰ ਤੇਰੀ ਬੜੀ ਲੋੜ ਸੀ''

''ਚੱਲੋ ਇਹ ਗੱਲ ਤਾਂ ਤੇਰੀ ਮੰਨ ਲਈ ਪਰ ਜਦੋਂ ਮੈਂ ਤੇਰੇ ਤੇ ਇਸ ਤੋਂ ਵੀ ਵੱਡਾ ਇਲਜ਼ਾਮ ਅਮਨ ਦਾ ਮੇਰਾ ਅੰਸ਼ ਨਾ ਹੋਣ ਦਾ ਲੱਗਾ ਰਿਹਾ ਸਾਂ, ਤੂੰ ਮੈਨੂੰ ਗਲਤ ਸਿੱਧ ਕਰਨ ਵਾਸਤੇ ਮੇਰੀ ਕੋਈ ਵਿਰੋਧਤਾ ਨਹੀਂ ਕੀਤੀ ਜਦ ਕਿ ਤੂੰ ਸਚਾਈ ਦਸ ਕੇ ਸੁਰਖ਼ਰੂ ਹੋ ਸਕਦੀ ਸੀ, ਇਥੇ ਮੈਂ ਕੀ ਸਮਝਾਂ''

''ਇਥੇ ਵੀ ਮੇਰੀ ਇਕ ਸੋਚ ਕੰਮ ਕਰ ਰਹੀ ਸੀ, ਕਿਉਂਕਿ ਮੈਂ ਤੇਰੀ ਪਤਨੀ ਹਾਂ ਮੈਂ ਤੈਨੂੰ ਜਿਤਨਾ ਜਾਣਦੀ ਹਾਂ ਹੋਰ ਕੌਣ ਜਾਣ ਸਕਦਾ ਹੈ, ਮੈਨੂੰ ਪਤਾ ਸੀ ਉਥੇ ਮੋਹਨ ਕੋਲ, ਤੇਰੀ ਨੂੰਹ ਭਾਂਵੇ ਕਿਹੋ ਜਿਹੀ ਵੀ ਹੈ ਪਰ ਮੋਹਨ ਨਾਲ ਤੇਰਾ ਮਿਜਾਜ਼ ਪੂਰਾ ਪੂਰਾ ਮਿਲਦਾ ਹੈ ਤੇਰੇ ਕਹੇ ਮੁਤਾਬਿਕ ਹੀ ਉਹ ਜਦੋਂ ਉਹ ਤੇਰੇ ਕੋਲ ਉਪਰ ਤੇਰੇ ਕਮਰੇ ਵਿਚ ਆਕੇ ਬੈਠਦਾ ਹੈ ਤਾਂ ਤੇਰੇ ਸਾਰੇ ਗਿਲੇ, ਗੁੱਸੇ, ਖਿਝਾਂ ਸਭ ਧੋਤੀਆਂ ਜਾਂਦੀਆਂ ਹਨ, ਉਹ ਤੇਰੇ ਦਿਲ ਵਿਚ ਵਸਿਆ ਹੋਇਆ ਹੈ ਤੇ ਤੂੰ ਉਸਦੇ ਦਿਲ ਵਿਚ''

''ਪਰ ਹੁਣ ਤੂੰ ਮੈਨੂੰ ਮੰਝਧਾਰ ਵਿਚ ਫ਼ਸਾ ਦਿਤਾ ਹੈ, ਇਸ ਛੋਟੇ ਨਾਲ ਮੇਰੀ ਬਣਦੀ ਨਹੀਂ ਵੱਡੇ ਦਾ ਤੂੰ ਮੈਨੂੰ ਕਿੱਸਾ ਸੁਣਾ ਦਿਤਾ ਹੈ''

''ਭਾਵੇਂ ਤੇਰੀ ਛੋਟੇ ਨਾਲ ਬਣਦੀ ਨਹੀਂ ਪਰ ਤੇਰਾ ਅਸਲੀ ਪੁੱਤਰ ਵੀ ਤਾਂ ਉਹੀ ਹੈ। ਕਿਤਨੀ ਦੇਰ ਇਵੇਂ ਚੱਲੇਗਾ ਤਨ ਨਾਲੋਂ ਚਮੜ੍ਹੀ ਕਦੋਂ ਅੱਲਗ ਹੋਈ ਹੈ, ਬਾਕੀ ਮੇਰੇ ਨਾਲੋਂ ਸਹੀ ਕੌਣ ਦਸ ਸਕਦਾ ਹੈ ਮੈਂ ਮਾਂ ਹਾਂ, ਵਕਤ ਸਦਾ ਇਕੋ ਜਿਹਾ ਤਾਂ ਰਹਿੰਦਾ ਨਹੀਂ, ਸਵਾਲ ਸਿਰਫ਼ ਨਕਲੀ ਤੇ ਅਸਲੀ ਦਾ ਹੀ ਨਹੀਂ ਸਵਾਲ ਸੰਘਰਸ਼ ਦਾ ਵੀ ਤਾਂ ਹੈ, ਜਿਹੜ੍ਹਾ ਸੰਘਰਸ਼ ਤੂੰ ਤੇ ਮੋਹਨ ਨੇ ਰਲ ਕੇ ਲੜਿਐ ਉਹ ਤਾਂ ਅਸਲੀ ਸੀ''

''ਹਾਂ ਸੰਘਰਸ਼ ਤਾਂ ਅਸਲੀ ਹੀ ਸੀ''

''ਫ਼ਿਰ ਇਕ ਗੱਲ ਨੂੰ ਸਮਝ ਭਿੰਦਰ ਜ਼ੇ ਸੰਘਰਸ਼ ਅਸਲੀ ਸੀ ਤਾਂ ਮਤਲਬ ਜਿਸਦਾ ਤੂੰ ਸਾਥ ਦੇ ਰਿਹਾ ਸੀ ਉਹ ਵੀ ਅਸਲੀ ਸੀ, ਹੁਣ ਤੂੰ ਅੰਸ਼ ਹੀ ਵੇਖਣਾ ਹੈ ਜਾਂ ਬੰਦੇ ਦੀ ਅੰਦਰਲੀ ਰੂਹ ਵੀ ਦੇਖਣੀ ਹੈ। ਭਿੰਦਰ ਜੀ ਸੰਘਰਸ਼ ਅਸਲੀ ਸੀ ਜਾਂ ਨਕਲੀ, ਅੰਸ਼ ਅਸਲੀ ਹੈ ਜਾਂ ਨਕਲੀ ਇਨ੍ਹਾਂ ਗੱਲਾਂ ਵਿਚ ਹੁਣ ਕੀ ਰੱਖਿਐ ਇਹ ਗੱਲਾਂ ਤੇਰੇ ਮੇਰੇ ਵਿਚ ਹੀ ਸਾਂਝੀਆਂ ਹਨ ਇਨ੍ਹਾਂ ਵਿਚ ਨਾ ਹੀ ਕੋਈ ਹੋਰ ਅੱਜ ਭਾਗੀਦਾਰ ਹੈ ਤੇ ਨਾ ਹੀ ਹੋ ਸਕਦੈ। ਸਵਾਲ ਤਾਂ ਅਪਨਾਉਣ ਦਾ ਹੈ ਮੈਂ ਵਾਹਿਗੁਰੂ ਨੂੰ ਅਪਨਾ ਲਿਐ ਤੂੰ ਰਾਮ ਨੂੰ ਅਪਨਾ ਲੈ'' ਇਹ ਗੱਲਾਂ ਕਰਕੇ ਉਸ ਨੇ ਮੈਨੂੰ ਚੁੱਪ ਕਰਾ ਦਿਤਾ ਸੀ, ਮੈਂ ਇਹ ਵੀ ਦੇਖ ਰਿਹਾ ਸਾਂ ਕਿ ਉਸਦੇ ਚਿਹਰੇ ਤੇ ਇਕ ਬੜ੍ਹੀ ਪਿਆਰੀ ਮਸੂਮ ਜਿਹੀ ਸੰਤੁਸ਼ਟੀ ਛਾਈ ਹੋਈ ਸੀ, ਇਕਦਮ ਬੋਲੀ'' ਭਿੰਦਰ ਤੂੰ ਮੈਨੂੰ ਵਚਨ ਦੇ ਤੂੰ ਮੈਨੂੰ ਮਾਫ਼ ਕਰ ਦਿਤਾ ਹੈ''

''ਤੂੰ ਝੱਲੀ ਹੋਈ ਹੈਂ ਕਿਸ ਗੱਲ ਦੀ ਮਾਫ਼ੀ ਤੂੰ ਕਿਹੜਾ ਕੋਈ ਗੁਨਾਹ ਕੀਤਾ ਹੈ, ਉਹ ਤਾਂ ਇਕ ਕੁਦਰਤੀ ਕਿਰਿਆ ਸੀ ਜੋ ਅੱਜ-ਕੱਲ ਆਮ ਯੁਵਾ ਪੀੜ੍ਹੀ ਤੋਂ ਅਕਸਰ ਹੋ ਜਾਂਦੀ ਹੈ, ਮੈਂ ਇਕ ਗੱਲੋਂ ਖੁਸ਼ ਹਾਂ ਤੂੰ ਇਕ ਇਨਸਾਨ ਨੂੰ ਜਿਹੜਾ ਪਿਆਰ ਦੀ ਅਸਫ਼ਲਤਾ ਹੱਥੋਂ ਜ਼ਿੰਦਗੀ ਤੋਂ ਮਾਯੂਸ ਹੋ ਚੁਕਿਆ ਸੀ, ਨੂੰ ਜ਼ਿੰਦਗੀ ਦੀਆਂ ਮਾਯੂਸ ਰਾਹਾਂ ਤੋਂ ਕੱਢਣ ਵਿੱਚ ਕਾਮਯਾਬ ਰਹੀ ਮੇਰੀ ਨਿਗ੍ਹਾ ਵਿਚ ਇਹ ਇਕ ਦੈਵੀ ਕਾਰਾ ਹੈ, ਤੇ ਦੂਜਾ ਤੂੰ ਮੇਰੀ ਮਾਯੂਸੀ ਵੀ ਖ਼ਤਮ ਕਰ ਦਿਤੀ ਹੈ, ਮੈਂ ਵੀ ਬੜ੍ਹੀ ਵੱਡੀ ਕਲਪਨਾ ਵਿਚ ਫ਼ਸਿਆ ਹੋਇਆ ਸਾਂ ਕਿ ਮੈਂ ਜਿਸ ਨੂੰ ਇਤਨੀ ਸ਼ਿੱਦਤ ਨਾਲ ਪਿਆਰ ਕਰਦਾ ਰਿਹਾ ਤੇ ਵਿਆਹ ਤੋਂ ਬਾਅਦ ਉਸ ਪ੍ਰਤੀ ਪੂਰੀ ਤਰਾਂ ਵਫ਼ਾਦਾਰ ਰਿਹਾ, ਪਰ ਉਸ ਨੇ ਮੇਰੇ ਨਾਲ ਬੇਵਫ਼ਾਈ ਕੀਤੀ, ਪਰ ਹੁਣ ਮੇਰੀ ਉਹ ਪ੍ਰੇਸ਼ਾਨੀ ਮੁਕ ਗਈ ਹੈ ਹੁਣ ਮੈਨੂੰ ਯਕੀਨ ਹੋ ਗਿਐ ਤੂੰ ਮੇਰੇ ਨਾਲ

## .ਗ਼ਜ਼ਲਾਂ / ਜਗਤਾਰ ਪੱਖੋ

### ਗ਼ਜ਼ਲ



ਪਾਣੀ ਉੱਤੇ, ਮਨ ਦਾ ਨਕਸ਼ਾ ਵਾਹੁੰਦੀ ਹੋਈ।
ਡੁੱਬੀ ਹਾਂ ਮੈਂ ਮੋਹ ਦਾ ਗੀਤ ਬਣਾਉਦੀ ਹੋਈ।

ਨੋਚ ਰਿਹਾ ਹੈ, ਗਮ ਦਾ ਸ਼ਿਕਰਾ ਸਹਿਜੇ ਸਹਿਜੇ,
ਬੇਦਿਲ ਹੋ ਗਈ ਰੂਹ ਦਾ ਮਾਸ ਖਵਾਉਂਦੀ ਹੋਈ।

ਲਾ ਕੇ ਤਾੜੀ ਦਿਲ ਨੇ ਢੇਰ ਸਵਾਗਤ ਕੀਤਾ,
ਯਾਦ ਕਿਸੇ ਦੀ ਆਈ ਸੀ, ਜਦ ਗਾਉਂਦੀ ਹੋਈ।

ਰੰਗ ਸਮੇਂ ਦੇ, ਚੜ੍ਹਨੇ ਤੋਂ ਹੀ ਮੁਨਕਰ ਹੋ ਗਏ,
ਵਿੱਚ ਖਿਆਲਾਂ, ਜਦ ਤਸਵੀਰ ਜਿਉਂਦੀ ਹੋਈ।

ਮੇਰੀ ਧੜਕਣ ਉੱਤੇ ਉਸਦਾ, ਸ਼ੱਕ ਬੜਾ ਹੈ,
ਉਮਰਾ ਗੁਜ਼ਰੀ ਜਿਸ ਦਾ ਸਾਥ ਨਿਭਾਉਂਦੀ ਹੋਈ।

ਜਿੰਨਾ ਦੀ ਹੁਣ ਅਸਲ ਸ਼ਨਾਖ਼ਤ ਹੋਈ ਪੱਖੋ,
ਉਹ ਸਿਰਨਾਵੇਂ ਹੱਥਾਂ ਨਾਲ ਮਿਟਾਉਂਦੀ ਹੋਈ।

### .ਗ਼ਜ਼ਲ

ਉਲਫਤਾਂ 'ਚੋਂ ਦਰਦ ਹਾਸਿਲ ਹੋ ਗਿਆ।
ਮੈਂ ਰਕੀਬਾਂ ਵਿੱਚ ਸ਼ਾਮਿਲ ਹੋ ਗਿਆ।

ਹੋ ਸਕੇ ਤਾਂ ਤਾਰਿਆਂ ਤੋਂ ਪੁੱਛ ਲਈਂ,
ਦੱਸਣਾ ਹੁਣ ਹਸ਼ਰ ਮੁਸ਼ਕਿਲ ਹੋ ਗਿਆ

ਜਾਚ ਜਿਸਨੂੰ ਆ ਗਈ ਮਿਟ ਜਾਣ ਦੀ,
ਇਸ਼ਕ ਵਿਚ ਉਹ ਬਸ਼ਰ ਕਾਮਿਲ ਹੋ ਗਿਆ।

ਜਿਸ ਕਿਨਾਰੇ ਬੈਠ ਯਾਦਾਂ ਬੀਜੀਆਂ,
ਹੱਜ ਮੇਰਾ, ਵੇਖ ਸਾਹਿਲ ਹੋ ਗਿਆ।

ਜ਼ੁਲਮ ਹੁੰਦਾ ਵੇਖ ਨਾ ਹੁਣ ਖੌਲਦਾ,
ਹਿੱਕੜੀ ਦਾ ਖ਼ੂਨ ਬੁਜ਼ਦਿਲ ਹੋ ਗਿਆ।

ਸੁਪਨਿਆਂ ਨੂੰ ਦਿਲ 'ਚ ਡੂੰਘਾ ਦੱਬ ਕੇ,
ਇਸ ਤਰ੍ਹਾਂ ਜਗਤਾਰ ਕਾਤਿਲ ਹੋ ਗਿਆ।

ਕੋਈ ਬੇਵਫ਼ਾਈ ਨਹੀਂ ਕੀਤੀ ਮੇਰੇ ਪ੍ਰਤੀ ਪੂਰੀ ਤਰਾਂ ਵਫ਼ਾਦਾਰ ਰਹੀ ਹੈਂ, ਸਾਡੀ ਸ਼ਾਦੀ ਤੋਂ ਲੈਕੇ ਹੁਣ ਤਕ ਤੂੰ ਵੀ ਵਰਜਿਨ ਹੈਂ ਤੇ ਮੈਂ ਵੀ ਵਰਜਿਨ ਹਾਂ'' ਮੇਰੇ ਇਹ ਸ਼ਬਦ ਕਹਿਣ ਤੇ ਉਹ ਇਕ ਹੋਰ ਹੀ ਤਰਾਂ ਦੇ ਮਾਣ ਨਾਲ ਭਰ ਗਈ ਸੀ, ਜਿਸ ਸਾਰੇ ਕੁਝ ਨੂੰ ਉਹ ਸਮਝਦੀ ਸੀ ਉਸ ਦਾ ਗੁਨਾਹ ਸਮਝਿਆ ਜਾਵੇਗਾ। ਮੈਂ ਉਸਨੂੰ ਅਹਿਸਾਸ ਕਰਾਇਆ ਕਿ ਤੂੰ ਇਹ ਇਕ ਕਾਰਨਾਮਾ ਕੀਤਾ ਹੈ। ਉਹ ਅੰਦਰੋਂ ਪੂਰੇ ਆਤਮ ਵਿਸ਼ਵਾਸ ਨਾਲ ਭਰ ਗਈ ਸੀ ਜੋ ਉਸਦੀ ਸਿਹਤਯਾਬੀ ਵਿਚ ਬਹੁਤ ਸਹਾਈ ਹੋਇਆ ਸੀ।

ਉਸ ਨੂੰ ਇੱਕ ਦਿਨ ਆਈ-ਸੀ-ਯੂ ਵਿਚ ਰੱਖਣ ਤੋਂ ਬਾਅਦ ਵਾਰਡ ਵਿਚ ਤਬਦੀਲ ਕਰ ਦਿੱਤਾ ਗਿਆ ਸੀ, ਪੰਜ ਦਿਨ੍ਹਾਂ ਬਾਅਦ ਡਿਸਚਾਰਜ ਹੋ ਕੇ ਛੋਟੇ ਬੇਟੇ ਦੇ ਕੋਲ ਆਪਣੇ ਘਰ ਚਲੀ ਗਈ। ਹੁਣ ਬਿਲਕੁਲ ਠੀਕ-ਠਾਕ ਹੈ ਤੁਰਦੀ-ਫ਼ਿਰਦੀ ਹੈ। ਰੋਜ਼ ਗੁਰਦੁਆਰਾ ਸਾਹਿਬ ਹਾਜ਼ਰੀ ਭਰਦੀ ਹੈ।

ਪਰ ਮੈਂ ਗੈਰਹਾਜ਼ਰ ਹਾਂ ਜਿੰਦਗੀ ਦੇ ਇਸ ਟੀ ਪੁਆਇੰਟ ਤੇ ਖੜ੍ਹਾ ਕਦੇ ਸੱਜੇ ਰਸਤੇ ਵੱਲ ਵੇਖਦਾ ਹਾਂ ਕਦੇ ਖੱਬੇ ਰਸਤੇ ਵੱਲ ਵੇਖਦਾ ਹਾਂ ਸਹੀ ਰਸਤੇ ਦੀ ਨਿਸ਼ਾਨਦੇਹੀ ਕਰਨੀ ਮੇਰੇ ਵਾਸਤੇ ਇਕ ਗੁੰਝਲ ਬਣ ਗਈ ਹੈ।

**73550-14055**

**ਪਿਆਰੇ ਦੋਸਤੋ ! ਪਿਛਲੇ ਵੀਹਾਂ ਸਾਲਾਂ ਤੋਂ 'ਪ੍ਰਤਿਮਾਨ' ਹਰ ਵਾਰ ਨਵਾਂ ਸੱਜਰਾ ਸਾਹਿਤ ਲੈ ਕੇ ਤੁਹਾਡੇ ਦਰਾਂ ਤੇ ਦਸਤਕ ਦਿੰਦਾ ਹੈ। ਲੇਖਕ/ ਪਾਠਕ ਦੋਸਤਾਂ ਨੂੰ ਗੁਜ਼ਾਰਿਸ਼ ਹੈ ਕਿ ਉਹ ਆਪਣੇ ਰਚਨਾਤਮਕ ਸਹਿਯੋਗ ਦੇ ਨਾਲ ਆਪਣਾ ਆਰਥਿਕ ਸਹਿਯੋਗ ਵੀ 'ਪ੍ਰਤਿਮਾਨ' ਲਈ ਭੇਜਣ। ਤੁਹਾਡੇ ਸਹਿਯੋਗ ਨਾਲ 'ਪ੍ਰਤਿਮਾਨ' ਦੀ ਉਮਰ ਹੋਰ ਲੰਮੇਰੀ ਹੋਵੇਗੀ। ਪਰਚਾ ਮੁਫ਼ਤ ਭੇਜਣ ਦੀ ਪਰੰਪਰਾ ਬੰਦ ਕੀਤੀ ਜਾ ਰਹੀ ਹੈ। -ਸੰਪਾਦਕ**

## ਕਹਾਣੀ / ਲਾਸ਼ / ਵਿਕਰਮਜੀਤ

ਪੰਜ ਮਿੰਟਾਂ ਤੱਕ ਘੜੀ ਗਿਆਰਾਂ ਵਜਾ ਦੇਵੇਗੀ।

ਅਜੀਬੋ ਗਰੀਬ ਉਦਾਸ ਅਤੇ ਰੱਕੜ ਦਿਨ, ਮਾਰ ਖਾਧੇ ਕੁੱਤੇ ਵਾਂਗ ਡੁਬਕੀਆਂ ਆਵਾਜ਼ਾਂ ਅਤੇ ਤਿਹਾਈ ਹਾੜ੍ਹ ਬੋਲਦੀ ਧਰਤੀ ਤੇ ਮੇਰੇ ਘਰ ਦੇ ਸਾਹਮਣੇ ਸੜਕ ਉੱਪਰ ਢਿਹਾ ਇੱਕ ਸਰੀਰ। ਬੇ ਉਮੱਡ ਅਤੇ ਬੇਧੜਕ, ਹੱਡੀਆਂ ਦੇ ਕਿਸੇ ਢੇਰ ਦੀ ਤਰ੍ਹਾਂ। ਕੱਪੜਿਆਂ ਦੀ ਥਾਂ ਤੇ ਸਿਰਫ ਚਿਥੜੇ ਮੈਲੇ ਤੇ ਗੰਦੇ ਜਿਵੇਂ ਚਮੜੀ ਦਾ ਹੀ ਹਿੱਸਾ ਹੋਣ। ਚਿਹਰੇ ਤੇ ਉੱਠਦੀਆਂ ਬੈਠਦੀਆਂ ਮੱਖੀਆਂ ਅਤੇ ਕੰਬਦੇ ਬੁੱਲਾਂ ਦੇ ਵਿੱਚ ਟੰਗੀ ਹੋਈ ਇੱਕ ਬੀੜੀ।

ਅੱਖਾਂ ਦੇ ਕਿਨਾਰਿਆਂ ਦੇ ਵਿੱਚ ਰੜਕਦੇ ਹੰਝੂ ਪਤਾ ਨਹੀਂ ਕਦੋਂ ਦੇ ਸੁੱਕ ਚੁੱਕੇ ਸਨ ਆਲੇ ਦੁਆਲੇ ਤੋਂ ਲੰਘਦੇ ਲੋਕ ਇੱਕ ਸਕਿੰਟ ਰੁਕਦੇ ਹਲਕੀ ਜਿਹੀ ਨਜ਼ਰ ਉਸ ਸ਼ਰੀਰ ਤੇ ਪਾਉਂਦੇ ਅਤੇ ਮੂੰਹ ਤੇ ਰੁਮਾਲੀਆ ਹੱਥ ਰੱਖ ਕੇ ਅੱਗੇ ਲੰਘ ਜਾਂਦੇ। ਕੋਲੋਂ ਲੰਘਦੇ ਇੱਕ ਬੱਚੇ ਨੇ ਉਸ ਵੱਲ ਇਸ਼ਾਰਾ ਕਰਦੇ ਹੋਏ ਆਪਣੀ ਮਾਂ ਨੂੰ ਕਿਹਾ,

''ਮਾਂ ਯੇ ਦੇਖੋ ਯਹ ਕੈਸਾ ਆਦਮੀ ਹੈ?''

ਕਰੋੜਾਂ ਦੀਆਂ ਹਜ਼ਾਰਾਂ ਪਰਤਾਂ ਨੇ ਜਿਵੇਂ ਮਾਂ ਦੇ ਚਿਹਰੇ ਨੂੰ ਗਰੱਸ ਲਿਆ। ਗਰਦਨ ਟੇਡੀ ਜਿਹੀ ਕਰਕੇ ਉਸਨੇ ਇੱਕ ਨਜ਼ਰ ਉਸ ਸਰੀਰ ਤੇ ਪਾਈ, ਮੋਢੇ ਦਾ ਦੁਪੱਟਾ ਉਸਦੇ ਮੂੰਹ ਤੇ ਆ ਗਿਆ ਤੇ ਦੂਸਰੇ ਹੱਥ ਨਾਲ ਬੱਚੇ ਦੀਆਂ ਅੱਖਾਂ ਢੱਕਦੀ ਹੋਈ ਬੋਲੀ:

''ਨਹੀਂ ਬੇਟੇ, ਯੇ ਗੰਦਾ ਹੈ!''

ਸਰੀਰ ਨੇ ਕੋਈ ਹਰਕਤ ਨਹੀਂ ਕੀਤੀ। ਅੱਖਾਂ ਦੇ ਪਥਰਾਏ ਡੇਲੇ ਬਸ ਥੋੜਾ ਜਿਹਾ ਉੱਤੇ ਨੂੰ ਸਰਕੇ ਅਤੇ ਬਿਨਾਂ ਕੁਝ ਕਹੇ ਵਾਪਸ ਝੁਕ ਗਏ। ਸਰੀਰ ਨਾਲ ਜੁੜੀ ਇੱਕੋ ਇੱਕ ਬਾਂਹ ਪਤਾ ਨਹੀਂ ਕਿਹੜੀ ਬਿਮਾਰੀ ਨਾਲ ਕੰਬਦੀ ਸੀ। ਸਿਕਰੀ ਭਰੇ ਬੁੱਲ੍ਹਾਂ ਦੇ ਵਿੱਚੋਂ ਕਸੈਲਾ ਅਤੇ ਕੌੜਾ ਧੂਆਂ ਹਵਾ ਦੇ ਵਿੱਚ ਨਿਕਲ ਉੱਡਦਾ ਰਿਹਾ ਅਤੇ ਉਸ ਦੇ ਪੈਰਾਂ ਦੇ ਅੱਗੇ ਰੱਖਿਆ ਜ਼ੰਗ ਖਾਧਾ ਕੌਲਾ ਮੂੰਹ ਵੱਡੀ ਅਸਮਾਨ ਵੱਲ ਘੂਰਦਾ ਰਿਹਾ।

ਕਦੀ ਕਦੀ ਕੋਈ ਨਰਮ ਦਿਲ ਬੰਦਾ ਕੋਲੋਂ ਦੀ ਲੰਘਦਾ ਉਸ ਦੇ ਕੌਲੇ ਦੇ ਵਿੱਚ ਸਿੱਕਾ ਸੁੱਟ ਜਾਂਦਾ।

''ਉਹ ਦੇਖੋ, ਮੈਂ ਤੁਹਾਨੂੰ ਕਿਹਾ ਸੀ ਨਾ ਉਹ ਹਜੇ ਵੀ ਉੱਥੇ ਹੀ ਬੈਠਾ ਹੈ।''

ਪੱਖੇ ਦੀ ਸਫਾਈ ਕਰਦਿਆਂ ਹਰੀਮ ਦੀ ਨਜ਼ਰ ਰੋਸ਼ਨਦਾਨ ਦੇ ਟੁੱਟੇ ਕੱਚ ਵਿੱਚੋਂ ਉਸ ਸਰੀਰ ਤੇ ਪਈ। ਉਸ ਦੀਆਂ ਤਿੱਖੀਆਂ ਨਜ਼ਰਾਂ ਉਸਦੇ ਝੁਰੜੇ ਸਰੀਰ ਉੱਪਰ ਗੱਡੀਆਂ ਗਈਆਂ। ਨਫ਼ਰਤ ਨਾਲ ਥੁੱਕ ਅੰਦਰ ਲੰਘਾਉਂਦਿਆਂ ਹਰੀਮ ਨੇ ਕਿਹਾ:

''ਪੱਕਾ ਢੀਠ ਇਹ ਬੰਦਾ ਹਜ਼ਾਰ ਵਾਰ ਸਮਝਾਇਆ ਕਿ ਘਰ ਦੇ ਬਾਹਰ ਨਾ ਬੈਠਿਆ ਕਰ ਤਾਂ ਵੀ ਇਹਨੇ ਇੱਥੇ ਹੀ ਜੰਮੇ ਰਹਿਣਾ। ਤੇ ਬੰਦਾ ਕੋਲੋਂ ਕੋਈ ਸੁੱਕਾ ਲੰਘਣ ਨਹੀਂ ਦਿੰਦਾ ਪੈਸਾ ਖੋਹਣਾ ਲੋਕਾਂ ਕੋਲੋਂ ਕਿਵੇਂ ਨਾ ਕਿਵੇਂ।''



ਗੁੱਸੇ ਦੇ ਨਾਲ ਹਰੀਮ ਦੀਆਂ ਅੱਖਾਂ ਲਾਲ ਹੋਈਆਂ ਪਈਆਂ ਸਨ ਅਤੇ ਮੱਥਾ ਵੀ ਵੱਟਾਂ ਨਾਲ ਭਰਿਆ ਪਿਆ ਸੀ। ਹੱਥ ਵਿੱਚ ਫੜਿਆ ਕੱਪੜਾ ਉਸਨੇ ਸੋਫੇ ਤੇ ਵਗ੍ਹਾ ਮਾਰਿਆ ਚੁੰਨੀ ਲੱਕ ਦੁਆਲੇ ਕਸੀ ਅਤੇ ਧਮਕਦੀ ਹੋਈ ਦਰਵਾਜ਼ੇ ਵੱਲ ਤੁਰ ਪਈ:

''ਠਹਿਰ ਜਾ, ਦੱਸਦੀ ਆਂ ਤੈਨੂੰ। ਅੱਜ ਮੈਂ ਤੇਰਾ ਰਫੜਾ ਹੀ ਮੁਕਾ ਦੇਣਾ।''

''ਬੈਠਾ ਰਹਿਣ ਦੇ, ਦੰਦੀਆਂ ਵੱਢਦਾ ਤੈਨੂੰ? ਵਿਚਾਰਾ ਇੱਕ ਪਾਸੇ ਹੀ ਬੈਠਾ।''

ਮੈਂ ਹਰੀਮ ਨੂੰ ਰੋਕਣ ਦੀ ਉਮੀਦ ਨਾਲ ਕਿਹਾ।

''ਹਾਂ, ਵੱਢ ਰਿਹੈ ਦੰਦੀਆਂ। ਨਾਸ ਮਾਰ ਰੱਖਿਆ ਮੇਰੀ ਇੰਨੀ ਸੋਹਣੀ ਕੋਠੀ ਦਾ। ਪਤਾ ਕਿੰਨਾ ਮਾੜਾ ਲੱਗਦਾ ਬਾਹਰ ਬੈਠਾ।''

ਅਗਲੀ ਸਵੇਰ...

ਅਖਬਾਰ ਦੇ ਆਖਰੀ ਪੰਨੇ ਦੀ ਖਬਰ ਹੈ:

ਅਮੀਰਜ਼ਾਦਿਆਂ ਨੇ ਸੜਕ ਦੇ ਕਿਨਾਰੇ ਤੇ ਬੈਠਾ ਮੰਗਤਾ ਕਾਰ ਹੇਠ ਕੁਚਲਿਆ। ਪੁਲਿਸ ਦੀ ਰਿਪੋਰਟ ਮੁਤਾਬਿਕ ਡਰਾਈਵਰ ਨਸ਼ੇ ਵਿੱਚ ਸੀ।

ਅੱਧਾ ਦਿਨ ਬੀਤਣ ਤੋਂ ਬਾਅਦ ਵੀ ਲਾਸ਼ ਅਜੇ ਫੁੱਟਪਾਥ ਉੱਪਰ ਹੀ ਪਈ ਹੈ। ਗਰਦਨ ਇੱਕ ਪਾਸੇ ਮੁੜੀ ਹੋਈ ਹੈ ਅਤੇ ਬਾਹਾਂ ਚੁਪੱਟ ਖੁੱਲੀਆਂ ਹਨ ਸੜਕ ਤੇ ਖੂਨ ਦੇ ਡੂੰਘੇ ਲਾਲ ਨਿਸ਼ਾਨ ਹਨ ਜੋ ਇੱਕ ਧਾਰ ਦੀ ਸ਼ਕਲ ਦੇ ਵਿੱਚ ਗਟਰ ਦੇ ਵਿੱਚ ਜਾ ਰਹੇ ਹਨ। ਮੂੰਹ ਖੁੱਲ੍ਹਾ ਹੈ। ਖੋਪੜੀ ਦਾ ਖੱਬਾ ਪਾਸਾ ਪਿਚਕਿਆ ਹੋਇਆ ਹੈ ਅਤੇ ਉਸ ਦੀ ਗੱਲ ਦੀ ਥਾਂ ਤੇ ਚਮੜੀ ਦਾ ਇੱਕ ਮੋਟਾ ਜਿਹਾ ਛਿੱਤਰ ਸਾਈਡ ਤੇ ਲਟਕਿਆ ਹੋਇਆ ਹੈ। ਉਸ ਲਾਸ਼ ਨੂੰ ਚੁੱਕਣ ਦੇ ਲਈ ਕੋਈ ਵੀ ਨਹੀਂ ਆਇਆ। ਲੋਕ ਆਪਣੇ ਬੂਟ ਬਚਾ ਬਚਾ ਕੇ ਖੂਨ ਦੀ ਧਾਰ ਦੇ ਉੱਪਰੋਂ ਟੱਪ ਰਹੇ ਹਨ ਬਸ ਇੱਕ ਦੋ ਕੁੱਤੇ ਹੀ ਹਨ ਜੋ ਲਾਸ਼ ਨੂੰ ਇਧਰ ਉਧਰ ਘੜੀਸ ਰਹ ਰਹੇ ਹਨ।

**95018-91316**

# ਪੁਸਤਕ ਰੀਵਿਊ / ਪਾਣੀਆਂ ਦੀ ਧਰਤੀ ਕੈਨੇਡਾ : ਦਵਿੰਦਰ ਬੋਹਾ / ਤੇਜਿੰਦਰ ਕੌਰ

ਸਫ਼ਰਨਾਮਾ ਆਧੁਨਿਕ ਸਾਹਿਤ ਦੀ ਬਹੁ ਪਾਸਾਰੀ ਅਤੇ ਬਹੁ ਚਰਚਿਤ ਵਾਰਤਕ ਵਿਧਾ ਵਜੋਂ ਪਛਾਣ ਰੱਖਦਾ ਹੈ। ਪਾਣੀਆਂ ਦੀ ਧਰਤੀ ਕੈਨੇਡਾ (ਸਫ਼ਰਨਾਮਾ) ਦੇ ਲੇਖਕ ਡਾ. ਦਵਿੰਦਰ ਸਿੰਘ ਬੋਹਾ ਨੇ ਕੈਨੇਡਾ ਦੀ ਧਰਤੀ ਦੇ ਕੁਦਰਤੀ ਨਜ਼ਾਰਿਆਂ ਦਾ ਮਨਮੋਹਕ ਅੰਦਾਜ਼ ਵਿੱਚ ਵਰਣਨ ਕੀਤਾ ਹੈ।ਸਫਰਨਾਮੇ ਦਾ ਦਿਲ ਖਿੱਚਵਾਂ ਸਰਵਰਕ ਕਿਤਾਬ ਦੇ ਸਿਰਲੇਖ ਨਾਲ ਰਚ ਮਿਚ ਗਿਆ ਹੈ। ਜਿੰਨਾ ਚਿਰ ਵੀ ਲੇਖਕ ਕੈਨੇਡਾ ਰਿਹਾ ਉਸ ਨੇ ਆਲੇ-ਦੁਆਲਾ ਨੂੰ ਨਿੱਠ ਕੇ ਨਿਹਾਰਿਆ ਹੈ। ਸਭ ਤੋਂ ਚੰਗੀ ਗੱਲ ਕਿ ਲੇਖਕ ਨੇ ਸਿਰਫ ਉਹਨਾਂ ਪੱਖਾਂ ਨੂੰ ਹੀ ਛੋਹਿਆ ਹੈ,ਜਿਨਾਂ ਨੂੰ ਉਹ ਇਕ ਮਹੀਨੇ ਵਿੱਚ ਚੰਗੀ ਤਰਾਂ ਜਾਣ ਸਕਿਆ ਹੈ। ਇਹ ਸਫ਼ਰਨਾਮਾ ਉਸਦੇ ਹੱਡੀ ਹੰਢਾਏ ਪਲਾਂ ਦਾ ਬਿਰਤਾਂਤ ਹੈ। ਇਸ ਬਿਰਤਾਂਤ ਦਾ ਉਸਨੇ ਏਨੀ ਬਾਖੂਬੀ ਨਾਲ ਦ੍ਰਿਸ਼ ਚਿਤਰਨ ਕੀਤਾ ਹੈ ਕਿ ਪਾਠਕ ਨੂੰ ਆਪਣਾ-ਆਪ ਉਨ੍ਹਾਂ ਦਿਸ-ਹਿੱਦਿਆਂ ਤੱਕ ਫੈਲਦਾ ਪ੍ਰਤੀਤ ਹੁੰਦਾ ਹੈ ਜਿੱਥੇ-ਜਿੱਥੇ ਲੇਖਕ ਘੁੰਮਿਆ ਹੈ।

ਕੈਨੇਡਾ ਘੁੰਮਦਿਆਂ ਅਤੇ ਇੱਥੋਂ ਦੇ ਕਿਸਾਨਾਂ ਦੇ ਕੰਮ-ਕਾਰ ਦੇਖਦਿਆਂ ਲੇਖਕ ਨੂੰ ਪੰਜਾਬ ਦੀ ਡੁੱਬ ਰਹੀ ਕਿਰਸਾਨੀ ਦਾ ਦਰਦ ਝੰਜੋੜਦਾ ਹੈ। ਉਹ ਲਿਖਦਾ ਹੈ "ਇੱਕ ਇਹ ਕਿਸਾਨ ਹਨ ਜਿਨ੍ਹਾਂ ਦੇ ਚਿਹਰੇ ਤੇ ਖੁਸ਼ੀਆਂ ਹਨ ਅਤੇ ਇੱਕ ਸਾਡੇ ਵਿਚਾਰੇ ਕਰਜ਼ੇ ਦੀ ਮਾਰ ਹੇਠ ਫਿਕਰਾਂ 'ਚ ਧੁਆਂਖੇ ਚਿਹਰੇ ਮੁਨਾਫ਼ਾ ਰਹਿਤ ਧੰਦਿਆਂ ਨੂੰ ਸਿਰਾਂ 'ਤੇ ਚੁੱਕੀ ਫਿਰਦੇ ਹਨ।" ਉਹ ਚਾਹੁੰਦਾ ਹੈ ਕਿ ਪੰਜਾਬ ਦੇ ਕਿਸਾਨਾਂ ਲਈ ਵੀ ਖੇਤੀ ਲਾਹੇਵੰਦ ਧੰਦਾ ਬਣੇ। ਉਹਨਾਂ ਦੇ ਚਿਹਰਿਆਂ ਤੇ ਵੀ ਖੁਸ਼ੀ ਦੀ ਚਮਕ ਦਿਖਾਈ ਦੇਵੇ।"

ਡਾ. ਦਵਿੰਦਰ ਬੋਹਾ ਦੇ ਗਿਆਨ ਦਾ ਘੇਰਾ ਏਨ੍ਹਾ ਵਿਸ਼ਾਲ ਹੈ ਕਿ ਕੈਨੇਡਾ ਦੀ ਭੂਗੋਲਿਕਤਾ, ਅਰਥਚਾਰੇ, ਸਮਾਜਿਕ ਵਰਤਾਰੇ ਦੀ ਸਮਝ ਰੱਖਦੇ ਹੋਏ ਆਪਣੀ ਯਾਤਰਾ ਦਾ ਹਾਲ ਲਿਖਦਾ ਹੈ। ਹਰ ਜਗ੍ਹਾ ਦੀ ਸੈਰ ਬਾਰੇ ਲਿਖਣ ਦੇ ਨਾਲ-ਨਾਲ ਉਨ੍ਹਾਂ ਨੇ ਉਸ ਜਗ੍ਹਾ ਬਾਰੇ ਜਾਣਕਾਰੀ ਵੀ ਦਿੱਤੀ ਹੈ।

ਉਹ ਘੁੰਮੀਆਂ ਗਈਆਂ ਥਾਵਾਂ ਦੇ ਖਿੱਚ ਦੇ ਕਾਰਨਾਂ, ਉਨ੍ਹਾਂ ਦੇ ਥਾਂ-ਪਤੇ ਅਤੇ ਤੈਅ ਕੀਤੇ ਪੈਂਡੇ ਦਾ ਬਿਆਨ ਵੀ ਇਸ ਮੁਹਾਰਤ ਨਾਲ ਕਰਦਾ ਹੈ ਕਿ ਪਾਠਕ ਮਨ ਵੀ ਉਸਦੇ ਨਾਲ ਹੋ ਤੁਰਦਾ ਹੈ। ਉਸਦਾ ਦ੍ਰਿਸ਼ ਚਿਤਰਨ ਕਮਾਲ ਦਾ ਹੈ। ਹਰ ਜਗਾ ਬਾਰੇ ਗੱਲ ਕਰਦਾ ਉਹ ਉੱਥੋਂ ਦੇ ਸਾਰੇ ਵਾਤਾਵਰਣ ਨੂੰ ਚਿਤਰਦਾ ਹੈ।

ਆਪਣੇ ਬੇਟੇ ਪ੍ਰਗੀਤ ਦਾ ਸੰਘਰਸ਼ ਅਤੇ ਸਫ਼ਲਤਾ ਰਾਹੀਂ ਲੇਖਕ ਵਿਦਿਆਰਥੀ ਜੀਵਨ ਦੀਆਂ ਔਕੜਾਂ ਦੱਸਦੇ ਹੋਏ ਸਖਤ ਮਿਹਨਤ ਕਰਕੇ ਚੰਗੀਆਂ ਪ੍ਰਾਪਤੀਆਂ ਵੱਲ ਪ੍ਰੇਰਦਾ ਹੈ।ਉਹ ਵੈਰਾਗ ਦਾ ਸੇਕ ਝੱਲਦੇ ਬੱਚਿਆਂ ਦੇ ਉੱਥੇ ਰਿਸ਼ਤੇਦਾਰਾਂ ਵਾਂਗ ਬਣਾਏ ਦੋਸਤਾਨਾਂ ਸੰਬੰਧਾਂ ਦੀ ਗਾਥਾ ਵੀ ਬਿਆਨ ਕਰਦਾ ਹੈ। ਉਹ ਲਿਖਦਾ ਹੈ "ਇਹ ਇੱਥੇ ਇਕੱਲਤਾ 'ਚ ਰਹਿੰਦੇ ਬਹੁਤ ਸੰਘਰਸ਼ਮਈ ਜੀਵਨ 'ਚੋਂ ਗੁਜ਼ਰ ਰਹੇ ਹੁੰਦੇ ਹਨ। ਸਾਲ ਦੋ ਸਾਲ ਬਾਅਦ ਤੁਹਾਡੀ ਹਰ ਤਰ੍ਹਾਂ ਦੀ ਸਹਾਇਤਾ ਲਈ ਇਹ ਅੱਗੇ ਆਉਣਗੇ, ਸਾਲ ਦੋ ਸਾਲ ਦਾ ਸਮਾਂ ਹੀ ਇਨ੍ਹਾਂ ਲਈ ਕਠਿਨਾਈਆਂ ਭਰਪੂਰ ਹੁੰਦਾ ਹੈ। ਸਾਨੂੰ ਇਨ੍ਹਾਂ ਨੂੰ ਮਜਬੂਰੀਆਂ ਦੀ ਕਗਾਰ 'ਤੇ ਖੜ੍ਹਾ ਕਰਨ ਲਈ ਨਹੀਂ, ਬਲਕਿ ਹੌਸਲਿਆਂ ਦੇ ਬੂਹੇ ਖੁੱਲ੍ਹੇ ਰੱਖਣ ਵਾਲਾ ਰਵੱਈਆ ਰੱਖਣਾ ਚਾਹੀਦਾ ਹੈ।" ਆਪਣੀ ਇਸ ਲੋੜ ਵਿੱਚੋਂ ਹੀ ਵਿਦਿਆਰਥੀ ਰਿਸ਼ਤੇਦਾਰਾਂ ਨਾਲ ਦੋਸਤਾਨਾ ਸੰਬੰਧ ਨਿਭਾਉਂਦੇ ਹਨ।

ਉਹ ਕਾਮਾਗਾਟਾ ਮਾਰੂ ਜ਼ਹਾਜ ਦੇ ਘਟਨਾਕ੍ਰਮ ਵਾਲੀਆਂ ਥਾਵਾਂ 'ਤੇ ਆਪਣੇ ਪੁਰਖਿਆਂ ਨੂੰ ਯਾਦ ਕਰਦਿਆਂ ਉਹ ਅੱਜ ਵੀ ਆਪਣੇ ਅੰਦਰ ਅੱਲੇ ਜ਼ਖਮ ਮਹਿਸੂਸ ਕਰਦਾ ਹੈ। "ਕਾਮਾਗਾਟਾ ਮਾਰੂ ਇਤਿਹਾਸ ਦੇ ਪੰਨਿਆਂ ਤੇ ਲਿਖਿਆ ਉਹ ਬਿਰਤਾਂਤ ਹੈ, ਜੋ ਸਾਡੇ ਅਤੀਤ ਦੇ ਮਾਨਸਿਕ ਤਸ਼ੱਦਦ ਭਰੇ ਜ਼ਖਮਾਂ ਨੂੰ ਹਮੇਸ਼ਾ ਉਚੇੜਦਾ ਆਇਆ ਹੈ। ਇਸ ਅਧਿਆਇ ਦੇ ਪੰਨਿਆਂ ਨੂੰ ਪੜ੍ਹਦਿਆਂ-ਜਾਣਦਿਆਂ ਪਤਾ ਚੱਲਦਾ ਹੈ ਕਿ ਕਿਸ ਤਰ੍ਹਾਂ ਸਾਡੇ ਪੁਰਖਿਆਂ ਨੇ ਨਸਲੀ ਵਿਤਕਰਿਆਂ ਭਰਪੂਰ ਅਣ-ਮਨੁੱਖੀ ਤਸੀਹਿਆਂ ਨੂੰ ਆਪਣੇ ਨੰਗੇ ਪਿੰਡੇ 'ਤੇ ਸਹਾਰਿਆ ਹੈ।"

ਲੇਖਕ ਕੋਲ ਵੇਖਣ ਵਾਲੀ ਸਾਕਾਰਤਮਕ ਅੱਖ ਹੈ, ਅੰਤਰਾਸ਼ਟਰੀ ਪੀਸ ਆਰਕ ਪਾਰਕ ਉਸਦੇ ਅੰਦਰ ਨੂੰ ਠਾਰਦਾ ਹੈ। ਕੈਨੇਡਾ ਤੇ ਅਮਰੀਕਾ ਵਿਚਾਲੇ 29 ਏਕੜ ਵਿੱਚ ਸਰਹੱਦ ਦੀ ਨਿਸ਼ਾਨਦੇਹੀ ਕਰਦਾ ਇਹ ਪਾਰਕ ਉਸਨੂੰ ਅੰਤਰਾਸ਼ਟਰੀ ਸਾਂਝ ਦਾ ਨਿੱਘਾ ਪ੍ਰਗਟਾਵਾ ਲਗਦਾ ਹੈ। ਕੰਡਿਆਲੀ ਤਾਰ ਵਾਲੀਆਂ ਸਰਹੱਦਾਂ ਅਤੇ ਜ਼ਿੰਦਾਬਾਦ ਦੇ ਨਾਹਰਿਆਂ ਦੀ ਯਾਦ ਉਸਦੀ ਹਿੱਕ 'ਚ ਨਸੂਰ ਬਣ ਖੁੱਭਦੀ ਹੈ। ਉਹ ਆਸ ਜਗਾਉਂਦਾ ਹੈ ਕਿ "ਕਾਸ਼! ਦੁਨੀਆਂ ਦੇ ਸਭ ਬਾਰਡਰ ਅਜਿਹੇ ਖੁਸ਼ਗਵਾਰ ਮੌਸਮਾਂ ਲਈ ਆਪਣੇ ਬੂਹੇ ਖੋਲਣ ਤਾਂ ਇਸ ਦੁਨੀਆਂ ਦਾ ਨਕਸ਼ਾ ਹੋਰ ਵੀ ਖੂਬਸੂਰਤ ਨਜ਼ਰ ਆਵੇਗਾ।"

ਉਸਦੀ ਭਾਸ਼ਾ ਦਾ ਵੀ ਵੱਖਰਾ ਹੀ ਅੰਦਾਜ਼ ਹੈ। ਉਸਦੀ ਕਲਾਤਮਕਤਾ ਤੇ ਸਾਹਿਤਕ ਭਾਸ਼ਾ ਕਿਤੇ ਵੀ ਭਾਵਾਂ ਦੀ ਰਵਾਨੀ ਵਿੱਚ ਖਲਲ ਨਹੀਂ ਪਾਉਂਦੀ। ਉਹ ਬਹੁਤ ਘੱਟ ਸ਼ਬਦਾਂ ਵਿੱਚ ਸੋਹਣੀ ਵਿਆਖਿਆ ਕਰਦਾ ਹੈ।

ਪਿਤਾ ਹੋਣ ਦੇ ਬਾਵਜੂਦ ਵੀ ਉਸਨੇ ਮਾਂ ਦੇ ਪਿਆਰ ਨੂੰ ਬਹੁਤ ਬਰੀਕੀ ਅਤੇ ਭਾਵੁਕਤਾ ਨਾਲ ਮਹਿਸੂਸ ਕੀਤਾ ਹੈ। ਆਪਣੀ ਪਤਨੀ ਦੀ ਗੱਲ ਕਰਦਿਆ ਉਹ ਲਿਖਦਾ ਹੈ "ਗੁਰਦਰਸ਼ਨ ਨੇ ਤਾਂ ਇੱਕ ਵਾਰ ਲੰਮੀ ਚੁੱਪ ਸਾਧ ਲਈ ਸੀ।

ਇਸ ਚੁੱਪ ਦੇ ਅਰਥ ਮੈਂ ਸਮਝਦਾ ਸੀ। ਬਹੁਤ ਔਖਾ ਹੁੰਦਾ ਮਾਪਿਆਂ ਲਈ ਬੱਚਿਆਂ ਤੋਂ ਅਲੱਗ ਹੋਣਾ। ਫਿਰ ਉਸ ਨੇ ਮਨ ਕਰੜਾ ਜਿਹਾ ਕਰ ਪਿਛਲੀ ਸੀਟ ‘ਤੇ ਬੈਠਿਆਂ ਆਪਣੇ ਆਪ ਨੂੰ ਸੰਭਾਲਦਿਆਂ ਫਿਰ ਮੇਰੇ ਅਤੇ ਪ੍ਰਗੀਤ ਦੀਆਂ ਗੱਲਾਂ ‘ਚ ਹੁੰਗਾਰਾ ਭਰਨਾ ਸ਼ੁਰੂ ਕੀਤਾ।“

ਉੱਥੋਂ ਦੀ ਸਿੱਖਿਆ ਮੰਤਰੀ ਨਾਲ ਮੁਲਾਕਾਤ ਬਾਰੇ ਦੱਸਦਿਆਂ ਪਹਿਲਾਂ ਉਹ ਆਪਣੇ ਮਨ ਵਿਚਲੇ ਖਦਸ਼ਿਆਂ ਨੂੰ ਜ਼ਹਿਰ ਕਰਦਾ ਹੈ, ਫਿਰ ਅਸਲੀ ਵਾਤਾਵਰਣ ਬਾਰੇ। ਅਜਿਹੀਆਂ ਜੁਗਤਾਂ ਵਰਤ ਕੇ ਉਸ ਨੇ ਕਿਤਾਬ ਦੀ ਦਿਲਚਸਪੀ ਨੂੰ ਹੋਰ ਵੀ ਖੂਬਸੂਰਤ ਬਣਾ ਦਿੱਤਾ ਹੈ। ਰਸਤੇ ਵਿੱਚ ਜਾਂਦਾ ਉਹ ਸਕਿਊਰਿਟੀ ਪਾਸ, ਨੌਕਰ-ਚਾਕਰ, ਪਹਿਰੇਦਾਰਾਂ ਅਤੇ ਪਹਿਲਾਂ ਸਮਾਂ ਨਾ ਲੈ ਸਕਣ ਬਾਰੇ ਸੋਚਦਾ ਹੈ। ਫਿਰ ਉਹ ਦੱਸਦਾ ਹੈ ਘਰ ਪਹੁੰਚਦਿਆਂ ਹੀ ਉਸਨੇ ਦੇਖਿਆ ਕਿ ਸਿੱਖਿਆ ਮੰਤਰੀ ਰਚਨਾ ਸਿੰਘ ਦਾ ਘਰ ਵੀ ਆਮ ਘਰਾਂ ਵਰਗਾ ਹੀ ਹੈ,ਸਗੋਂ ਉਹ ਘਰ ਦੇ ਸਾਰੇ ਕੰਮ ਵੀ ਆਪ ਕਰਦੇ ਹਨ। ਭਾਵ ਉਸਨੂੰ ਪਤਾ ਹੈ ਕਿ ਦੋਵਾਂ ਸੱਭਿਆਤਾਵਾਂ ਵਿੱਚ ਫਰਕ ਕਿਵੇਂ ਦਰਸਾਉਣਾ ਹੈ

ਭਾਸ਼ਾ ਦੀ ਜੜ੍ਹਤ ਲੇਖਕ ਦੀ ਸਾਹਿਤ ਪ੍ਰਤੀ ਸਮਝ ਅਤੇ ਪਕੇਰੀ ਸੂਝ ਨੂੰ ਦਰਸ਼ਾਉਂਦੀ ਹੈ। ਲੱਗਪਗ ਹਰੇਕ ਭਾਗ ਦੇ ਅੰਤ ਵਿੱਚ ਉਹ ਆਪਣੇ ਵਿਚਾਰ ਦਰਜ ਕਰਦਾ ਹੈ। ਥੋੜੇ ਸਮੇਂ ਵਿੱਚ ਓਪਰੀ ਸੱਭਿਅਤਾ ਦੀਆਂ ਜਿੰਨੀਆਂ ਕੁ ਪੈੜਾਂ ਉਹ ਨਾਪ ਸਕਿਆ, ਉਸਨੇ ਬਾਖੂਬੀ ਬਿਆਨ ਕੀਤੀਆਂ ਹਨ।

ਸਫ਼ਰਨਾਮੇ ਦੇ ਅਖੀਰ ਵਿੱਚ ਵੱਖ-ਵੱਖ ਰੋਚਕਤਾ ਭਰਪੂਰ ਤਸਵੀਰਾਂ ਕੈਨੇਡਾ ਦੇ ਵੱਖਰੇ-ਵੱਖਰੇ ਦ੍ਰਿਸ਼ ਪੇਸ਼ ਕਰਦੀਆਂ ਹਨ।

ਡਾ. ਦਵਿੰਦਰ ਬੋਰਾ ਦਾ ਇਹ ਸਫ਼ਰਨਾਮਾ ਆਪਣੇ ਸਫ਼ਰ ਨੂੰ ਬਿਆਨ ਕਰਨ ਦੇ ਨਾਲ-ਨਾਲ ਵਿਸ਼ੇ ਦਾ ਸਧਾਰਨੀਕਰਨ ਕਰਦਾ ਵੀ ਪ੍ਰਤੀਤ ਹੁੰਦਾ ਹੈ। ਇਸ ਸਫ਼ਰਨਾਮੇ ਵਿੱਚ ਕੈਨੇਡਾ ਬਾਰੇ ਰੋਚਕ ਤੇ ਗਿਆਨ ਵਧਾਊ ਸਮੱਗਰੀ ਹੈ। ਸਭ ਨੂੰ ਇਹ ਪੁਸਤਕ ਪੜ੍ਹ ਲੈਣੀ ਚਾਹੀਦੀ ਹੈ।


**ਖੋਜਾਰਥੀ**
**ਗੁਰੂ ਕਾਸ਼ੀ ਯੂਨੀਵਰਸਿਟੀ**
**ਤਲਵੰਡੀ ਸਾਬੋ।**


## ਗ਼ਜ਼ਲਾਂ / ਤੇਜਿੰਦਰ ਚੰਡਿਹੋਕ



ਤਮਾ ਆਦਮੀ ਦੀ ਭਰਦੀ ਨਹੀਂ ਕਦੇ।
ਆਸ ਟੁੱਟਦੀ ਹੈ ਪਰ ਮਰਦੀ ਨਹੀਂ ਕਦੇ।

ਆਸ ਲੈ ਕੇ ਮਨ ਵਿਚ ਤੁਰਿਆਂ ਹਾਂ ਮੈਂ ਵੀ,
ਸੋਹਣੀ ਹੁਣ ਦਰਿਆ ਤਰਦੀ ਨਹੀਂ ਕਦੇ।

ਉਂਝ ਮਹਿਫ਼ਲ ‘ਚ ਉਹਦੇ ਚਰਚੇ ਰਹੇ ਬਹੁਤ,
ਪਰ ਮਿਲਣ ਦੀ ਹਾਮੀ ਭਰਦੀ ਨਹੀਂ ਕਦੇ।

ਲੋਕਾਂ ਦੀ ਸੋਚ ਵੀ ਅਜ਼ਬ ਹੈ ਦੋਸਤੋ,
ਉਲਫ਼ਤ ਜੋ ਕਿਸੇ ਦੀ ਜਰਦੀ ਨਹੀਂ ਕਦੇ।

ਪਿਆਸੇ ਹੀ ਰਹੇ ਤਾਉਮਰ ‘ਚੰਡਿਹੋਕ’ ,
ਕਿ ਸਾਗਰ ਨੂੰ ਨਦੀ ਭਰਦੀ ਨਹੀਂ ਕਦੇ।

...

ਯਾਦ ਮੈਂ ਤੈਨੂੰ ਕਰ ਲੈਨਾ ਵਾਂ।
ਗ਼ਮ ਦਾ ਸਾਗਰ ਭਰ ਲੈਨਾ ਵਾਂ।

ਰਾਤ ਜਦੋਂ ਆ ਜਾਵੇ ਤਾਂ ਫਿਰ
ਸੀਨੇ ਪੱਥਰ ਧਰ ਲੈਨਾ ਵਾਂ।

ਲੱਗੀ ਅੱਗ ਜੁ ਮਨ ਦੇ ਅੰਦਰ
ਤਨ ਦੇ ਉਪਰ ਜਰ ਲੈਨਾ ਵਾਂ।

ਕਰਕੇ ਯਾਦ ਜੁਦਾਈ ਤੇਰੀ
ਪਲ ਦੋ ਪਲ ਮੈਂ ਮਰ ਲੈਨਾ ਵਾਂ।

‘ਤੇਜਿੰਦਰ’ ਨੂੰ ਡਾਢਾ ਝੋਰਾ
ਹੌਕੇ ਹਾਵੇ ਭਰ ਲੈਨਾ ਵਾਂ।



ਜਦ ਵੀ ਮੈਂ ਰੱਬ ਦੇ ਨਾਲ਼ ਕਦੇ ਇਹ ਭੇਤ ਜਿਗਰ ਦੇ ਫੋਲਾਂਗਾ।
ਸੱਚ ਆਖਾਂ ਮੈਂ ਤਾਂ ਉਸ ਵੇਲੇ ਉਸ ਨਾਲ਼ ਪੰਜਾਬੀ ਬੋਲਾਂਗਾ।

ਜੇ ਗੱਲ ਕਰੇ ਇੱਕ ਵਾਰ ਖ਼ੁਦਾ ਮੈਂ ਗੱਲ ਕਰੂੰ ਮਾਂ ਬੋਲੀ ਦੀ,
ਉਹ ਭਾਸ਼ਾ ਬੋਲੇ ਜੋ ਮਰਜ਼ੀ ਮੈਂ ਯਾਰ ਕਦੇ ਨਾ ਡੋਲਾਂਗਾ।

ਜਦ ਗੱਲ ਕਰੇਗਾ ਕਰਮਾਂ ਦੀ ਮੈਂ ਆਖ ਸੁਣਾਵਾਂਗਾ ਰੱਬ ਨੂੰ,
ਤੂੰ ਮਾਂ ਬੋਲੀ ਮੇਰੀ ਬੋਲ ਖ਼ੁਦਾ ਮੈਂ ਫਿਰ ਹੀ ਕੁਝ ਬੋਲਾਂਗਾ।

ਅਪਣੀ ਭਾਸ਼ਾ ਬੋਲ ਜਦੋਂ ਉਹ ਆਖੇਗਾ ਮੈਨੂੰ ਬੋਲਣ ਨੂੰ,
ਮੈਂ ਕਹਿਣਾ ਤੈਨੂੰ ਸਮਝਾਂ ਨਾ ਕਿਸ ਦੱਸ ਤਰਾਜੂ ਤੋਲਾਂਗਾ ?

ਉਸ ਮੇਰੀ ਅਰਜ਼ ਕਬੂਲ ਕਰੀ ਜੇ ਬੋਲ ਗਿਆ ਪੰਜਾਬੀ ਉਹ,
ਫਿਰ ਬੋਲ ਪੰਜਾਬੀ ਬੋਲੀ ਨੂੰ ਮੈਂ ਮਹਿਕ ਫਿਜ਼ਾ ਵਿੱਚ ਘੋਲਾਂਗਾ।

ਮੈਂ ਅਪਣੀ ਇਹ ਮਾਂ ਬੋਲੀ ਦਾ ਤੇ ਅਪਣਾ ਅਸਰ ਦਿਖਾਉਣ ਲਈ,
ਮੈਂ ਬੋਲਣ ਖ਼ਾਤਰ ਰੱਬ ਅੱਗੇ ਕੁਝ ਸ਼ਬਦ ਸੁਚੱਜੇ ਟੋਲਾਂਗਾ।

ਹੋ ਕੂਚ ਜਹਾਨੋ ਜਦ 'ਸ਼ਾਇਰ' ਮੈਂ ਪਹੁੰਚ ਗਿਆ ਦਰਗਾਹ ਰੱਬ ਦੀ,
ਇਹ ਅਪਣੀ ਫਿਰ ਮਾਂ ਬੋਲੀ ਨੂੰ ਨਾ ਰੱਬ ਦੇ ਦਰ ਵੀ ਰੋਲਾਂਗਾ।

## ਗ਼ਜ਼ਲ

ਹੜ੍ਹ ਦਾ ਪਾਣੀ ਵੇਖ ਚੁਫੇਰੇ ਨੈਣਾਂ ਵਿਚ ਹੜ੍ਹ ਆਇਆ।
ਖੋਲ ਗਿਆ ਹੈ ਮੇਰਾ ਅੰਦਰ ਸੁੱਤਾ ਦਰਦ ਜਗਾਇਆ।

ਮੈਂ ਸਵਦੇਸੀ ਉਹ ਪਰਦੇਸੀ ਵਿਚ ਨੇ ਸੱਤ ਸਮੁੰਦਰ,
ਸਾਡੇ ਦੋਹਾਂ ਵਿੱਚ ਵਿਛੋੜਾ ਏਸੇ ਜਲ ਨੇ ਪਾਇਆ।

ਹੁਕਮ ਰਜਾਈਂ ਦੇ ਵਿਚ ਰਹਿਣਾ ਬਿਪਤਾ ਆਣ ਪਈ ਤੋਂ,
ਸਾਨੂੰ ਸਾਡੇ ਵਿਰਸੇ ਨੇ ਹੈ ਏਹੋ ਸਬਕ ਸਿਖਾਇਆ।

ਇਕ ਦੂਜੇ ਦੀ ਕਰਨ ਸਹਾਇਤਾ ਇਸ ਧਰਤੀ ਦੇ ਸੂਰੇ,
ਅਪਣਾ ਜਾਂ ਬੇਗਾਨਾ ਡਿਗਦਾ ਫੜ ਕੇ ਬਾਂਹ ਉਠਾਇਆ।

ਵਹਿ ਜਾਂਦੇ ਜਜ਼ਬਾਤ ਦਿਲਾਂ ਦੇ ਹੜ੍ਹ ਦੇ ਪਾਣੀ ਵਾਂਗੂੰ,
ਗੀਤ ਜਦੋਂ ਵੀ ਮਹਿਫ਼ਲ ਦੇ ਵਿਚ ਜਾਂਦਾ ਦਿਲ 'ਚੋਂ ਗਾਇਆ।

ਦੁੱਖ-ਸੁੱਖ ਵੇਲੇ ਸਾਂਝ ਨਿਭਾਉਂਦੇ ਇਹ ਪੰਜਾਬ ਦੇ ਜਾਏ,
ਦੇਸ-ਵਿਦੇਸ 'ਚੋਂ ਉੱਠ ਖਲੋਂਦਾ ਇਸ ਧਰਤੀ ਦਾ ਜਾਇਆ।

ਕੁਦਰਤ ਦੀ ਜਦ ਮਾਰ ਪਈ ਜਾਂ ਆਈ 'ਸ਼ਾਇਰ' ਕਰੋਪੀ,
ਬੋਲੇ ਸੋ ਨਿਹਾਲ ਜੈਕਾਰਾ, ਸਿੰਘਾਂ ਗੱਜ ਬੁਲਾਇਆ।

## ਗ਼ਜ਼ਲ

ਜੇਕਰ ਤੂੰ ਖਿਲਵਾੜ ਕਰੇਂਗਾ ਕੁਦਰਤ ਨਾਲ।
ਫਿਰ ਤੇਰਾ ਹੋ ਜਾਣਾ ਹੈ ਹਾਲੋਂ - ਬੇਹਾਲ।

ਜੰਗਲ, ਜੀਵਾਂ ਦਾ ਧਰਤੀ 'ਤੇ ਰੱਖ ਧਿਆਨ,
ਹੋਂਦ ਇਨ੍ਹਾਂ ਦੀ ਬਿਨ ਤੇਰੀ ਨਾ ਗਲਣੀ ਦਾਲ।

ਪਾਣੀ,'ਵਾ, ਥਲ, ਅੰਬਰ ਨੇ ਕੁਦਰਤ ਦੀ ਦੇਣ,
ਹੋਰ ਅਮੁੱਲ ਖ਼ਜ਼ਾਨੇ ਵੀ ਨੇ ਵਿੱਚ ਪਤਾਲ।

ਰੁੱਖ ਲਗਾ ਤੂੰ ਅਪਣੇ ਵਿਹੜੇ ਨਾਲ਼ੇ ਖੇਤ,
ਪਾ ਰੇਹ ਪਾਣੀ ਕਰ ਉਹਨਾਂ ਦੀ ਖ਼ੂਬ ਸੰਭਾਲ।

ਜੇ ਤੂੰ ਯਾਦ ਬਣਾਉਣੀ ਅਪਣੀ ਅਜ਼ਲਾਂ ਤੀਕ,
ਰੁੱਖ ਜਨਮ ਦਿਨ ਅਪਣੇ 'ਤੇ ਤੂੰ ਲਾ ਹਰ ਸਾਲ।

ਰੱਖ ਬਣਾ ਕੇ ਬੈਲੈਂਸ ਇਨ੍ਹਾਂ ਨਾਲ ਸਰੀਰ,
ਜੋ ਬ੍ਰਹਿਮੰਡ 'ਚ ਵਸਦਾ ਨਾਲ਼ੇ ਵਿੱਚ ਪਤਾਲ।

'ਸ਼ਾਇਰ' ਹਵਾ, ਪਾਣੀ, ਮਿੱਟੀ, ਅਗਨੀ, ਆਕਾਸ਼,
ਜਿਸਮ ਪਦਾਰਥ ਇਹ ਤੇਰਾ ਨੇ ਸੂਖ਼ਮ ਮਾਲ।

# ਔਰਤਾਂ ਦੀ ਸਥਿਤੀ ਸੰਬੰਧੀ ਦਲੀਪ ਕੌਰ ਟਿਵਾਣਾ ਦੇ ਵਿਚਾਰਾਂ ਦਾ ਮੁਲਾਂਕਣ

ਹਰਪ੍ਰੀਤ ਕੌਰ ਕਾਹਲੋਂ, ਡਾ. ਰਮਨਦੀਪ ਕੌਰ

**ਮੁੱਖ-ਬੰਦ**

ਸਦੀਆਂ ਤੋਂ ਹੀ ਸਮਾਜ ਵਿੱਚ ਔਰਤ ਦੀ ਸਥਿਤੀ ਤਰਸਯੋਗ ਤੇ ਸ਼ੋਸ਼ਣਕਾਰੀ ਰਹੀ ਹੈ। ਲੰਮੇ ਸਮੇਂ ਤੋਂ ਹੀ ਔਰਤਾਂ ਨੂੰ ਗੁਲਾਮੀ ਸ਼ੋਸ਼ਣ ਅਸਮਾਨਤਾ ਆਦਿ ਬੁਰਾਈਆਂ ਦਾ ਸਾਹਮਣਾ ਕਰਨਾ ਪਿਆ ਹੈ। ਜਿਸ ਦਾ ਖੰਡਨ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਵੀ ਕੀਤਾ ਗਿਆ ਹੈ।

ਪੰਜਾਬੀ ਸਾਹਿਤ ਵਿੱਚ ਪ੍ਰਸਿੱਧ ਨਾਵਲਕਾਰ ਦਲੀਪ ਕੌਰ ਟਿਵਾਣਾ ਜੀ ਨੇ ਆਪਣੀ ਸੋਚ ਰਾਹੀਂ ਔਰਤਾਂ ਦੀ ਸਥਿਤੀ ਨੂੰ ਦਰਸਾਇਆ ਤਾਂ ਜਰੂਰ ਹੈ ਪ੍ਰੰਤੂ ਉਸਦੇ ਨਾਲ-ਨਾਲ ਔਰਤਾਂ ਦੀ ਸਥਿਤੀ ਨੂੰ ਸੁਧਾਰਨ ਲਈ ਅਗਾਂਹ ਵਧੂ ਵਿਚਾਰ ਵੀ ਪੇਸ਼ ਕੀਤੇ ਹਨ। ਟਿਵਾਣਾ ਦੇ ਵਿਚਾਰਾਂ ਰਾਹੀਂ ਸਮਾਜ ਵਿਚਲੇ ਔਰਤ ਜਾਤ ਨਾਲ ਹੋ ਰਹੇ ਵਰਤਾਰੇ ਨੂੰ ਸਪੱਸ਼ਟ ਰੂਪ ਵਿੱਚ ਦੇਖ ਸਕਦੇ ਹਾਂ। ਜਿਸ ਤੋ ਸਾਨੂੰ ਔਰਤ ਦੀ ਤਰਸਭਰੀ ਹਾਲਤ ਦਾ ਅਹਿਸਾਸ ਹੁੰਦਾ ਹੈ। ਟਿਵਾਣਾ ਨੇ ਆਪਣੇ ਵੱਖ ਵੱਖ ਨਾਵਲਾਂ ਵਿੱਚ ਔਰਤਾਂ ਤੇ ਮਰਦਾਂ ਦੇ ਵਿਸ਼ਿਆਂ ਨੂੰ ਛੋਹਿਆ ਹੈ ਜਿਸ ਵਿੱਚ ਮਰਦ ਦੀ ਪ੍ਰਧਾਨਤਾ ਦਾ ਪਤਾ ਲੱਗਦਾ ਹੈ। ਇਨ੍ਹਾਂ ਨਾਵਲਾਂ ਵਿੱਚ ਔਰਤਾਂ ਦਾ ਬਿੰਬ ਸਨਸਨੀਖੇਜ ਘਟਨਾਂਵਾਂ ਸਮੱਸਿਆਵਾਂ ਤੇ ਜਿਸਮਾਨੀ ਰਿਸ਼ਤਿਆਂ ਆਦਰਸ਼ ਮੁਖੀ ਦੀ ਥਾਂ ਸਮਾਜਿਕ ਪਰਿਪੇਖ ਵਿੱਚੋਂ ਉਭਰਦਾ ਹੈ। ਦਲੀਪ ਕੌਰ ਟਿਵਾਣਾ ਦੇ ਔਰਤ ਦੇ ਸਮਾਜਿਕ ਦ੍ਰਿਸ਼ਟੀਕੋਣ ਨੂੰ ਡਾ. ਧਨਵੰਤ ਕੌਰ ਦੁਆਰਾ ਉਹਨਾਂ ਦੀ ਕੀਤੀ ਇੰਟਰਵਿਊ ਵਿੱਚੋਂ ਬੜੇ ਸਪੱਸਟ ਰੂਪ ਨਾਲ ਦੇਖਿਆ ਜਾ ਸਕਦਾ ਹੈ ਸਮਾਂ ਭਾਂਵੇ ਕੋਈ ਵੀ ਹੋਵੇ ਕਿਸੇ ਔਰਤ ਨੂੰ ਇਨਸਾਨ ਨਹੀ ਸਮਝਿਆ ਜਾਂਦਾ ਇਹੀ ਉਸਦਾ ਦੁਖਾਂਤ ਹੈ। ਔਰਤ ਜਿੰਦਗੀ ਜਿਉਂਦੀ ਨਹੀਂ ਭੋਗਦੀ ਹੈ। ਉਸਦੀ ਆਪਣੀ ਕੋਈ ਹੈਸੀਅਤ ਨਹੀਂ, ਉਹ ਸਿਰਫ ਸਾਧਨ ਮਾਤਰ ਹੈ।1 ਸੋ ਸਪੱਸ਼ਟ ਹੈ ਕਿ ਦਲੀਪ ਕੌਰ ਟਿਵਾਣਾ ਸੰਪੂਰਣ ਹੱਡ ਮਾਸ ਦੇ ਬਣੇ ਮਨੁੱਖਾਂ/ਔਰਤਾਂ ਨੂੰ ਆਪਣੀ ਦ੍ਰਿਸ਼ਟੀ ਰਾਹੀਂ ਆਪਣੇ ਨਾਵਲਾਂ ਵਿੱਚ ਪੇਸ਼ ਕਰਦੀ ਹੈ, ਉਨ੍ਹਾਂ ਮਨੁੱਖਾਂ ਦਾ ਸਮਾਜਿਕ ਅਧਾਰ ਹੀ ਨਾਵਲਾਂ ਵਿੱਚ ਉਨ੍ਹਾਂ ਵਾਂਗ ਹੀ ਪੇਸ਼ ਹੋਣ ਕਰਕੇ, ਉਨ੍ਹਾਂ ਦਾ ਵਾਸਤਵਿਕ ਰੂਪ ਵਧੇਰੇ ਜਟਿੱਲ ਰੂਪ ਵਿੱਚ ਪੇਸ਼ ਹੁੰਦਾ ਹੈ।

ਮੁੱਖ ਸ਼ਬਦ: ਸਾਹਿਤ, ਔਰਤ, ਨਾਵਲ, ਯਥਾਰਥ, ਮਰਦ।

ਉਦੇਸ਼:-

1. ਦਲੀਪ ਕੌਰ ਟਿਵਾਣਾ ਦਾ ਪੰਜਾਬੀ ਸਾਹਿਤ ਵਿੱਚ ਯੋਗਦਾਨ।

2. ਟਿਵਾਣਾ ਜੀ ਦਾ ਸਮਾਜ ਵਿੱਚ ਔਰਤ ਦੀ ਸਥਿਤੀ ਪ੍ਰਤੀ ਵਿਚਾਰ ਜਾਣਨਾ।

3. ਦਲੀਪ ਕੌਰ ਟਿਵਾਣਾ ਵੱਲੋਂ ਔਰਤ ਦੀ ਸਥਿਤੀ ਸੁਧਾਰਨ ਸੰਬੰਧ ਵਿਚਾਰ ਜਾਣਨਾ।

ਦਲੀਪ ਕੌਰ ਟਿਵਾਣਾ ਇੱਕ ਪੰਜਾਬੀ ਦੀ ਪ੍ਰਸਿੱਧ ਨਾਵਲਕਾਰ ਹੈ। ਟਿਵਾਣਾ ਦਾ ਜਨਮ 4 ਮਈ 1935 ਨੂੰ ਲੁਧਿਆਣਾ ਦੇ ਇੱਕ ਛੋਟੇ ਜਿਹੇ ਪਿੰਡ ਵਿਖੇ ਹੋਇਆ। ਉਹਨਾਂ ਨੇ ਐੱਮ.ਏ. ਪਹਿਲੀ ਸ਼੍ਰੇਣੀ ਵਿੱਚ ਕੀਤੀ। ਉਹਨਾਂ ਦਾ ਪ੍ਰੰਪਰਾਵਾਦੀ ਪੰਜਾਬੀ ਸਾਹਿਤ ਵਿੱਚ ਅਣਮੁੱਲਾ ਯੋਗਦਾਨ ਹੈ। ਦਲੀਪ ਕੌਰ ਟਿਵਾਣਾ ਨੇ 27 ਨਾਵਲ (ਅਗਨੀ ਪ੍ਰੀਖਿਆ 1967, ਇਹੋ ਹਮਾਰਾ ਜੀਵਣਾ 1968 ਆਦਿ) ਕਈ ਛੋਟੀਆਂ ਕਹਾਣੀਆਂ (ਯਾਤਰਾ, ਇਕ ਕੁੜੀ) ਆਦਿ ਅਤੇ ਸਵੈਜੀਵਨੀ (ਨੰਗੇ ਪੈਰਾਂ ਦਾ ਸਫਰ) ਲਿਖੇ। ਉਨ੍ਹਾਂ ਨੇ ਸਾਹਿਤ ਨੂੰ ਅਣਮੁੱਲਾ ਯੋਗਦਾਨ ਦਿੱਤਾ ਹੈ। ਆਪ ਜੀ ਨੂੰ 1972 ਵਿੱਚ ਸਾਹਿਤ ਅਕਾਦਮੀ ਐਵਾਰਡ, 1980 ਵਿੱਚ ਨਾਨਕ ਸਿੰਘ ਐਵਾਰਡ, 1991 ਧਾਲੀਵਾਲ ਐਵਾਰਡ ਆਦਿ ਮਿਲੇ। ਦਲੀਪ ਕੌਰ ਟਿਵਾਣਾ ਪੰਜਾਬੀ ਔਰਤਾਂ ਵਿੱਚ ਪੀ.ਐਚ.ਡੀ ਪ੍ਰਾਪਤ ਕਰਨ ਵਾਲੀ ਪਹਿਲੀ ਔਰਤ ਹੈ।

ਉਹਨਾਂ ਨੇ ਆਪਣੀ ਇੱਕ ਇੰਟਰਵਿਊ ਵਿੱਚ ਕਿਹਾ ਹੈ ਕਿ, "ਮੈਂ ਔਰਤ ਹੋਣ ਕਰਕੇ ਅਨੇਕਾਂ ਸਮੱਸਿਆਵਾਂ ਦੇਖੀਆਂ ਹਨ। ਜਦ ਮੈਂ ਸਾਹਿਤ ਦੇ ਖੇਤਰ ਵਿੱਚ ਦਾਖਲਾ ਲਿਆ ਉਸ ਸਮੇਂ ਕੁਝ-ਕੁ ਔਰਤਾਂ ਸਾਹਿਤ ਦੇ ਖੇਤਰ ਵਿੱਚ ਸੀ ਫਿਰ ਵੀ ਮੈਨੂੰ ਇਹਨਾਂ ਵਿੱਚ ਚੰਗੇ ਮਾਰਗ ਦਰਸ਼ਕ ਮਿਲੇ"।2 ਸਮਾਜ ਵਿੱਚ ਕਿਸੇ ਵੀ ਰਿਸ਼ਤੇ ਦਾ ਤਾਣਾ-ਬਾਣਾ ਮਨੁੱਖੀ ਜ਼ਿੰਦਗੀ ਦਾ ਆਧਾਰ ਹੁੰਦਾ ਹੈ। ਸਮਾਜ ਦੇ ਸਾਰੇ ਰਿਸ਼ਤੇ ਮਨੁੱਖੀ ਅਸਤਿਤਵ ਨੂੰ ਅਲੱਗ-ਅਲੱਗ ਪ੍ਰਕਰਨਾ ਵਿੱਚ ਦੇਖਦੇ ਹਨ। ਅੱਜ ਦੇ ਯੁੱਗ ਵਿੱਚ ਜਿਵੇਂ-ਜਿਵੇਂ ਮਨੁੱਖ ਸਮਾਜਿਕ, ਆਰਥਿਕ ਅਤੇ ਸਭਿਆਚਾਰਿਕ ਤੌਰ ਤੇ ਵਿਕਾਸ ਕਰ ਰਿਹਾ ਹੈ ਓਵੇਂ-ਓਵੇਂ ਹੀ ਉਸਦੇ ਸਮਾਜਿਕ ਪ੍ਰਬੰਧ, ਰਿਸ਼ਤਿਆਂ ਅਤੇ ਸਮੁੱਚੀਆਂ ਵਿਹਾਰਿਕ ਪ੍ਰਕਿਰਿਆਵਾਂ ਵਿੱਚ ਵੀ ਵਿਕਾਸ ਹੁੰਦਾ ਹੈ। ਇਸੇ ਵਿਕਾਸ ਦੇ ਤਹਿਤ ਹੀ ਔਰਤ ਦਾ ਮਰਦ ਪ੍ਰਧਾਨ ਸਮਾਜ ਵਿੱਚ ਸਮਾਜਿਕ ਪ੍ਰਤੀਕਰਨ ਵੀ ਬਦਲਦਾ ਹੈ। ਜਦੋਂ ਕਿਸੇ ਇੱਕ ਸਮਾਜ ਦੇ ਸਮੁੱਚੇ ਰਿਸ਼ਤੇ ਸਾਹਿਤਕ ਵਿਧਾ/ਨਾਵਲ ਵਿੱਚ ਪੇਸ਼ ਹੁੰਦੇ ਹਨ ਤਾਂ ਅਨੇਕਾਂ ਅੰਤਰਮੁੱਖੀ ਪ੍ਰਤੀਕਿਰਿਆਂਵਾਂ ਇਨ੍ਹਾਂ ਰਿਸ਼ਤਿਆਂ ਦੀਆਂ ਸੰਰਚਨਾਵਾਂ ਵਿੱਚ ਦੇਖੀਆਂ ਜਾ ਸਕਦੀਆਂ ਹਨ। ਇਸੇ ਵਿਧਾ ਦੁਆਰਾ ਬਹੁਤ ਸਾਰੇ ਨਾਵਲਕਾਰਾਂ ਨੇ ਔਰਤ ਤੇ ਮਰਦਾ ਦੇ ਵਿਭਿੰਨ ਰਿਸ਼ਤਿਆਂ ਨੂੰ ਆਪਣੀ ਕਲਾਕਾਰੀ ਦੁਆਰਾ ਸਾਹਿਤ ਵਿੱਚ ਪੇਸ਼ ਕੀਤਾ ਹੈ। ਦਲੀਪ ਕੌਰ ਦੇ ਨਾਵਲਾਂ ਵਿੱਚ ਰਚਨਾਤਾਮਕ ਵਿਵੇਕ ਦੀ ਪੱਧਰ ਉਪਰ ਔਰਤ ਪੰਜਾਬੀ ਸਭਿਆਚਾਰ ਸਮਾਜ ਵਿੱਚ ਨਵੀਨ ਨਾਰੀਵਾਦੀ ਦ੍ਰਿਸ਼ਟੀਕੋਣ ਤੋ ਪੇਸ਼ ਹੁੰਦੀ ਹੈ। ਕਿਸੇ ਵੀ ਔਰਤ ਦੀ ਸਮਾਜਿਕਤਾ ਉਸਦੇ ਅਸਤਿਤਵ ਦੇ ਨਾਲ-ਨਾਲ ਸਮਾਜਿਕ ਵਰਤਾਰਿਆਂ ਨੂੰ

ਪ੍ਰਭਾਵਿਤ ਕਰਦੀ ਹੈ।ਦਲੀਪ ਕੌਰ ਟਿਵਾਣਾ ਦੇ ਨਾਵਲਾਂ ਵਿੱਚ ਇਹ ਪ੍ਰਭਾਵਿਕਤਾ ਬਹੁਤ ਪੱਧਰ ਤੇ ਦੇਖਣ ਨੂੰ ਮਿਲਦੀ ਹੈ।ਦਲੀਪ ਕੌਰ ਦੇ ਨਾਵਲਾਂ ਵਿੱਚ ਔਰਤ ਦੀ ਸਮਾਜਿਕ ਵਿਭਿੰਨ ਕੇਦਰਾਂ ਦਾ ਵਿਕੇਂਦਰੀਕਰਨ ਕਰਦੀ ਵਿਕਾਸ ਮੁਖੀ ਨਜ਼ਰ ਆਉਂਦੀ ਹੈ।ਦਲੀਪ ਕੌਰ ਟਿਵਾਣਾ ਦੇ ਇਸ ਪਰਿਪੇਖ ਬਾਰੇ ਟਿੱਪਣੀ ਕਰਦੀ ਹੋਈ ਧਨਵੰਤ ਕੌਰ ਕਹਿੰਦੀ ਹੈ ਕਿ ਉਸਦੇ ਰਚਨਾਤਮਕ ਪਸਾਰੇ ਵਿੱਚ ਉਸਦੀ ਸਾਹਿਤ ਸੰਵੇਦਨਾ ਜਿਸ ਕਥਾ ਨਾਇਕ ਨੂੰ ਸਿਰਜ ਰਹੀ ਹੈ ਉਹ ਇੱਕੋ ਵੇਲੇ ਉਸਦੀ ਯੁਗਾਂਤਰੀ ਚੇਤਨਾ ਤੇ ਔਰਤ ਦੀ ਸੰਵੇਦਨਾ ਬਦਲ ਰਹੀ ਹੈ।ਉਹ ਵਿਭਿੰਨ ਇਤਿਹਾਸਕ ਦਰਾਂ ਦੇ ਕੀਮਤ ਪ੍ਰਬੰਧ ਵਿੱਚ ਔਰਤ ਦੀ ਸਥਿਤੀ ਦਾ ਬਿੰਬ ਸਿਰਜਦੀ ਹੈ।ਇਸੇ ਤਰ੍ਹਾਂ ਦਲੀਪ ਕੌਰ ਟਿਵਾਣਾ ਦੇ ਨਾਵਲਾਂ ਵਿੱਚ ਪੰਜਾਬੀ ਔਰਤ ਦਾ ਪ੍ਰਮਾਣਿਕ ਤੇ ਪ੍ਰਤੀਨਿਧ ਸਮਾਜਿਕ ਰੂਪ ਦਿਖਾਈ ਦਿੰਦਾ ਹੈ। ਉਸਨੇ ਔਰਤ ਨੂੰ ਸ਼ਹਿਰੀ ਪੇਂਡੂ ਪੜੀ ਲਿਖੀ ਔਰਤ ਬਣਾ ਕੇ ਆਪਣੇ ਨਾਵਲਾਂ ਵਿੱਚ ਸਮਾਜਿਕ ਅਰਥਾਤ ਸਹੀ ਚਿਤਰਨ ਦਾ ਉਪਰਾਲਾ ਕੀਤਾ ਹੈ।ਟਿਵਾਣਾ ਨੇ ਆਪਣੇ ਨਾਵਲਾਂ ਵਿੱਚ ਔਰਤ ਦੀ ਸੰਵੇਦਨਸ਼ੀਲਤਾ ਸਮਰਪਣ ਤੇ ਜਜਬਾਤਾਂ ਨੂੰ ਪੰਜਾਬੀ ਸਮਾਜਿਕ ਸੰਰਚਨਾ ਤੇ ਅੰਤਰਗਤ ਆਪਣੇ ਨਾਵਲ ਦਾ ਵਿਸ਼ਾ ਬਣਾਇਆ ਹੈ।ਔਰਤ ਦਾ ਇਹ ਸਮਾਜਿਕ ਪ੍ਰਵਚਨ ਟਿਵਾਣਾ ਦੇ ਆਰਥਿਕ ਪਹਿਲੂਆਂ ਨਾਲ ਜੁੜਿਆ ਹੈ।

ਇਸ ਲਈ ਦਲੀਪ ਕੌਰ ਟਿਵਾਣਾ ਦੇ ਸਮਾਜਿਕ ਅਨੁਭਵ ਤੇ ਚੇਤਨਾ ਬਾਰੇ ਡਾ. ਹਰਿਭਜਨ ਸਿੰਘ ਟਿੰਪਣੀ ਕਰਦੇ ਹੋਏ ਦਿਖਦੇ ਹਨ ਕਿ, "ਤੈਨੂੰ ਪੜਨ ਵੇਲੇ ਇੱਕ ਆਸ ਜਾਗਦੀ ਹੈ ਕਿ ਤੂੰ ਦੂਜੀਆਂ ਇਸਤਰੀ ਨਾਵਲਕਾਰਾਂ ਵਾਂਗ ਨਾ ਸਤਹੀ ਰੋਮਾਨੀ ਹੈਂ, ਨਾ ਅਨੈਤਿਕਤਾ ਨੂੰ ਫੈਸ਼ਨੇਬਲ ਪ੍ਰਗਤੀ ਵਾਂਗ ਪੇਸ਼ ਕਰਨ ਵਿੱਚ ਮੋਹਰੀ ਹੈ ਤੇਰੀ ਲਿਖਤ ਸਮਾਜਿਕਤਾ ਵੱਲ ਰੁਚਿਤ ਪ੍ਰਤੀਤ ਹੁੰਦੀ ਹੈ"।3

ਟਿਵਾਣਾ ਦੇ ਔਰਤ ਦੇ ਸਮਾਜਿਕ ਦ੍ਰਿਸ਼ਟੀਕੋਣ ਨੂੰ ਡਾ. ਧਨਵੰਤ ਕੌਰ ਦੁਆਰਾ ਉਹਨਾਂ ਨਾਲ ਕੀਤੀ ਗਈ ਇੰਟਰਵਿਊ ਵਿੱਚ ਬੜੇ ਸਪੱਸ਼ਟ ਰੂਪ ਵਿੱਚ ਦੇਖਿਆ ਜਾ ਸਕਦਾ ਹੈ। ਉਹਨਾਂ ਦਾ ਕਹਿਣਾ ਹੈ ਕਿ "ਸਮਾਂ ਭਾਵੇਂ ਕੋਈ ਵੀ ਹੋਵੇ, ਸਮਾਜ ਭਾਵੇਂ ਕੋਈ ਵੀ ਹੋਵੇ ਕਿਸੇ ਔਰਤ ਨੂੰ ਇਨਸਾਨ ਨਹੀਂ ਸਮਝਿਆ ਜਾਂਦਾ ਇਹੀ ਉਸਦਾ ਦੁਖਾਂਤ ਹੈ। ਔਰਤ ਜਿੰਦਗੀ ਜਿਊਂਦੀ ਨਹੀਂ ਭੋਗਦੀ ਹੈ"।4 ਉਸਦੀ ਆਪਣੀ ਕੋਈ ਪਹਿਚਾਣ ਨਹੀਂ ਹੁੰਦੀ ਹਸਤੀ ਨਹੀਂ ਹੁੰਦੀ, ਉਹ ਸਾਧਨ ਮਾਤਰ ਹੈ। ਅਸੀਂ ਉਸ ਯੁੱਗ ਵਿੱਚ ਜਿਉਂ ਰਹੇ ਹਾਂ ਜਿਹੜਾ ਬ੍ਰਹਿਮੰਡ ਦੀ ਏਕਤਾ, ਰੱਬ, ਕੁਦਰਤ ਦੇ ਮਨੁੱਖ ਦੀ ਸਮੁੱਚਤਾ ਨੂੰ ਤੋੜਦਾ ਹੈ। ਮਨ-ਬਚਨ-ਕਰਮ ਵਿਚਲੀ ਇਕਸੁਰਤਾ ਨੂੰ ਭੰਗ ਕਰਦਾ ਹੈ। ਜਿਸ ਨੂੰ ਦੇਹ ਦੇ ਸੁੱਖਾਂ ਦੇ ਪਾਰ ਕੁਝ ਨਹੀਂ ਦਿਖਦਾ, ਕਿਸ ਯੁੱਗ ਦੇ ਮਨੁੱਖ ਦੇ ਸਾਹਮਣੇ ਨਵੇਂ ਤੋਂ ਅਗਾਹ ਕੋਈ ਆਦਰਸ਼ ਨਹੀ। ਜੋ ਭਵਿੱਖ ਦੀਆਂ ਸੰਭਾਵਨਾਵਾਂ ਜਗਾਣ ਦੀ ਥਾਂ ਮੁਲਾਂਕਣ ਵਾਲਾ ਹੈ।5

ਸੋ ਸਪੱਸ਼ਟ ਹੈ ਕਿ ਦਲੀਪ ਕੌਰ ਟਿਵਾਣਾ ਸੰਪੂਰਨ ਰੂਪ ਹੱਡ ਮਾਸ ਦੇ ਬਣੇ ਮਨੁੱਖ/ਔਰਤਾਂ ਨੂੰ ਆਪਣੀ ਦ੍ਰਿਸ਼ਟੀ ਰਾਹੀਂ ਆਪਣੇ ਨਾਵਲਾਂ ਵਿੱਚ ਪੇਸ਼ ਕਰਦੀ ਹੈ। ਉਹਨਾਂ ਮਨੁੱਖਾਂ ਦਾ ਸਮਾਜਿਕ ਯਥਾਰਥ ਹੀ ਨਾਵਲਾਂ ਵਿੱਚ ਉਹਨਾਂ ਵਾਂਗ ਹੀ ਪੇਸ਼ ਹੋਣ ਕਰਕੇ ਉਹਨਾਂ ਦਾ ਵਾਸਤਵਿਕ ਰੂਪ ਵਧੇਰੇ ਜਲਿਟ ਰੂਪ ਵਿੱਚ ਪੇਸ਼ ਹੁੰਦਾ ਹੈ।

'ਲੰਘ ਗਏ ਦਰਿਆ' ਨਾਵਲ ਵਿੱਚ ਦਲੀਪ ਕੌਰ ਟਿਵਾਣਾ ਨੇ ਮਨੁੱਖੀ ਕਦਰਾਂ ਤੇ ਔਰਤ ਦੀ ਜਾਗਰੀਦਾਰੀ ਪ੍ਰਬੰਧ ਦੀ ਚੱਲੀ ਆ ਰਹੀ ਸੋਚ ਨੂੰ ਆਧੁਨਿਕਤਾ ਦੇ ਪ੍ਰਸੰਗ ਵਿੱਚ ਪੇਸ਼ ਕੀਤਾ ਹੈ। ਇਹ ਨਾਵਲ ਪਟਿਆਲਾ ਦੀ ਰਿਆਸਤ ਦੇ ਇਤਿਹਾਸ ਨੂੰ ਬੜੇ ਭਾਵਪੂਰਕ ਢੰਗ ਨਾਲ ਬਿਆਨ ਕਰਦੀ ਹੈ। ਇਸ ਨਾਵਲ ਦੀ ਸੰਰਚਨਾ ਵਿੱਚ ਔਰਤ ਦੀ ਸਥਿਤੀ ਉਸ ਵਰਗ ਰਾਂਹੀ ਪੇਸ਼ ਕੀਤੀ ਹੈ। ਇਸ ਨਾਵਲ ਦੀ ਔਰਤ ਦੀ ਸਮਾਜਿਕ ਸਥਿਤੀ ਰਜਵਾੜਾਸ਼ਾਹੀ ਦੇ ਪ੍ਰਬੰਧ ਸਮਾਜ ਵਿੱਚ ਉਘੜ ਕੇ ਸਾਹਮਣੇ ਆਉਦੀਂ ਹੈ। ਇਹਨਾਂ ਉੱਚ-ਵਰਗ ਦੀਆਂ ਔਰਤਾਂ ਕੋਲ ਖਾਣ-ਪੀਣ ਤੇ ਪਹਿਨਣ ਦੀ ਤਾਂ ਅਮੀਰੀ ਸੀ ਪਰ ਆਪਣੇ ਅੰਦਰਲੇ ਸੱਖਣੇਪਣ ਕਾਰਨ ਉਹ ਅੱਤ ਦੀਆਂ ਗਰੀਬ ਸਨ। ਇਸ ਸਮੇਂ ਦੀ ਔਰਤ ਦਾ ਆਪਣਾ ਕੋਈ ਸਮਾਜਿਕ ਰੁਤਬਾ ਨਹੀਂ ਸੀ। ਇਸ ਸਥਿਤੀ ਨੂੰ ਗੁਰਬਖਸ਼ੀਸ਼ ਦੁਆਰਾ ਆਪਣੀ ਪਤਨੀ ਨੂੰ ਬੋਲੇ ਸ਼ਬਦਾਂ ਵਿੱਚੋ ਸਮਝਿਆ ਜਾ ਸਕਦਾ ਹੈ :-

"ਔਰਤ ਤਾਂ ਸਿਰਫ ਆਦਮੀ ਨੂੰ ਸਰਵ ਕਰਨ ਲਈ ਹੁੰਦੀ ਹੈ ਸਰਵ ਕਰਨ ਲਈ। ਸਮਝ ਗਈ ਮਨੂੰ ਤਾਂ ਔਰਤ ਨੂੰ ਪੈਰ ਦੀ ਜੁੱਤੀ ਆਖਦਾ ਹੈ"।6

ਭੋਲੀ ਦਾ ਪਿਤਾ ਗੁਰਬਖਸ਼ੀਸ਼ ਔਰਤ ਨੂੰ ਹਮੇਸ਼ਾ ਪੈਰ ਦੀ ਜੁੱਤੀ ਸਮਝਦਾ ਹੈ। ਇਸ ਲਈ ਉਹ ਇਹ ਬਰਦਾਸ਼ਤ ਨਹੀਂ ਕਰਦਾ ਕਿ ਉਸਦੀ ਬੇਟੀ ਉਸਦੀ ਸਮਾਜਿਕ ਵਿਵਸਥਾ , ਪਰਿਵਾਰ ਅਤੇ ਜਾਗੀਰਦਾਰੀ ਰੁਚੀਆਂ ਤੇ ਖਿਲਾਫ ਹੁੰਦੀ ਹੋਈ ਆਪਣੇ ਇੱਕ ਅੰਗਰੇਜ਼ੀ ਦੇ ਪ੍ਰੋਫੈਸਰ ਨਾਲ ਵਿਆਹ ਕਰਨ ਦੀ ਸੋਚਦੀ ਹੈ। ਇਸ ਗੱਲ ਕਾਰਨ ਉਸ ਦਾ ਪਿਤਾ ਭੋਲੀ ਨੂੰ ਗੋਲੀ ਤੱਕ ਮਾਰ ਦਿੰਦਾ ਹੈ ਪਰ ਗੋਲੀ ਮੌਢੇ 'ਚ ਲੱਗਣ ਕਾਰਨ ਭੋਲੀ ਬੱਚ ਜਾਂਦੀ ਹੈ। ਪਰ ਗੁਰਬਖਸ਼ੀਸ਼ ਇਹ ਸਥਿਤੀ ਸਹਿਣ ਨਾ ਕਰਦਾ ਹੋਇਆ ਖੁਦ ਨੂੰ ਸਿਰ ਵਿੱਚ ਗੋਲੀ ਮਾਰ ਕੇ ਮਰ ਜਾਂਦਾ ਹੈ। ਇਸ ਤਰ੍ਹਾਂ ਇਹ ਨਾਵਲ ਔਰਤ ਦੀ ਸਮਾਜਿਕ ਸਥਿਤੀ ਪ੍ਰਤੀ ਸੰਵਾਦ ਨਹੀ ਰਚਾਉਂਦਾ ਬਲਕਿ ਦੂਜੇ ਪਾਸੇ ਸਮੁੱਚੀ ਰਿਆਸਤ ਦੇ ਖਾਤਮੇ ਵੱਲ ਵੀ ਰਚਿਤ ਹੁੰਦੀ ਹੈ।

'ਕਥਾ ਕੁਕਨਸ ਦੀ' ਨਾਵਲ ਦਾ ਇਹ ਵਿਸ਼ਾ ਇੰਗਲੈਂਡ ਤੇ ਪੰਜਾਬੀ ਦੋਹਾਂ ਸੱਭਿਆਚਾਰਾਂ ਦੀਆਂ ਕੀਮਤਾਂ , ਔਰਤ ਦੀ ਸਮਾਜਿਕ ਸਥਿਤੀ ਅਤੇ ਰਿਸ਼ਤਿਆਂ ਦੇ ਵਿਘਟਨ/ ਅਕਾਖਿਆਵਾਂ ਉੱਪਰ ਉਸਰਿਆ ਹੋਇਆ ਹੈ। ਇਸ ਨਾਵਲ ਦਾ ਨਾਇਕ ਨਿਰਮਲ ਔਰਤ ਦੀ ਸਮਾਜਿਕ ਸਥਿਤੀ ਇੰਗਲੈਂਡ

ਤੇ ਭਾਰਤ / ਪੰਜਾਬ ਦਾ ਬਿਆਨ ਔਰਤ ਦੇ ਸਹਿਜ ਵਸਤੂਕਰਨ ਦੇ ਰੂਪ ਵਿੱਚ ਕਰਦਾ ਹੈ :-

"ਜੋ ਚੀਜ ਬੰਦੇ ਨੂੰ ਪ੍ਰਾਪਤ ਹੁੰਦੀ ਹੈ ਉਹ ਘੱਟ ਚੰਗੀ ਕਿਉਂ ਲੱਗਣ ਲੱਗ ਜਾਂਦੀ ਹੈ। ਚੀਜਾਂ ਦੀ ਗੱਲ ਤਾਂ ਇੱਕ ਪਾਸੇ ਲੋਕਾਂ ਦਾ ਵਹੁਟੀਆਂ ਤੱਕ ਦੇ ਮਾਮਲੇ ਵਿੱਚ ਇਹ ਗੱਲ ਹੈ। ਜਿਸ ਨੇ ਮੇਰੇ ਨਾਲ ਵਿਆਹ ਕਰਵਾ ਲਿਆ ਉਹ ਆਖੇਗਾ ਇਸ ਨਾਲੋਂ ਤਾਂ ਦੇਸੀ ਕੁੜੀ ਚੰਗੀ ਹੋਣੀ ਸੀ ਤੇ ਜਿਸਦਾ ਦੇਸੀ ਕੁੜੀ ਨਾਲ ਵਿਆਹ ਹੋਇਆ ਉਹ ਆਖੇਗਾ ਇਸ ਨਾਲੋ ਤਾਂ ਮੇਮ ਚੰਗੀ ਹੁੰਦੀ"।7

ਇਸ ਤਰ੍ਹਾਂ ਅੱਜ ਦੇ ਆਧੁਨਿਕ ਪੂੰਜੀਵਾਦੀ ਸਮੇਂ ਔਰਤ ਨੂੰ ਇੱਕ ਵਸਤੂ ਬਣਾ ਕੇ ਰੱਖ ਦਿੱਤਾ ਹੈ। ਉਸਦੇ ਜਿਊਣ ਦਾ ਢੰਗ ਹੋਂਦ ਤੇ ਪਛਾਣ ਨੂੰ ਵਸਤੂਕਰਨ ਦੇ ਰੂਪ ਵਿੱਚ ਦੇਖਿਆ ਜਾ ਰਿਹਾ ਹੈ। ਇਸ ਸਮੁੱਚੇ ਵਰਤਾਰੇ ਵਿੱਚ ਔਰਤ ਹੀ ਪ੍ਰਭਾਵਿਤ ਹੋ ਰਹੀ ਹੈ। ਪੰਜਾਬੀ ਸਮਾਜ ਵਿੱਚ ਔਰਤ ਦੇ ਰਿਸ਼ਤੇ ਉਸਦਾ ਪਤੀ ਤੈਅ ਕਰਦਾ ਹੈ। ਇਹ ਸਮੁੱਚੀ ਰਿਸ਼ਤਾ ਪ੍ਰਣਾਲੀ ਦਾ ਪਿਛੋਕੜ ਇਸ ਸਮਾਜ ਦੀਆਂ ਸਮਾਜਿਕ ਸਥਿਤੀਆਂ ਤੇ ਪਰੰਪਰਾਵਾਂ ਵਿੱਚ ਪੈਦਾ ਹੋਇਆ ਹੈ। ਨਵੇਂ ਪੂੰਜੀ ਵਾਦੀ ਦੌਰ ਵਿੱਚ ਬਦਲਦੀਆਂ ਕੀਮਤਾਂ ਨੇ ਇਹਨਾਂ ਰਿਸ਼ਤਿਆਂ ਨੂੰ ਬਹੁਤ ਤਬਦੀਲ ਕੀਤਾ ਹੈ।

'ਦੁਨੀ ਸੁਹਾਣਾ ਬਾਗੁ' ਵਿੱਚ ਬੇਜੀ ਦੇ ਇਹ ਸ਼ਬਦ ਪੰਜਾਬੀ ਔਰਤ ਦੀ ਬੁਢਾਪੇ ਵਿੱਚ ਹੁੰਦੀ ਦੁਰਗਤ ਨੂੰ ਪੇਸ਼ ਕਰਦੇ ਹਨ :-

"ਉਦੋਂ ਨੀ ਨਾ ਬੰਦਾ ਸੋਚਦਾ, ਹੁਣ ਜੀਤ ਦੀ ਮਾਂ ਨੂੰ ਆਦਮੀ ਮਰੇ ਤੋਂ ਕਿੰਨੀ ਦੋਜਕੀ ਜੀਤ ਨੂੰ ਪਾਲਿਆ ਸੀ, ਬਹੂ ਅਜਿਹੀ ਗਏ ਖਰਣੇ ਦੀ ਆਈ ਐ, ਮਾਂ ਨਾਲ ਗੱਲ ਵੀ ਕਰਨ ਨਹੀਂ ਦਿੰਦੀ ਅਖੇ ਇਹ ਮੇਰੇ ਉਲਟ ਸਿਖਾ ਦਿੰਦੀ ਹੈ ਬਈ ਫਿਟੇਮੂੰਹ ਥੋਡੀ ਅਕਲ ਦੇ, ਕੋਈ ਮਾਂ ਵੀ ਪੁੱਤ ਦਾ ਘਰ ਖਰਾਬ ਕਰੂਗੀ। ਅਸਲ ਵਿੱਚ ਬੁੜ੍ਹੇ-ਬੁੜ੍ਹੀਆਂ ਬੁਰੇ ਲੱਗਣ ਲੱਗ ਪੈਂਦੇ ਹਨ ਬਾਕੀ ਤਾਂ ਬਹਾਨੇ ਹਨ"।8

ਇਸ ਤਰਾਂ ਪੰਜਾਬੀ ਸਮਾਜ ਵਿੱਚ ਆਈ ਤਬਦੀਲੀ ਰਿਸ਼ਤਿਆਂ ਦੇ ਵਿਘਟਨ ਦੀ ਸੂਚਕ ਹੈ। ਇਹ ਵਿਘਟਨ ਪੰਜਾਬੀ ਔਰਤ ਦੀ ਸਮਾਜਿਕ ਸਥਿਤੀ ਦੀ ਨਿਸ਼ਾਨਦੇਰੀ ਨਹੀਂ ਕਰਦਾ ਸਗੋਂ ਸਮੁੱਚੇ ਸੰਸਾਰ ਵਿੱਚ ਇਸ ਤਰ੍ਹਾਂ ਦੇ ਰੁਝਾਨ ਨੇ ਬੱਲ ਪਕੜਿਆ ਹੋਇਆ ਹੈ। ਇਸ ਦਾ ਸਭ ਤੋਂ ਵੱਡਾ ਕਾਰਨ ਸੰਯਕੁਤ ਪਰਿਵਾਰ ਦੀ ਵਿਵਸਥਾ ਟੁੱਟਣਾ ਹੈ ਜਿਸ ਨਾਲ ਬਜੁਰਗਾਂ ਨੂੰ ਕੋਈ ਵੀ ਆਪਣੇ ਕੋਲ ਨਹੀਂ ਰੱਖਣਾ ਚਾਹੁੰਦਾ ।

ਇਸ ਪ੍ਰਕਾਰ ਔਰਤ ਦੀ ਬੇਵਸੀ ਉਸਦੀ ਪਰੰਪਰਿਕ ਮਜਬੂਰੀਆਂ ਉਸ ਨੂੰ ਇਸ ਰਾਹ ਤੇ ਤੋਰਦੀਆਂ ਹਨ। ਉਸਦਾ ਮੁੱਲ ਮਰਦ ਪ੍ਰਧਾਨ ਸਮਾਜ ਵਸਤੂ ਬਰਾਬਰ ਪਾਉਂਦਾ ਹੈ। ਦਲੀਪ ਕੌਰ ਟਿਵਾਣਾ ਦਾ ਇਹ ਦ੍ਰਿਸ਼ਟੀਕੋਣ ਔਰਤ ਦੇ ਸਮੁੱਚੇ ਸਮਾਜਿਕ ਪਹਿਲੂਆਂ ਦੀ ਬੇ ਵਸੀ ਵਿੱਚੋ ਪ੍ਰਗਟ ਹੋਏ ਪ੍ਰਤੀਕਰਮ ਨੂੰ ਪ੍ਰਗਟ ਕਰਦਾ ਹੈ ਕਿਉਂਕਿ ਕੋਈ ਵੀ ਔਰਤ ਆਪਣੇ ਮਰਦ ਨਾਲ ਕਿਸੇ ਔਰਤ ਨੂੰ ਜਰ ਨਹੀ ਸਕਦੀ ਅਤੇ ਔਰਤ ਇਸ ਵਿਵਾਦ ਵਿਰੁੱਧ ਆਪਣਾ ਖਾਤਮਾ ਤਾਂ ਕਰ ਸਕਦੀ ਹੈ ਲੇਕਿਨ ਕਈ ਸਥਿਤੀਆਂ ਵਿੱਚ ਉਹ ਹਮੇਸ਼ਾ ਲਾਚਾਰ ਹੀ ਨਜ਼ਰ ਆਉਂਦੀ ਹੈ।

ਇਸ ਤਰਾਂ ਅਸੀ ਦੇਖਦੇ ਹਾਂ ਕਿ ਦਲੀਪ ਕੌਰ ਟਿਵਾਣਾ ਦੇ ਨਾਵਲਾਂ ਵਿੱਚ ਔਰਤ ਦੀ ਸਮਾਜਿਕ ਸਥਿਤੀ ਦੇ ਅਨੇਕਾਂ ਪਹਿਲੂ ਪੰਜਾਬੀ ਵਿਵਸਥਾ ਦੇ ਅੰਤਰਗਤ ਵੀ ਪੇਸ਼ ਹੁੰਦੇ ਹਨ ਅਤੇ ਆਧੁਨਿਕ ਪੂੰਜੀਵਾਦੀ ਬਦਲ ਰਹੀਆਂ ਕੀਮਤਾਂ ਦੇ ਤਹਿਤ ਵੀ। ਇਸ ਸਮੁੱਚੀ ਪ੍ਰਸਥਿਤੀ ਵਿੱਚ ਔਰਤ ਦੀਆਂ ਅਕਾਖਿਆਂਵਾਂ ਅਤੇ ਲੋੜਾਂ ਵੀ ਬਦਲੀਆਂ ਹਨ। ਟਿਵਾਣਾ ਨੇ ਔਰਤ ਦੀ ਪੰਜਾਬੀ ਸਮਾਜ ਵਿੱਚਲੀ ਸਥਿਤੀ ਅਰਥਾਤ ਸਮਾਜਿਕਤਾ ਨੂੰ ਵਿਭਿੰਨ ਪਹਿਲੂਆਂ ਰਾਹੀਂ ਨਿਮੂਰਤ ਕੀਤਾ ਹੈ।

**ਹਵਾਲੇ ਅਤੇ ਟਿੱਪਣੀ**


1. ਟਿਵਾਣਾ ਦਲੀਪ 'Such is her late Jai Ratan, Patiala, Punjabi University Press, 1980 Print.

2. Tanda Amarjit Singh, "Dr. Dalip Kaur Tiwana-A Leader of Punjabi Novel" 17 May 2008

3. ਧਨਵੰਤ ਕੌਰ (ਸੰਪਾ) ਗਲਪਕਾਰ ਡਾ. ਦਲੀਪ ਕੌਰ ਟਿਵਾਣਾ ਦੀ ਗਲਪ ਚੇਤਨਾ, ਪੰਨਾ:78

4. ਡਾ. ਜਸਪਾਲ ਕੌਰ ਕਾਂਗ, ਪੰਜਾਬੀ ਨਾਵਲ ਦਾ ਗਲਪ ਸ਼ਾਸ਼ਤਰ ਪੰਨਾ:89

5. ਸਵਰਨ ਚੰਦਨ(ਸੰਪਾ) ਪ੍ਰਵਚਨ ਪੰਨਾ. 7

6. ਦਲੀਪ ਕੌਰ ਟਿਵਾਣਾ,ਲੰਘ ਗਏ ਦਰਿਆ, ਪੰਨਾ:69

7. ਦਲੀਪ ਕੌਰ ਟਿਵਾਣਾ, ਕਥਾ ਕੁਕਸਨ ਦੀ ਪੰਨਾ:12

8. ਦਲੀਪ ਕੌਰ ਟਿਵਾਣਾ, ਦੁਨੀ ਸੁਹਾਵਾ ਬਾਗ, ਪੰਨਾ:42



**ਹਰਪ੍ਰੀਤ ਕੌਰ ਕਾਹਲੋਂ,(ਖੋਜਾਰਥਣ) ਪੰਜਾਬੀ ਵਿਭਾਗ**
**ਆਰ.ਆਈ.ਐਮ.ਟੀ. ਯੂਨੀਵਰਸਿਟੀ**
**ਮੰਡੀ ਗੋਬਿੰਦਗੜ੍ਹ, (ਪੰਜਾਬ)**
**ਡਾ. ਰਮਨਦੀਪ ਕੌਰ, ਅਸਿਸਟੈਂਟ ਪ੍ਰੋਫੈਸਰ**
**ਪੰਜਾਬੀ ਵਿਭਾਗ,**
**ਆਰ.ਆਈ.ਐਮ.ਟੀ. ਯੂਨੀਵਰਸਿਟੀ**
**ਮੰਡੀ ਗੋਬਿੰਦਗੜ੍ਹ, (ਪੰਜਾਬ)**

## 'ਦਿਨ ਕਾਲਜ ਦੇ' ਇਕ ਰੁਮਾਂਟਿਕ ਬਿਰਤਾਂਤ / ਡਾ.ਰੁਪਿੰਦਰ ਕੌਰ

ਸਾਹਿਤ ਕਿਸੇ ਸਮਾਜ ਦੇ ਕੁੱਲ ਹਾਲਾਤਾਂ ਦਾ, ਪ੍ਰਸਥਿਤੀਆਂ ਦਾ ਪ੍ਰਤੀਕਰਮ ਰੂਪ ਹੁੰਦਾ ਹੈ। ਜਿਸ ਤਰ੍ਹਾਂ ਨਾਵਲ ਸਮਾਜ ਦੇ ਇਕ ਖਾਸ ਇਤਿਹਾਸਕ ਪੜਾਅ 'ਤੇ ਪੈਦਾ ਹੋਈਆਂ ਸਮਾਜਿਕ, ਆਰਥਿਕ, ਰਾਜਨੀਤਕ ਪ੍ਰਸਥਿਤੀਆਂ ਦੇ ਪ੍ਰਤੀਕਰਮ ਵਜੋਂ ਆਪਣੀ ਵਿਸ਼ਾਗਤ ਅਤੇ ਵਿਧਾਗਤ ਹੋਂਦ ਅਖਤਿਆਰ ਕਰਦਾ ਹੈ, ਉਸੇ ਤਰ੍ਹਾਂ ਜਦੋਂ ਕੋਈ ਭਾਸ਼ਾ ਆਪਣੀ ਸਾਹਿਤਕ ਵਿਕਾਸ ਯਾਤਰਾ ਦੌਰਾਨ ਇਕ ਖਾਸ ਪੜਾਅ 'ਤੇ ਪਹੁੰਚਦੀ ਹੈ, ਜਿੱਥੇ ਉਹ ਸਿਰਫ਼ ਭਾਵਾਂ ਦਾ ਕਾਲਪਨਿਕ ਪ੍ਰਗਟਾਅ ਨਾ ਕਰਕੇ ਬੌਧਿਕਤਾ ਅਤੇ ਤਰਕ ਰਾਹੀਂ ਵਿਚਾਰਾਂ ਅਤੇ ਭਾਵਾਂ ਦੇ ਪ੍ਰਗਟਾਅ ਦੀ ਲਖਾਇਕ ਬਣਦੀ ਹੈ, ਉਸ ਪੜਾਅ 'ਤੇ ਸਾਹਿਤ 'ਚ ਵਾਰਤਕ ਰਚਨਾ ਆਪਣੀ ਹੋਂਦ ਗ੍ਰਹਿਣ ਕਰਦੀ ਹੈ। ਪੰਜਾਬੀ ਵਾਰਤਕ 'ਚ ਜਿੱਥੇ ਪੁਰਾਤਨ ਸਮੇਂ 'ਚ ਰਚਿਤ ਜਨਮ-ਸਾਖੀਆਂ, ਟੀਕੇ, ਪਰਮਾਰਥ ਆਦਿ ਪੰਜਾਬੀ ਵਾਰਤਕ ਦੀ ਅਮੀਰੀ ਦਾ ਸਬੂਤ ਦਿੰਦੇ ਹਨ, ਉਥੇ ਆਧੁਨਿਕ ਸਮੇਂ 'ਚ ਜੀਵਨੀ, ਸਵੈ-ਜੀਵਨੀ, ਸਫ਼ਰਨਾਮਾ ਆਦਿ ਰਾਹੀਂ ਪੰਜਾਬੀ ਸਾਹਿਤ ਪ੍ਰਫੁੱਲਤ ਹੋਇਆ ਹੈ। ਪੰਜਾਬੀ ਵਾਰਤਕ ਵਿਧਾ ਅਧੀਨ ਕੁਝ ਹੋਰ ਨਵੇਂ ਸਾਹਿਤ ਰੂਪ ਆਪਣੇ ਵਿਕਾਸ ਦੇ ਮੁਢਲੇ ਪੜਾਅ 'ਤੇ ਹਨ। ਜਿਨ੍ਹਾਂ 'ਚੋਂ 'ਯਾਦਾਂ' ਸਾਹਿਤ ਰੂਪ ਮਹੱਤਵ ਗ੍ਰਹਿਣ ਕਰ ਰਿਹਾ ਹੈ। 'ਯਾਦਾਂ' ਸਾਹਿਤ ਰੂਪ ਅਧੀਨ ਲੇਖਕ ਅਮਨਦੀਪ ਜੈਦਕਾ ਦੀ ਪੁਸਤਕ 'ਦਿਨ ਕਾਲਜ ਦੇ' ਨੇ ਧਿਆਨ ਖਿਚਿਆ ਹੈ।

ਅਮਨਦੀਪ ਜੈਦਕਾ ਜ਼ਿਲ੍ਹਾ ਮੁਕਤਸਰ ਦੇ ਪਿੰਡ ਗੂੜ੍ਹਸੰਗਰ ਦਾ ਜੰਮਪਲ ਹੈ। ਲੰਮਾ ਸਮਾ ਪਹਿਲਾਂ ਆਪਣੀ ਐਮ ਏ 'ਪੰਜਾਬੀ' ਤੱਕ ਦੀ ਵਿਦਿਆ ਹਾਸਿਲ ਕਰਨ ਮਗਰੋਂ ਪਰਦੇਸ ਜਾ ਵਸਿਆ ਸੀ। ਪੁਸਤਕ 'ਦਿਨ ਕਾਲਜ ਦੇ' ਲੇਖਕ ਦੀ ਪਲੇਠੀ ਪੁਸਤਕ ਹੈ, ਜਿਸ 'ਚ ਉਸ ਨੇ ਆਪਣੇ ਕਾਲਜ ਦੇ ਦਿਨਾਂ ਦੌਰਾਨ ਹੋਏ ਅਨੁਭਵਾਂ ਨੂੰ ਆਪਣੀ ਸਿਮ੍ਰਤੀ 'ਚੋਂ ਕੱਢ ਕੇ ਯਾਦਾਂ ਦੇ ਰੂਪ 'ਚ ਪਾਠਕ ਨਾਲ ਸਾਂਝਾ ਕੀਤਾ ਹੈ। ਲੇਖਕ ਪੁਸਤਕ ਦੀ ਪਹਿਲੀ ਸਤਰ ਵਿਚ ਹੀ ਇਸ ਦੇ ਯਾਦਾਂ ਹੋਣ ਬਾਰੇ ਐਲਾਨ ਕਰ ਦਿੰਦਾ ਹੈ, "ਕਾਲਜ ਦੇ ਦਿਨ ਮਨੁੱਖੀ ਦਿਲ ਅੰਦਰ ਖੱਟੀਆਂ-ਮਿੱਠੀਆਂ ਯਾਦਾਂ ਛੱਡ ਜਾਂਦੇ ਹਨ।"1 ਲੇਖਕ ਨੇ ਕਾਲਜ ਦੇ ਸ਼ੁਰੂ ਦੇ ਦਿਨ ਤੋਂ ਲੈ ਕੇ, ਹੋਸਟਲ ਲਾਈਫ, ਬੱਸਾਂ ਦੇ ਧੱਕਿਆਂ, ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਆਪਸੀ ਸਬੰਧਾਂ ਦੇ ਉਸਰਣ ਤੇ ਤਿੜਕੜ ਨੂੰ ਹੂਬਹੂ ਬਿਆਨ ਕੀਤਾ ਹੈ। ਪੁਸਤਕ ਦੇ ਮੁੱਢ ਤੋਂ ਹੀ ਲੇਖਕ 'ਮੈਂ ਰਾਹੀਂ ਸਿੱਧਾ' ਪਾਠਕ ਨੂੰ ਸੰਬੋਧਿਤ ਹੁੰਦਾ ਹੈ। ਆਪਣੇ ਅਨੁਭਵ, ਅਹਿਸਾਸ ਸਾਂਝੇ ਕਰਦਾ ਹੈ। ਖ਼ੂਬਸੂਰਤੀ ਹੈ ਕਿ ਲੇਖਕ ਜਿੰਨਾ ਮਹਿਸੂਸ ਕਰਦਾ ਹੈ ਓਨਾ ਹੀ ਬਿਆਨਦਾ ਹੈ। ਲੇਖਕ ਪੂਰੀ ਕਿਤਾਬ 'ਚ ਇਕ ਵਿਦਿਆਰਥੀ ਦੇ ਪੱਧਰ 'ਤੇ ਵਿਚਰਦਾ ਹੈ ਅਤੇ ਉਹ ਅਹਿਸਾਸ ਅਤੇ ਅਨੁਭਵ ਹੀ ਸਾਂਝੇ ਕਰਦਾ ਹੈ, ਜੋ ਇਕ ਵਿਦਿਆਰਥੀ ਹੀ ਮਹਿਸੂਸ ਕਰ ਸਕਦਾ ਹੈ, ਇਕ ਵਿਦਵਾਨ ਸ਼ਾਇਦ ਨਹੀਂ।

'ਦਿਨ ਕਾਲਜ ਦੇ' ਪੁਸਤਕ ਵਿਚਲੀਆਂ ਸਾਰੀਆਂ ਹੀ ਘਟਨਾਵਾਂ ਦਾ ਕੇਂਦਰੀ ਧੁਰਾ ਪੁਸਤਕ ਵਿਚਲੀ 'ਮੈਂ' ਭਾਵ ਲੇਖਕ ਖ਼ੁਦ ਹੈ। ਲੇਖਕ ਦੀ ਸ਼ਖ਼ਸੀਅਤ ਇਕ ਜਗਿਆਸੂ ਵਿਦਿਆਰਥੀ ਦੇ ਤੌਰ 'ਤੇ ਉਭਰਦੀ ਹੈ, ਜੋ ਸਾਰੀਆਂ ਘਟਨਾਵਾਂ, ਪ੍ਰਸਥਿਤੀਆਂ ਦਾ ਸਿੱਧਾ ਅਤੇ ਬਣਦਾ ਪ੍ਰਭਾਵ ਕਬੂਲਦਾ ਹੈ। ਪ੍ਰਸਥਿਤੀਆਂ ਬਾਰੇ ਲੇਖਕ ਦੇ ਪ੍ਰਤੀਕਰਮ ਦੀ ਸੁਰ ਵੀ ਉਭਰਦੀ ਨਜ਼ਰ ਆਉਂਦੀ ਹੈ। ਖ਼ੂਬਸੂਰਤੀ ਹੈ ਕਿ ਇਹ ਪ੍ਰਤੀਕਰਮ ਨਿੱਜੀ ਨਾ ਰਹਿ ਕੇ ਸਾਰੇ ਵਿਦਿਆਰਥੀ ਵਰਗ ਦਾ ਸਾਂਝਾ ਜਾਪਦਾ ਹੈ। ਇਸ ਸਬੰਧੀ ਅਸੀਂ ਪੁਸਤਕ ਦੇ ਅਰੰਭ ਵਿਚ 'ਦੋ ਸ਼ਬਦ' 'ਤੇ ਝਾਤੀ ਮਾਰ ਸਕਦੇ ਹਾਂ। "ਕਾਲਜ ਆਪਣੇ ਆਲੇ-ਦੁਆਲੇ ਤੇ ਅੰਤਰਰਾਸ਼ਟਰੀ ਦ੍ਰਿਸ਼ 'ਚ ਵਾਪਰ ਰਹੀਆਂ ਘਟਨਾਵਾਂ ਨੂੰ ਕਿਹੋ ਜਿਹਾ ਹੁੰਗਾਰਾ ਦਿੰਦਾ ਹੈ, ਇਸ ਦਾ ਬੜਾ ਠੋਸ ਬਿੰਬ ਇਸ ਰਚਨਾ ਦਾ ਹਾਸਿਲ ਹੈ। ਅਜੋਕੇ ਕਾਲਜ-ਵਿਦਿਆਰਥੀ ਵਰਗ ਦੇ ਜੀਵਨ ਪ੍ਰਤੀ ਹੁੰਗਾਰੇ ਦਾ ਇਕ ਪੱਖ ਜੋ ਅਜੋਕੀ ਪਾਪੂਲਰ ਗੀਤਕਾਰੀ 'ਚ ਮਿਲਦਾ ਹੈ ਤਾਂ ਉਸ ਦਾ ਇਕ ਹੋਰ ਤੇ ਕੁਝ ਵਧੇਰੇ ਗੰਭੀਰ ਪੱਖ ਇਸ ਰਚਨਾ 'ਚ ਉਪਲਬਧ ਹੈ।"2

ਇਕ ਹੋਰ ਪ੍ਰਸੰਸਾ ਕਰਨਯੋਗ ਗੱਲ ਇਹ ਹੈ ਕਿ ਸਾਰੀ ਪੁਸਤਕ 'ਚ ਲੇਖਕ 'ਮੈਂ' ਕੇਂਦਰ 'ਚ ਹੈ। ਸਾਰੀਆਂ ਘਟਨਾਵਾਂ ਲੇਖਕ ਦੁਆਲੇ ਘੁੰਮਦੀਆਂ ਹਨ, ਪਰ ਕਿਤਾਬ 'ਚ ਕਿਤੇ ਵੀ ਲੇਖਕ ਨੇ ਆਪਣੀ 'ਮੈਂ' ਨੂੰ ਨਾਇਕਤਵ 'ਚ ਤਬਦੀਲ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਕਿਤਾਬ ਜੀਵਨ ਤਜਰਬਿਆਂ ਦਾ ਸਿੱਧ-ਪੱਧਰਾ ਬਿਆਨ ਰੂਪ ਹੈ। ਭਾਵੇਂ ਲੇਖਕ ਨੇ ਪੁਸਤਕ 'ਚ ਆਪਣੇ ਕਾਲਜ ਦੇ ਦਿਨਾਂ ਦੌਰਾਨ ਪੇਸ਼ ਮਸਲਿਆਂ, ਘਟਨਾਵਾਂ, ਪ੍ਰਸਥਿਤੀਆਂ ਨੂੰ ਬਿਆਨਦਿਆਂ ਹੁੰਗਾਰੇ ਦੀ ਸੁਰ ਪੇਸ਼ ਕੀਤੀ ਹੈ, ਪਰ ਕਿਤੇ ਵੀ ਲੇਖਕ ਕੋਈ ਬੱਝਵਾਂ ਦਾਰਸ਼ਨਿਕ ਜਾਂ ਵਿਚਾਰਧਾਰਕ ਪ੍ਰਭਾਵ ਸਿਰਜਣ 'ਚ ਅਸਫਲ ਹੋਇਆ ਜਾਪਦਾ ਹੈ। ਬੇਸ਼ੱਕ ਵਿਧਾਗਤ ਅਤੇ ਵਸਤੂਗਤ ਦ੍ਰਿਸ਼ਟੀ ਤੋਂ ਪੁਸਤਕ 'ਚ ਬਹੁਤ ਊਣਤਾਈਆਂ ਰਹਿ ਗਈਆਂ ਹੋਣ, ਪਰ ਲੇਖਕ ਦੀ ਪਲੇਠੀ ਰਚਨਾ ਹੋਣ ਕਾਰਨ ਅਸੀਂ ਸਮਝ ਸਕਦੇ ਹਾਂ ਕਿ ਲੇਖਕ ਹਾਲੇ ਕਰਾਫਟਮੈਨਸ਼ਿਪ ਅਤੇ ਦਰਸ਼ਨ ਦੇ ਪੱਧਰ 'ਤੇ ਮੁੱਢਲੇ ਪੜਾਅ 'ਤੇ ਪੈਰ ਰੱਖ ਰਿਹਾ ਹੈ। ਉਸ ਦੀ ਇਹ ਕੋਸ਼ਿਸ਼ ਸ਼ਲਾਘਾਯੋਗ ਹੈ। ਕਿਤਾਬ ਦੀ ਭੁਮਿਕਾ ਵਿਚ ਲਿਖਿਆ ਹੈ ਕਿ, "ਸਾਧਾਰਨ ਮਨੁੱਖ ਦੀ ਜ਼ਿੰਦਗੀ ਦੀ ਤਸਵੀਰ ਹੈ। ਭਾਵੇਂ ਉਸਦੇ ਇਹ ਲੇਖ ਬਹੁਤ ਢੂੰਗੀ ਦਾਰਸ਼ਨਕਿਤਾ ਨੂੰ ਨਹੀ ਬਿਆਨ ਕਰਦੇ ਪਰ ਜਵਿਨ ਦੀ ਝਾਤ ਪਾਉਂਦੇ ਨੇ..."3

ਇਸ ਪੁਸਤਕ ਦੀ ਭੁਮਿਕਾ ਵਿਚ ਡਾ.ਕੁਲਜੀਤ ਕਪੂਰ ਦੁਅਰਾ ਲਿਖੇ ਇਹ ਵਿਚਾਰ ਸਾਡੇ ਉਪਰੋਕਤ ਕਥਨਾਂ ਦੀ

ਪੁਸ਼ਟੀ ਕਰਦੇ ਹਨ। ਲੇਖਕ ਨੇ ਪੁਸਤਕ ਉਨ੍ਹਾਂ ਲੋਕਾਂ ਨੂੰ ਸਮਰਪਿਤ ਕੀਤੀ ਹੈ, "ਜਿਨ੍ਹਾਂ ਨੂੰ ਕਾਲਜ ਦੇ ਦਿਨ ਦੇਖਣੇ ਨਸੀਬ ਨਹੀਂ ਹੋਏ"4। ਪਰ ਅਸੀਂ ਸਮਝਦੇ ਹਾਂ ਕਿ ਇਹ ਪੁਸਤਕ ਉਨ੍ਹਾਂ ਲੋਕਾਂ ਲਈ ਵੀ ਮਾਨਸਿਕ ਹੁਲਾਰਾ ਬਣ ਸਕਦੀ ਹੈ ਜੋ ਕਾਲਜ ਦੇ ਦਿਨ ਦੇਖਣ ਤੋਂ ਬਾਅਦ ਜ਼ਿੰਦਗੀ ਦੀਆਂ ਤਲਖ ਹਕੀਕਤਾਂ ਦੇ ਸਨਮੁੱਖ ਜੂਝ ਰਹੇ ਹਨ।

ਭਾਵੇਂ ਇਹ ਪੁਸਤਕ 'ਯਾਦਾਂ' ਦੀ ਵਿਧਾ ਦੇ ਤਹਿਤ ਛਪਕੇ ਸਾਹਮਣੇ ਆਈ ਹੈ ਪ੍ਰੰਤੂ ਰਚਨਾ ਦੀ ਸਮੁੱਚੀ ਬਣਤਰ ਨੂੰ ਜਦੋਂ ਅਸੀਂ ਦੇਖਦੇ ਹਾਂ ਤਾਂ ਇਹ ਰੋਮਾਂਸ ਦੀ ਵਿਧਾ ਦੇ ਘੇਰੇ ਦੀ ਵਸਤੂ ਵਧੇਰੇ ਨਜ਼ਰ ਆਂਉਦੀ ਹੈ ਵਿਚਾਰ ਦੇ ਘੇਰੇ ਦੀ ਘੱਟ। ਰਚਨਾ ਵਿਚ ਬੋਧਿਕ ਵਿਚਾਰ ਦੀ ਥਾਂ ਪ੍ਰਗਟਾਵੇ ਦਾ ਰੋਮਾਂਸ ਭਾਰੂ ਰਹਿੰਦਾ ਹੈ ਜਿਸ ਨਾਲ ਰਚਨਾ ਪ੍ਰਗੀਤਕ ਹੋ ਜਾਂਦੀ ਹੈ। ਪੁਸਤਕ ਦੇ ਅੰਤਲੇ ਹਿੱਸੇ ਵਿਚ ਆਇਆ ਇਹ ਗੀਤ ਇਸ ਵਿਚਲੇ ਰੋਮਾਂਟਿਕ ਪ੍ਰਗਟਾਅ ਦੀ ਪਰੌੜਤਾ ਕਰਦਾ ਹੈ।" ਜਦ ਕਾਲਜ ਦੀਆਂ ਖੱਟੀਆਂ-ਮਿਠਿਆਂ ਚੇਤੇ ਆਉਣਗੀਆਂ,ਯਾਰਾਂ ਨੂੰ ਕਰ ਚੇਤੇ ਅੱਖੀਆਂ ਨੀਰ ਵਹਾਉਣਗੀਆਂ"5

ਯਾਦਾਂ ਦੇ ਬਿਆਨ ਦਾ ਮਨੋਰਥ ਜਦੋਂ ਸਮਝ ਅਤੇ ਗਿਆਨ ਪੈਦਾ ਕਰਨਾ ਨਾ ਹੋ ਕੇ ਸਿਰਫ ਪ੍ਰਗਟਾਅ ਦਾ ਅਨੰਦ ਲੇਣਾ ਹੁੰਦਾ ਹੈ ਤਾਂ ਇਹ ਰੋਮਾਂਸ ਦੀ ਵਿਧਾ ਬਣ ਜਾਂਦੀ ਹੈ। ਫਿਰ ਵੀ ਇਹ ਰਚਨਾ ਮੁਢਲੇ ਪੱਧਰ ਦੇ ਪਾਠਕਾਂ ਨੂੰ ਬਹੁਤ ਪਸੰਦ ਆਉਣ ਵਾਲੀ ਅਤੇ ਸਾਹਿਤ ਪੜ੍ਹਨ ਵਿਚ ਰੁੱਚੀ ਪੈਦਾ ਕਰਨ ਵਾਲੀ ਰਚਨਾ ਹੈ।

**ਹਵਾਲੇ ਅਤੇ ਟਿੱਪਣੀਆਂ**


1. ਅਮਨਦੀਪ ਜੈਦਕਾ ਦਿਨ ਕਾਲਜ ਦੇ, ਲੋਕਗੀਤ ਪ੍ਰਕਾਸ਼ਨ,ਚੰਡੀਗੜ੍ਹ,2007,ਪੰਨਾ-13
2. ਡਾ.ਸੁਰਜੀਤ ਸਿੰਘ,ਦੋ ਸ਼ਬਦ, ਉਹੀ,ਪੰਨਾ-11
3. ਡਾ.ਕੁਲਜੀਤ ਕਪੂਰ,ਆਦਿ ਕਥਨ, ਉਹੀ,ਪੰਨਾ-9
4. ਅਮਨਦੀਪ ਜੈਦਕਾ, ਉਹੀ,ਪੰਨਾ-5
5. ਉਹੀ,ਪੰਨਾ-143



**ਅਸਿਸਟੈਂਟ ਪ੍ਰੋਫੈਸਰ**
**ਪਬਲਿਕ ਕਾਲਜ, ਸਮਾਣਾ।**


## ਅਦਾਕਾਰ / ਡਾ. ਗੁਰਵਿੰਦਰ ਅਮਨ



ਹਾਂ,
ਮੈਂ ਅਦਾਕਾਰ ਬਣ ਗਿਆ ਹਾਂ
ਪੂਰਾ ਅਦਾਕਾਰ
ਹਰ ਰੋਜ਼ ਸਵੇਰੇ ਮੈਂ
ਹਰ ਇਕ ਨੂੰ ਮੁਸਕਰਾ ਕੇ ਮਿਲਦਾ ਹਾਂ
ਅੰਦਰ ਦੇ ਦਵੰਦ ਨੂੰ ਦਬਾਕੇ, ਸਮਝਾਕੇ
ਅੰਦਰ ਦੀ ਪਿਆਸ ਨੂੰ ਮਿਟਾਕੇ
ਤੇ ਅੰਦਰ ਦੀ ਹਵਾ ਦਬਾਕੇ
ਪਿਆਰ, ਮੁਹੱਬਤਾਂ ਦੀ ਉਤੇਜਨਾ ਨੂੰ ਦਫ਼ਨ ਕਰ
ਮੁਸਕਰਾ ਕੇ ਮਿਲਦਾ ਹਾਂ
ਹਾਂ ਮੈਂ ਇਕ ਕਲਾਕਾਰ ਬਣ ਗਿਆ ਹਾਂ
ਪੂਰਾ ਕਲਾਕਾਰ
ਮੈਂ, ਨੂੰ ਦੱਬ ਦਿੰਦਾ ਹਾਂ,
ਸੰਸਕਾਰਾਂ ਦੀ ਮਿੱਟੀ ਪਾ
ਇਖ਼ਲਾਕ ਦੀ ਬਲੀ ਦੇ,
ਹੁਕਮਰਾਨਾ ਨੂੰ ਖ਼ੁਸ਼ ਰੱਖਣ
ਧੁਰ ਅੰਦਰ ਦੇ ਦਵੰਧ ਦੇ ਘਮਾਸਾਨ 'ਚ
ਧਰਿਤਰਾਸ਼ਟਰ ਦੇ ਅੰਤਰ-ਮੁੱਖੀ
ਨੇਤਰਾਂ ਨੂੰ ਦਰਸਾਉਣ ਲਈ
ਖ਼ੁਦ ਦੀ ਬਲੀ ਦਾ ਨਾਟਕ ਕਰਦਾ ਹਾਂ
ਨਟਰਾਜ ਵਾਂਗੂ ਨਾਚ ਕਰਦਾ ਹਾਂ
ਹਾਂ
ਮੈਂ ਅਦਾਕਾਰ ਬਣ ਗਿਆ ਹਾਂ
ਪੂਰਾ ਅਦਾਕਾਰ
ਅੱਜ ਤੋਂ ਬਾਅਦ ਮੈਂ ਬਦਲ ਗਿਆ ਹਾਂ
ਮੈਂ
ਖ਼ੁਦ ਨੂੰ ਨਹੀਂ, ਅੰਤਰਮਨ ਨੂੰ ਨਹੀਂ,
ਜ਼ਿਹਨ ਦੇ ਦਵੰਦ ਨੂੰ ਨਹੀਂ
ਬਦਲਾਂਗਾ
ਸਿਰਫ ਅਦਾਕਾਰੀ ਕਰਾਂਗਾ
ਸਿਰਫ਼ ਤੇ ਸਿਰਫ਼ ਅਦਾਕਾਰੀ ਕਰਾਂਗਾ।

# ਭਾਰਤੀ ਦਰਸ਼ਨ ਦਾ ਆਧਾਰ ਤੇ ਉਸਾਰ : ਨੈਤਿਕ ਸਿੱਖਿਆ / ਡਾ. ਮਨੀਸ਼ਾ ਬੱਤਰਾ

ਪੁਰਾਤਨ ਸਮੇਂ ਤੋਂ ਹੀ ਨੈਤਿਕ ਸਿੱਖਿਆ ਨੂੰ ਵਿੱਦਿਆ ਦੇ ਪ੍ਰਧਾਨ ਅੰਗਾਂ ਵਿੱਚ ਸ਼ਾਮਲ ਕੀਤਾ ਜਾਂਦਾ ਰਿਹਾ ਹੈ। ਆਦਿ ਕਾਲ ਤੋਂ ਜਦੋਂ ਵੀ ਮਨੁੱਖ ਨੇ ਅਸੱਭਿਅਕ ਤੋਂ ਸੱਭਿਅਕ ਜਗਤ ਵਿੱਚ ਕਦਮ ਰੱਖਿਆ, ਉਸ ਦੀ ਇਹੀ ਇੱਛਾ ਰਹੀ ਹੈ ਕਿ ਆਉਣ ਵਾਲੀਆਂ ਨਵੀਆਂ ਪੀੜ੍ਹੀਆਂ ਨੂੰ ਸਦਾਚਾਰਕ ਵਿੱਦਿਆ ਵਜੋਂ ਕੁਝ ਨਾ ਕੁਝ ਸੌਂਪਿਆ ਜਾਵੇ। ਦਾਰਸ਼ਨਿਕ ਪੱਖ ਤੋਂ 'ਸਦਾਚਾਰ' ਦੀ ਥਾਂ 'ਨੈਤਿਕਤਾ' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ, ਜੋ ਸੰਸਕ੍ਰਿਤ ਦੇ 'ਨੀਤਿ' ਸ਼ਬਦ ਦਾ ਵਿਕਸਤ ਰੂਪ ਹੈ। 'ਨੀ' ਧਾਤੂ ਤੋਂ ਬਣੇ ਇਸ ਸ਼ਬਦ ਦੇ ਅਰਥ 'ਲੈ ਜਾਣਾ, ਅਗਵਾਈ ਕਰਨਾ' ਹਨ। ਅਰਥਾਤ, ਜੋ ਆਦਰਸ਼ ਮਨੁੱਖ ਨੂੰ ਪ੍ਰਗਤੀਸ਼ੀਲ ਬਣਾਉਣ ਵਿੱਚ ਉਸ ਦੀ ਅਗਵਾਈ ਕਰਨ, ਆਦਰਸ਼ ਦੀ ਪ੍ਰਾਪਤੀ ਵੱਲ ਲੈ ਜਾਉਣ, ਉਸ ਨੂੰ ਨੈਤਿਕਤਾ ਆਖਿਆ ਜਾ ਸਕਦਾ ਹੈ। ਨੈਤਿਕਤਾ, ਅੰਗਰੇਜ਼ੀ ਦੇ ਸ਼ਬਦ 'ਮੋਰੈਲਟੀ' ਦਾ ਅਨੁਵਾਦ ਹੈ। ਨੈਤਿਕ ਨੂੰ ਅੰਗਰੇਜ਼ੀ ਵਿੱਚ 'ਮੋਰਲ' ਕਿਹਾ ਜਾਂਦਾ ਹੈ, ਜੋ ਲਾਤੀਨੀ ਮੂਲਕ ਸ਼ਬਦ 'ਮੋਰਜ਼' ਤੋਂ ਲਿਆ ਗਿਆ ਹੈ, ਜਿਸ ਦੇ ਅਰਥ ਰਿਵਾਜ, ਸੁਭਾਅ ਆਦਿ ਹਨ। ਨੈਤਿਕਤਾ ਨੂੰ 'ਐਥਿਕਸ' ਜੋ ਯੂਨਾਨੀ ਸ਼ਬਦ ਦੇ ਸਮਾਨਾਰਥ ਸ਼ਬਦ ਵਜੋਂ ਵੀ ਵਰਤ ਲਿਆ ਜਾਂਦਾ ਹੈ।

ਭਾਰਤੀ ਦਰਸ਼ਨ ਵਿੱਚ ਨੈਤਿਕਤਾ ਦੇ ਵਿਸ਼ੇ ਨੂੰ ਪ੍ਰਮੁੱਖਤਾ ਨਾਲ ਲਿਆ ਗਿਆ ਹੈ। ਹਜ਼ਾਰਾਂ ਸਾਲ ਪਹਿਲਾਂ ਸਾਡੇ ਪ੍ਰਮੁੱਖ ਗ੍ਰੰਥਾਂ, ਵੇਦਾਂ, ਉਪਨਿਸ਼ਦਾਂ ਵਿੱਚ ਇਸ ਸੰਬੰਧੀ ਤਸੱਲੀਬਖਸ਼ ਜਾਣਕਾਰੀ ਉਪਲਬਧ ਹੈ। ਪੁਰਾਤਨ ਵਿਚਾਰਧਾਰਾਵਾਂ ਜਿਨ੍ਹਾਂ ਵਿੱਚੋਂ ਬੁੱਧ ਅਤੇ ਜੈਨ ਦਰਸ਼ਨ ਪ੍ਰਮੁੱਖ ਹਨ ਨੇ ਵੀ ਆਪਣੀ ਸਿੱਖਿਆਵਾਂ ਦੇ ਮਾਧਿਅਮ ਰਾਹੀਂ ਨੈਤਿਕਤਾ ਨੂੰ ਜੀਵਨ ਦ੍ਰਿਸ਼ਟੀ ਦਾ ਆਧਾਰ ਦੱਸਿਆ ਹੈ। ਇਸੇ ਤਰ੍ਹਾਂ ਭਾਗਵਦ ਗੀਤਾ ਵਿੱਚ ਵੀ ਨਿਸ਼ਕਾਮ ਕਰਮ, ਧੀਰਜ, ਮਾਨਸਿਕ ਸੰਤੁਲਨ, ਆਤਮ ਵਿਕਾਸ ਆਦਿ ਨਿਯਮ ਅੱਜ ਵੀ ਚੰਗੇਰੇ ਮਨੁੱਖੀ ਸਮਾਜ ਦੀ ਸਿਰਜਣਾ ਲਈ ਸਾਰਥਕ ਹਨ। ਭਾਰਤੀ ਪਰੰਪਰਾ ਵਿੱਚ ਰਿਗਵੇਦ, ਰਮਾਇਣ, ਮਹਾਂਭਾਰਤ, ਸ਼ੁਕਰ ਨੀਤੀ, ਚਾਣਕਯ ਨੀਤੀ, ਕੌਟਿਲਯ ਦਾ ਅਰਥ ਸ਼ਾਸਤਰ; ਵਿਸ਼ਨੂੰ ਸ਼ਰਮਾ ਦਾ ਪੰਚਤੰਤਰ ਆਦਿ ਪੁਰਾਤਨ ਗ੍ਰੰਥ ਇਕ ਸੁਚੱਜੇ ਮਨੁੱਖ ਦਾ ਸੰਕਲਪ ਪੇਸ਼ ਕਰਨ ਵੱਲ ਭਲੀਭਾਂਤ ਸੁਚੇਤ ਹਨ। ਪ੍ਰਾਪਤ ਤੱਥਾਂ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਨੇ ਪੰਚਤੰਤਰ ਦਾ ਅਨੁਵਾਦ ਕਰਵਾਇਆ, ਜਿਸ ਨੂੰ 'ਬੁਧਿ ਬਾਰਿਧੀ' ਅਰਥਾਤ ਨੈਤਿਕ ਆਚਰਣ ਦਾ ਸਮੁੰਦਰ ਮੰਨਿਆ ਜਾਂਦਾ ਹੈ। ਨਾਭਾ ਰਿਆਸਤ ਦੇ ਮਹਾਰਾਜਾ ਹੀਰਾ ਸਿੰਘ ਨੇ ਪੰਜਾਬੀ ਦੇ ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਪਾਸੋਂ ਸੰਨ 1884 ਵਿੱਚ ਨੈਤਿਕ ਸਿੱਖਿਆ ਨਾਲ ਸਬੰਧਤ ਨੀਤਿ ਗ੍ਰੰਥ 'ਰਾਜ ਧਰਮ' ਲਿਖਵਾਇਆ, ਜਿਸ ਵਿੱਚ ਉੱਤਮ ਮਨੁੱਖ ਦੀ ਸਿਰਜਣਾ ਲਈ ਨਫ਼ੇ-ਨੁਕਸਾਨ ਦੀਆਂ ਜ਼ਰੂਰੀ ਗੱਲਾਂ ਨੂੰ ਬੜੇ ਹੀ ਕਲਾਮਈ ਢੰਗ ਨਾਲ ਬਿਆਨ ਕੀਤਾ ਗਿਆ ਹੈ। ਇਸ ਸੰਬੰਧੀ ਗੁਰਮਤਿ ਵਿੱਚ ਤਿੰਨ ਵੀ ਵਿਸ਼ੇ ਪ੍ਰਮੁੱਖ ਹਨ- ਪਰਾਭੌਤਿਕਤਾ, ਰਹੱਸਾਤਮਕਤਾ ਅਤੇ ਨੈਤਿਕਤਾ ਆਦਿ। ਇਸ ਅਨੁਸਾਰ ਹਰ ਧਰਮ, ਵਿਚਾਰਧਾਰਾ ਵਿੱਚ ਨੈਤਿਕਤਾ ਨੂੰ ਵਿਲੱਖਣ ਸਥਾਨ ਹਾਸਲ ਹੈ।

ਨੈਤਿਕਤਾ ਤੇ ਸਿੱਖਿਆ ਦਾ ਸੰਬੰਧ ਆਪਹੁਦਰਾ ਹੈ, ਸਿੱਖਿਆ ਤੋਂ ਬਿਨਾਂ ਨੈਤਿਕਤਾ ਦਾ ਪ੍ਰਸਾਰ ਤੇ ਪ੍ਰਚਾਰ ਕਰਨ ਅਸੰਭਵ ਹੈ। ਨੈਤਿਕਤਾ, ਸਿੱਖਿਆ ਰਾਹੀਂ ਹੀ ਮਨੁੱਖ ਨੂੰ ਚੰਗੇ-ਮਾੜੇ ਪ੍ਰਭਾਵਾਂ ਤੋਂ ਜਾਣੂ ਕਰਾਉਂਦੀ ਹੈ। ਇਸ ਕਰਕੇ ਹੀ ਨੈਤਿਕ ਸਿੱਖਿਆ ਨੂੰ ਵਿੱਦਿਆ ਦੇ ਪ੍ਰਧਾਨ ਅੰਗਾਂ ਵਿਚ ਸ਼ਾਮਲ ਕੀਤਾ ਗਿਆ ਹੈ ਜੋ ਕਿ ਪਰਿਵਰਤਨਸ਼ੀਲ ਹਨ। ਨੈਤਿਕ ਗੁਣਾਂ ਦੇ ਨਿਯਮ ਦੇਸ਼, ਕਾਲ ਤੇ ਹਾਲਾਤਾਂ ਅਨੁਸਾਰ ਬਦਲਦੇ ਰਹਿੰਦੇ ਹਨ। ਜਿਵੇਂ ਮਾਤਾ-ਪਿਤਾ ਤੇ ਵੱਡਿਆਂ ਦਾ ਸਤਿਕਾਰ ਕਰਨਾ ਨੈਤਿਕਤਾ ਹੈ। ਉਸ ਤਰ੍ਹਾਂ ਹੀ ਜੋ ਲੋਕ ਪਰਿਵਾਰ, ਸਮਾਜ ਤੇ ਦੇਸ਼ ਦੀ ਸੇਵਾ ਲਈ ਆਪਣੇ ਅਹੁਦੇ ਅਨੁਸਾਰ ਬਿਨਾਂ ਕਿਸੇ ਭੇਦ ਭਾਵ ਦੇ ਕਾਰਜ ਕਰਦੇ ਹਨ ਉਹ ਵੀ ਨੈਤਿਕ ਸਿੱਖਿਆ ਦੇ ਸ਼੍ਰੇਣੀ ਵਿੱਚ ਆਉਂਦਾ ਹੈ।

ਨੈਤਿਕ ਕਦਰਾਂ-ਕੀਮਤਾਂ ਦੀ ਸਾਡੇ ਜੀਵਨ 'ਚ ਓਨੀ ਹੀ ਮਹੱਤਤਾ ਹੈ, ਜਿਨੀ ਸਾਹ ਲੈਣ ਲਈ ਆਕਸੀਜਨ ਦੀ ਤੇ ਪਿਆਸ ਬੁਝਾਉਣ ਲਈ ਪਾਣੀ ਦੀ। ਨੈਤਿਕ ਕਦਰਾਂ-ਕੀਮਤਾਂ ਦੀ ਜ਼ਰੂਰਤ ਵਿਅਕਤੀ ਨੂੰ ਭਾਵੇਂ ਉਹ ਬੱਚਾ ਹੋਵੇ, ਜਵਾਨ ਜਾਂ ਬਜ਼ੁਰਗ ਸਭ ਨੂੰ ਬਰਾਬਰ ਹੁੰਦੀ ਹੈ। ਨੈਤਿਕਤਾ ਨਿਰੰਤਰ ਪ੍ਰਾਪਤ ਜਾਂ ਸਿੱਖਣ ਵਾਲੀ ਪ੍ਰਕਿਰਿਆ ਹੈ ਜਿਸ ਨੂੰ ਵਿਅਕਤੀ ਆਪਣੀ ਪਹਿਲੀ ਉਮਰ ਤੋਂ ਲੈ ਕੇ ਸਾਰੀ ਉਮਰ ਹੀ ਸਿੱਖਦਾ ਰਹਿੰਦਾ ਹੈ। ਘਰ ਵਿਚ ਮਾਤਾ-ਪਿਤਾ ਨੈਤਿਕ ਕਦਰਾਂ-ਕੀਮਤਾਂ ਦੀ ਸਿੱਖਿਆ ਦਿੰਦੇ ਹਨ, ਸਕੂਲ 'ਚ ਅਧਿਆਪਕ ਤੇ ਫਿਰ ਸਮਾਜ ਤੇ ਧਾਰਮਿਕ ਅਦਾਰੇ ਨੈਤਿਕ ਕਦਰਾਂ-ਕੀਮਤਾਂ ਸਿਖਾਉਣ 'ਤੇ ਜ਼ੋਰ ਲਾਉਂਦੇ ਹਨ। ਨੈਤਿਕਤਾ ਚੰਗੇ ਸਦਾਚਾਰਕ ਨੇਮਾਂ ਦਾ ਸਮੂਹ ਹੈ, ਜਿਨ੍ਹਾਂ ਦੇ ਆਧਾਰ 'ਤੇ ਹੀ ਇਨਸਾਨ ਦੀ ਸੋਚ, ਕਿਰਿਆ ਤੇ ਫ਼ੈਸਲੇ ਨੂੰ 'ਸਮਾਜ' ਸਹੀ ਜਾਂ ਗ਼ਲਤ ਸਮਝਦਾ ਹੈ। ਨੈਤਿਕ ਸਿੱਖਿਆ ਵਿਚਲੇ ਨਿਯਮਾਂ ਦੀ ਪਾਲਣਾ ਇਨਸਾਨ ਬਿਨਾਂ ਕਿਸੀ ਪ੍ਰਸ਼ੰਸਾ ਦੇ ਭਾਵ ਜਾਂ ਸਜ਼ਾ ਦੇ ਡਰ ਤੋਂ ਕਰਦਾ ਹੈ।

ਨੈਤਿਕਤਾ ਦੇ ਤਿੰਨ ਥੰਮ੍ਹ ਹਨ- ਪਹਿਲਾ ਆਚਰਨ, ਦੂਸਰਾ ਵਰਤਾਓ ਤੇ ਤੀਸਰਾ ਗਿਆਨ। ਆਚਰਨ ਵਿਚ ਇਮਾਨਦਾਰੀ, ਸੱਚ ਬੋਲਣਾ, ਸੱਚੀ ਕਿਰਤ, ਅਨੁਸ਼ਾਸਨ, ਹੌਸਲਾ ਆਦਿ ਤੇ ਵਰਤਾਓ ਵਿਚ ਨਿਮਰਤਾ, ਇੱਜ਼ਤ ਕਰਨਾ, ਆਗਿਆਕਾਰੀ, ਦੂਸਰਿਆਂ ਦੀ ਮਦਦ, ਮੁਸਕਰਾਉਣਾ, ਧੰਨਵਾਦੀ ਹੋਣਾ, ਪਿਆਰ, ਜ਼ਿੰਮੇਵਾਰੀ, ਆਪਣੇ 'ਤੇ ਕਾਬੂ ਪਾਉਣਾ, ਮੁਆਫ਼ ਕਰਨਾ, ਸਹਿਣਸ਼ੀਲਤਾ ਹਨ। ਜੇਕਰ

ਗਿਆਨ ਦੇ ਪੱਖੋਂ ਦੇਖਿਆ ਜਾਏ ਤਾਂ ਨੈਤਿਕ ਸਿੱਖਿਆ ਇੱਕ ਅਜਿਹੀ ਸਿਖਲਾਈ ਹੈ ਜਿਹੜੀ ਮਨੁੱਖ ਨੂੰ ਵਧੀਆ ਜ਼ਿੰਦਗੀ ਬਤੀਤ ਕਰਨ ਦਾ ਰਾਸਤਾ ਦਿਖਾਉਂਦੀ ਹੈ।

ਜੇ ਇਤਿਹਾਸ ਦੇ ਪੰਨਿਆਂ ਨੂੰ ਫਰੋਲੀਏ ਤਾਂ ਵਿਦਿਆਰਥੀਆਂ ਨੂੰ ਆਪਣੇ ਅਧਿਐਨ ਕਾਰਜ ਦੌਰਾਨ ਧਾਰਮਿਕ, ਸੈਨਿਕ ਤੇ ਸਮਾਜਿਕ ਸਿੱਖਿਆ ਦੇ ਨਾਲ ਨੈਤਿਕ ਸਿੱਖਿਆ ਪ੍ਰਦਾਨ ਕਰਨ ਪ੍ਰਤੀ ਵੀ ਪੂਰੀ ਤਰਜੀਹ ਦਿੱਤੀ ਜਾਂਦੀ ਸੀ। ਗੁਰੂਕੁਲ ਵਿਚ ਸਿੱਖਿਆ ਪ੍ਰਦਾਨ ਕਰਨ ਸਮੇਂ ਵਿਦਿਅਰਥੀਆਂ ਨੂੰ ਹੋਰ ਸਿੱਖਿਆਵਾਂ ਦੇ ਨਾਲ ਨੈਤਿਕ ਕਦਰਾਂ-ਕੀਮਤਾਂ ਦੀ ਪੜ੍ਹਾਈ ਕਰਵਾਈ ਜਾਂਦੀ ਸੀ। ਬੱਚੇ ਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਸ਼ੁਰੂ ਹੋਣ ਦੇ ਨਾਲ-ਨਾਲ ਉਸ ਦੇ ਦਿਨ ਦੇ ਸੰਪੂਰਨ ਹਿੱਸੇ ਵਿੱਚ ਬਹੁ-ਪੱਖਾਂ ਤੋਂ ਨੈਤਿਕ ਸਿੱਖਿਆ ਦੀ ਪ੍ਰਾਪਤੀ ਆਪਣੇ ਆਲੇ-ਦੁਆਲੇ ਤੋਂ ਹੀ ਪ੍ਰਾਪਤ ਹੁੰਦੀ। ਹਾਲਾਂਕਿ ਇਸ ਸਾਰੀ ਪ੍ਰਕਿਰਿਆ ਵਿੱਚ ਘਰ ਅਤੇ ਵਿਦਿਅਕ ਸੰਸਥਾਵਾਂ ਦੀ ਭੂਮਿਕਾ ਹੋਰਨਾਂ ਮੁਕਾਬਲੇ ਜ਼ਿਆਦਾ ਹੁੰਦੀ ਹੈ ਕਿਉਂਕਿ ਇਹ ਦੋਵੇਂ ਸਮਾਜਕ ਇਕਾਈਆਂ ਵਿਦਿਆਰਥੀ ਜੀਵਨ ਦਾ ਆਧਾਰ ਹੁੰਦੇ ਹਨ। ਨੈਤਿਕ ਕੀਮਤਾਂ ਦੇ ਮਾਧਿਅਮ ਰਾਹੀਂ ਹੀ ਬੱਚੇ ਨੂੰ ਸਹੀ ਅਤੇ ਗਲਤ ਦੀ ਸਮਝ ਪ੍ਰਪਾਤ ਹੁੰਦੀ ਹੈ। ਮਾਪਿਆਂ ਦੁਆਰਾ ਬੱਚੇ ਨੂੰ ਜੋ ਨੈਤਿਕ ਸੰਸਕਾਰ ਘਰੋਂ ਪ੍ਰਾਪਤ ਹੁੰਦੇ ਹਨ, ਉਹ ਉਨ੍ਹਾਂ ਦਾ ਪ੍ਰਯੋਗ ਆਪਣੀ ਸਿੱਖਿਅਕ ਸੰਸਥਾ ਦੇ ਨਾਲ ਆਪਣੇ ਸਮਾਜ ਵਿੱਚ ਕਰਦਾ ਹੈ।

ਨੈਤਿਕ ਕਦਰਾਂ-ਕੀਮਤਾਂ ਨੂੰ ਦੇਸ਼ ਜਾਂ ਵਿਸ਼ਾ ਵਿਸ਼ੇਸ਼ ਦੀਆਂ ਹੱਦਾਂ ਤੱਕ ਸੀਮਤ ਨਹੀਂ ਰੱਖਿਆ ਜਾ ਸਕਦਾ, ਕਿਉਂ ਜੋ ਇਸ ਦਾ ਘੇਰਾ ਵਿਸ਼ਾਲ ਹੋਣ ਕਾਰਣ ਵਿਸ਼ਵ-ਪੱਧਰ ਤਕ ਫੈਲਿਆ ਹੋਇਆ ਹੈ, ਜਿਸ ਨੂੰ ਵਿਭਿੰਨ ਵਿਵਹਾਰਕ ਉਦਾਹਰਣਾਂ ਦੁਆਰਾ ਗ੍ਰਹਿਣ ਕੀਤਾ ਜਾ ਸਕਦਾ ਹੈ। ਪਰ ਇਸ ਸਭ ਦੇ ਵਿਪਰੀਤ ਅੱਜ ਦਾ ਮਨੁੱਖ ਤਕਨਾਲੋਜੀ ਦੀ ਤਰੱਕੀ ਨਾਲ ਤਕਨੀਕੀ ਸਿੱਖਿਆ ਪ੍ਰਾਪਤ ਕਰਨ ਵਿੱਚ ਇੰਨਾ-ਕ ਰੁੱਝ ਗਿਆ ਹੈ ਕਿ ਨੈਤਿਕ ਸਿੱਖਿਆ ਦੀ ਅਹਿਮੀਅਤ ਨੂੰ ਅੱਖੋਂ ਪਰੋਖੇ ਕਰਨ ਲੱਗ ਪਿਆ ਹੈ। ਸਿੱਖਿਆ ਵਿਦਿਆਰਥੀਆਂ ਲਈ ਸਿਰਫ ਸਿਲੇਬਸ ਪੜ੍ਹਨ ਤੱਕ ਹੀ ਸੀਮਤ ਰਹਿ ਗਈ ਹੈ, ਜੋ ਉਸ ਨੂੰ ਭੌਤਿਕ ਮਨੁੱਖ ਵਜੋਂ ਸਿਰਫ਼ ਪੈਸਾ ਕਮਾਉਣਾ ਦੀ ਮਸ਼ੀਨ ਬਣਾ ਰਹੀ ਹੈ। ਜਦੋਂ ਕਿ ਸਿੱਖਿਆ ਦਾ ਅਸਲੀ ਮਨੋਰਥ ਇਨਸਾਨ ਦੀ ਸਰਵਪੱਖੀ ਸ਼ਖ਼ਸੀਅਤ ਵਿਚ ਨਿਖਾਰ ਲਿਆਉਣਾ ਹੈ। ਅੱਜ ਦੇ ਦੌਰ ਵਿਚ ਵਿੱਦਿਆ ਪ੍ਰਾਪਤ ਕਰਨ ਵਾਲੀ ਨੌਜਵਾਨ ਪੀੜ੍ਹੀ ਦੇ ਦਿਲ 'ਚ ਆਪਣੇ ਮਾਪਿਆਂ ਤੇ ਸਕੂਲਾਂ ਜਾਂ ਕਾਲਜਾਂ ਵਿਚ ਆਪਣੇ ਗੁਰੂ ਰੂਪੀ ਅਧਿਆਪਕਾਂ ਪ੍ਰਤੀ ਸਤਿਕਾਰ ਦੀ ਭਾਵਨਾ ਨਜ਼ਰ ਨਹੀਂ ਆਉਂਦੀ। ਹੁਕਮ ਅਦੂਲੀ ਤੇ ਚੰਗਾ ਵਿਹਾਰ ਦਾ ਨਾ ਕਰਨਾ ਅੱਜ ਦੇ ਮਨੁੱਖ ਲਈ ਆਮ ਜਿਹੀ ਗੱਲ ਬਣ ਗਈ ਹੈ। ਸਮਾਜ ਵਿਚੋਂ ਸੇਵਾ ਭਾਵ, ਰਿਸ਼ਤਿਆਂ ਦੀ ਕਦਰ, ਮੋਹ-ਮੁਹੱਬਤ ਵਰਗੀਆਂ ਭਾਵਨਾਵਾਂ ਦੁਰਲੱਭ ਜਿਹੀਆਂ ਜਾਪਣ ਲੱਗ ਪਈਆਂ ਹਨ। ਅਜੋਕੇ ਸਮਾਜ ਵਿੱਚ ਕਈ ਸਮੱਸਿਆਵਾਂ ਦਾ ਕਾਰਨ ਹੀ ਨੈਤਿਕ ਸਿੱਖਿਆ ਦੀ ਘਾਟ ਹੈ। ਵਿਦਿਆਰਥੀਆਂ ਨੂੰ ਇਨ੍ਹਾਂ ਨੈਤਿਕ ਗੁਣਾਂ ਦੀ ਅਹਿਮੀਅਤ ਦਾ ਅਹਿਸਾਸ ਕਰਾਵਾਉਣਾ ਹੀ ਚੰਗੇ ਸਮਾਜ ਦੀ ਸਿਰਜਣਾ ਵੱਲ ਵੱਡਾ ਕਦਮ ਹੋ ਸਕਦਾ ਹੈ।

ਸਿੱਖਿਆ ਦੇ ਨਵੀਨ ਮਾਡਲ ਜਿਸ ਵਿੱਚ 'ਰਾਸ਼ਟਰੀ ਸਿੱਖਿਆ ਨੀਤੀ' ਵੀ ਆਪਣੇ ਆਪ ਵਿੱਚ ਇੱਕ ਮਹੱਤਵਪੂਰਨ ਸਰਕਾਰੀ ਯੋਜਨਾ ਹੈ ਜਿਸ ਅੰਤਰਗਤ ਨੈਤਿਕ ਸਿੱਖਿਆ ਦੇਣ ਪ੍ਰਤੀ ਕਈ ਮਹਤੱਵਪੂਰਣ ਨੁਕਤਿਆਂ ਨੂੰ ਸ਼ਾਮਿਲ ਕੀਤਾ ਹੈ, ਕਿਉਂਕਿ ਸਿੱਖਿਆ ਹੀ ਇਕ ਮਾਤਰ ਅਜਿਹਾ ਸ਼ਕਤੀਸ਼ਾਲੀ ਸਾਧਨ ਹੈ, ਜਿਸ ਦੁਆਰਾ ਮਨੁੱਖ ਦਾ ਸੰਪੂਰਣ ਵਿਕਾਸ ਸੰਭਵ ਹੁੰਦਾ ਹੈ। ਵਿਗਿਆਨਿਕ ਤੇ ਤਕਨਾਲੋਜੀ ਦੇ ਯੁੱਗ ਵਿੱਚ ਹਰੇਕ ਮਾਤਾ-ਪਿਤਾ ਦਾ ਇਹ ਫਰਜ਼ ਬਣਦਾ ਹੈ ਕਿ ਉਹ ਆਪਣੇ ਬੱਚਿਆਂ ਦੀ ਨੈਤਿਕ ਸਿੱਖਿਆ ਵੱਲ ਉਚੇਚਾ ਧਿਆਨ ਦੇਣ। ਹੋਰਨਾਂ ਅਵਸਥਾਵਾਂ ਦੇ ਮੁਕਾਬਲੇ ਬੱਚੇ ਦੇ ਸਕੂਲੀ ਜੀਵਨ ਵਿੱਚ ਇਸ ਦਾ ਸੰਚਾਰ ਲਾਜ਼ਮੀ ਹੋਣਾ ਚਾਹੀਦਾ ਹੈ ਕਿਉਂ ਕਿ ਇਸ ਅਵਸਥਾ ਵਿੱਚ ਬੱਚੇ ਦੀ ਸ਼ਖਸੀਅਤ ਸਕਾਰਾਤਮਕ ਜਾਂ ਨਕਾਰਾਤਮਕ ਦੋਹਾਂ ਪਾਸੇ ਜਲਦੀ ਪ੍ਰਭਾਵਿਤ ਹੋ ਜਾਂਦੀ ਹੈ। ਮਾਪਿਆਂ ਦਾ ਆਪਣਾ ਵੀ ਇਹ ਨੈਤਿਕ ਫਰਜ਼ ਬਣਦਾ ਹੈ ਕਿ ਉਹ ਇਸ ਪ੍ਰਤੀ ਜਾਗਰੂਕ ਰਹਿਣ ਕੇ ਬੱਚਾ ਕਿੱਥੋਂ ਅਤੇ ਕੀ ਸਿੱਖ ਰਿਹਾ ਹੈ। ਇਸ ਤੋਂ ਇਲਾਵਾ ਸਕੂਲਾਂ ਤੇ ਕਾਲਜਾਂ ਵਿਚ ਵੀ ਪੜ੍ਹਾਈ ਦੇ ਨਾਲ-ਨਾਲ ਵਿਦਿਆਰਥੀਆਂ ਵਾਸਤੇ ਨੈਤਿਕ ਸਿੱਖਿਆ ਜਿਸ ਨੂੰ ਰਾਸ਼ਟਰੀ ਸਿੱਖਿਆ ਨੀਤੀ ਵਿੱਚ ਮੁੱਲ ਵਰਧਕ ਕੋਰਸ (ਵੈਲੀਓ ਐਡੀਸ਼ਨ ਕੋਰਸ) ਕਿਹਾ ਗਿਆ ਹੈ ਨੂੰ ਲਾਜ਼ਮੀ ਵਿਸ਼ੇ ਦੇ ਰੂਪ ਵਿੱਚ ਸਥਾਪਤ ਕੀਤਾ ਜਾਣਾ ਚਾਹੀਦਾ। ਕਿਉਂ ਕਿ ਨੈਤਿਕ ਸਿੱਖਿਆ ਨਾ ਸਿਰਫ ਵਿਦਿਆਰਥੀਆਂ ਨੂੰ ਚੰਗੀ ਸ਼ਖ਼ਸੀਅਤ ਦਾ ਮਾਲਕ ਬਣਾਉਂਦੀ ਹੈ, ਸਗੋਂ ਸਮਾਜ ਪ੍ਰਤੀ ਆਪਣੀਆਂ ਬਣਦੀਆਂ ਜ਼ਿੰਮੇਵਾਰੀਆਂ ਨਿਭਾਉਣ ਤੇ ਸਮਝਣ ਦੇ ਯੋਗ ਬਣਾਉਂਦੀ ਹੈ। ਅੱਜ ਦਾ ਬੱਚਾ ਕੱਲ੍ਹ ਦਾ ਨਾਗਰਿਕ ਹੈ। ਦੇਸ਼ ਦੇ ਭਵਿੱਖ ਦੀ ਬਾਗਡੋਰ ਉਸ ਦੇ ਹੱਥਾਂ ਵਿੱਚ ਹੀ ਆਉਣੀ ਹੈ, ਵਿਕਸਤ-ਰਾਸ਼ਟਰ ਦਾ ਆਧਾਰ ਇਹ ਨੌਜਵਾਨ ਹੀ ਹਨ। ਜਾਗਰੂਕ ਮਾਪੇ ਅਤੇ ਸਫ਼ਲ ਅਧਿਆਪਕ ਹੋਣ ਦੇ ਨਾਤੇ ਸਾਡਾ ਇਹ ਫਰਜ਼ ਬਣਦਾ ਹੈ ਕਿ ਅਸੀਂ ਬੱਚਿਆਂ ਦੀ ਨੈਤਿਕ ਸਿੱਖਿਆ ਅਤੇ ਮੁੱਢਲੇ ਗੁਣਾਂ ਵੱਲ ਉਚੇਚਾ ਧਿਆਨ ਦੇਈਏ ਤਾਂ ਜੋ ਸ਼ਕਤੀਸ਼ਾਲੀ ਰਾਸ਼ਟਰ ਦਾ ਨਿਰਮਾਣ ਕੀਤਾ ਜਾ ਸਕੇ।

ਸਿੱਖਿਆ ਦੇ ਸੰਦਰਭ ਵਿੱਚ ਇਹ ਕਥਨ ਬਹੁਤ ਹੀ ਪ੍ਰਚਲਿਤ ਹੈ ਕਿ '''ਸਿੱਖਣ ਲਈ ਆਓ, ਸੇਵਾ ਲਈ ਜਾਓ'''। ਅਸਲ ਵਿੱਚ ਇਹ ਕਥਨ ਸਹੀ ਅਰਥਾਂ ਵਿੱਚ ਉਦੋਂ ਸਾਕਾਰ

ਹੋਣਗੇ ਜਦੋਂ ਹਰ ਵਿਦਿਆਰਥੀ ਆਪਣੇ-ਆਪ ਨੂੰ ਨੈਤਿਕ ਕਦਰਾਂ-ਕੀਮਤਾਂ ਨਾਲ ਲੈਸ ਕਰਨਗੇ। ਦੇਸ਼ ਦੀ ਕਿਸਮਤ ਦਾ ਫੈਸਲਾ ਉਸ ਵਿੱਚ ਰਹਿਣ ਵਾਲੇ ਨਾਗਰਿਕਾਂ ਦੇ ਗੁਣਾਂ ਉਤੇ ਹੀ ਨਿਰਭਰ ਕਰਦਾ ਹੈ। ਇਸ ਕਰਕੇ ਅਧਿਆਪਕਾਂ ਦਾ ਇਹ ਮੁੱਢਲਾ ਫਰਜ਼ ਬਣ ਜਾਂਦਾ ਹੈ ਕਿ ਉਹ ਹਰੇਕ ਬੱਚੇ ਨੂੰ ਇਨ੍ਹਾਂ ਗੁਣਾਂ ਦਾ ਧਾਰਨੀ ਬਣਾਵੇ। ਜਦੋਂ ਕੋਈ ਵਿਦਿਆਰਥੀ ਝੂਠ ਬੋਲਦਾ ਹੈ ਜਾਂ ਗਲਤ ਸੰਗਤ ਤੇ ਕੁਰਾਹੇ ਪੈ ਜਾਂਦਾ ਹੈ ਤਾਂ ਉਸ ਨੂੰ ਨੈਤਿਕਤਾ ਬਾਰੇ ਸਮਝਾਉਂਦਿਆ ਸਮਾਜ ਤੋਂ ਅਲੱਗ ਕਰਨ ਦੀ ਬਜਾਏ ਉਸ ਦੀ ਯੋਗ ਅਗਵਾਈ ਕਰ ਮੁੜ ਸਹੀ ਰਾਹ ’ਤੇ ਲਿਆਉਣਾ ਚਾਹੀਦਾ ਹੈ। ਵੱਖ-ਵੱਖ ਮਹਾਨ ਸ਼ਖਸੀਅਤਾਂ ਦੀਆਂ ਜੀਵਨੀਆਂ ਦੇ ਮਾਧਿਅਮ ਰਾਹੀਂ ਬੱਚਿਆਂ ਅੰਦਰ ਨੈਤਿਕ ਕਦਰਾਂ-ਕੀਮਤਾਂ ਦਾ ਸੰਚਾਰ ਕਰਨਾ ਚਾਹੀਦਾ ਹੈ। ਪੰਚਤੰਤਰ ਦੀਆਂ ਕਹਾਣੀਆਂ ਤੇ ਹੋਰ ਦੰਤ ਕਥਾਵਾਂ ਦੇ ਮਾਧਿਅਮ ਰਾਹੀਂ ਵੀ ਇਸ ਬਾਰੇ ਸਿੱਖਿਅਤ ਕੀਤਾ ਜਾ ਸਕਦਾ ਹੈ। ਇੱਥੋਂ ਤਕ ਕਿ ਪ੍ਰੀਖਿਆਵਾਂ ਦੌਰਾਨ ਆਮ ਤੌਰ ’ਤੇ ਵਿਦਿਆਰਥੀ ਦਬਾਅ ਦੀ ਅਵਸਥਾ ਵਿੱਚੋਂ ਗੁਜ਼ਰਦੇ ਹੋਏ ਨਕਲ ਅਤੇ ਸ਼ਾਰਟਕੱਟ ਦੀ ਪ੍ਰਵਿਰਤੀ ਅਪਨਾਉਣ ਤੋਂ ਵੀ ਗੁਰੇਜ਼ ਨਹੀਂ ਕਰਦੇ। ਅਜਿਹੇ ਸਮੇਂ ਉਚਿਤ ਮਾਰਗ-ਦਰਸ਼ਨ ਦੇ ਕੇ ਉਨ੍ਹਾਂ ਅੰਦਰ ਮਿਹਨਤ ਅਤੇ ਲਗਨ ਨਾਲ ਅੱਗੇ ਵਧਣ ਦੇ ਨੈਤਿਕ ਵਿਚਾਰਾਂ ਦਾ ਪ੍ਰਸਾਰ ਕੀਤਾ ਜਾ ਸਕਦਾ ਹੈ। ਅਜਿਹਾ ਕਰਨ ਨਾਲ ਜਿੱਥੇ ਵਿਦਿਆਰਥੀ ਚੰਗੇ ਆਚਰਣ ਨੂੰ ਧਾਰਨ ਕਰਨਗੇ, ਉੱਥੇ ਆਪਣਾ ਭਵਿੱਖਤ ਜੀਵਨ ਵੀ ਉੱਤਮ ਬਣਾਉਣਗੇ।

ਕਿਸ਼ੋਰ ਅਵਸਥਾ ਦੌਰਾਨ ਵਿਦਿਆਰਥੀਆਂ ਨੂੰ ਵਿਸ਼ੇਸ਼ ਅਗਵਾਈ ਦੀ ਲੋੜ ਹੁੰਦੀ ਹੈ। ਅਜਿਹੇ ਸਮੇਂ ਬੱਚੇ ਦੇ ਮਨ ਵਿੱਚ ਉੱਠ ਰਹੇ ਵੱਖ-ਵੱਖ ਤਰ੍ਹਾਂ ਦੇ ਪ੍ਰਸ਼ਨਾਂ ਅਤੇ ਵਲਵਲਿਆਂ ਦਾ ਨਿਪਟਾਰਾ ਵੀ ਨੈਤਿਕ ਕਦਰਾਂ-ਕੀਮਤਾਂ ਰਾਹੀਂ ਹੀ ਸੰਭਵ ਹੋ ਸਕਦਾ ਹੈ। ਸਮਾਜ ਭਲਾਈ ਦੇ ਕੰਮਾਂ ਵੱਲ ਧਿਆਨ ਦਿਵਾਉਣ ਦੇ ਨਾਲ ਜ਼ਿੰਮੇਵਾਰੀ ਦੀ ਭਾਵਨਾ ਵਿਅਕਤੀ ਨੂੰ ਸਫਲ ਨਾਗਰਿਕ ਬਣਨ ਵਿੱਚ ਸਹਾਇ ਸਿੱਧ ਹੋ ਸਕਦੀ ਹੈ।

ਅੰਤ ’ਚ ਇਹੀ ਕਿਹਾ ਜਾ ਸਕਦਾ ਹੈ ਕਿ ਨੈਤਿਕ ਕਦਰਾਂ-ਕੀਮਤਾਂ ਦੇ ਮਾਧਿਅਮ ਰਾਹੀਂ ਹੀ ਵਿਦਿਆਰਥੀ ਨੂੰ ਉੱਤਮ ਨਾਗਰਿਕ ਬਣਾਇਆ ਜਾ ਸਕਦਾ ਹੈ। ਨੈਤਿਕਤਾ ਸਭਿਅਕ ਸਮਾਜ ਦੀ ਰੀੜ੍ਹ ਦੀ ਹੱਡੀ ਤੇ ਜੀਵਨ ਦੀ ਨੀਂਹ ਹੁੰਦੀ ਹੈ। ਇਸ ’ਚ ਕੋਈ ਸ਼ੱਕ ਨਹੀਂ ਕਿ ਅੱਜ ਦੇਸ਼ ਨੂੰ ਚੰਗੇ ਡਾਕਟਰਾਂ, ਇੰਜਨੀਅਰਾਂ, ਪ੍ਰੋਫੈਸਰਾਂ, ਨੇਤਾਵਾਂ, ਅਧਿਆਪਕਾਂ ਤੇ ਲੇਖਕਾਂ ਦੀ ਲੋੜ ਹੈ ਪਰ ਸਾਨੂੰ ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ ਸਭ ਤੋਂ ਪਹਿਲਾਂ ਸਮਾਜ ਨੂੰ ਚੰਗੇ ਇਨਸਾਨਾਂ ਦੀ ਲੋੜ ਹੈ। ਚੰਗੇ ਇਨਸਾਨ ਤੋਂ ਭਾਵ ਪਰਿਵਾਰ, ਸਮਾਜ ਅਤੇ ਦੇਸ਼ ਪ੍ਰਤੀ ਆਪਣੇ ਫ਼ਰਜ਼ਾਂ ਅਤੇ ਜ਼ਿੰਮੇਵਾਰੀਆਂ ਨੂੰ ਸਮਝਣ ਵਾਲਾ, ਸਭ ਲਈ ਹਮਦਰਦੀ ਰੱਖਣ ਵਾਲਾ, ਦੂਜਿਆ ਦੀ ਸਹਾਇਤਾ ਲਈ ਤੱਤਪਰ, ਬਲੀਦਾਨ ਦੀ ਭਾਵਨਾ ਰੱਖਣ ਵਾਲਾ, ਵਿਰਸੇ ਅਤੇ ਸੱਭਿਆਚਾਰ ਨਾਲ ਜੁੜਿਆ ਹੋਇਆ ਚੰਗਾ ਇਨਸਾਨ, ਕਿਉਂ ਕਿ ਇਹੋ ਜਿਹਾ ਇਨਸਾਨ ਹੀ ਸਮਾਜ ਨੂੰ ਸਹੀ ਸੇਧ ਦੇ ਸਕਦਾ ਹੈ। ਜਦ ਤਕ ਦੁਨੀਆਂ ਰਹੇਗੀ ਨੈਤਿਕ ਸਿੱਖਿਆ ਦਾ ਮਹੱਤਵ ਸਦੀਵੀ ਬਣਿਆ ਰਹੇਗਾ। ਸਾਡੇ ਸਕੂਲਾਂ, ਕਾਲਜਾਂ, ਵਿਸ਼ਵ-ਵਿਦਿਆਲਿਆਂ ਨੂੰ ਇਸ ਪਾਸੇ ਵਿਸ਼ੇਸ਼ ਧਿਆਨ ਦੇਣ ਦੀ ਜ਼ਰੂਰਤ ਹੈ। ਅੱਜ ਸਰਕਾਰ ਵੱਲੋਂ ਸਿੱਖਿਆ ਪ੍ਰਣਾਲੀ ’ਚ ਸੁਧਾਰ ਲਿਆਉਣ ਲਈ ਅਨੇਕਾਂ ਉਪਰਾਲੇ ਕੀਤੇ ਜਾ ਰਹੇ ਹਨ। ਨੈਤਿਕ ਸਿੱਖਿਆ ਨਾ ਸਿਰਫ਼ ਵਿਦਿਆਰਥੀ ਨੂੰ ਚੰਗੀ ਸ਼ਖਸੀਅਤ ਦਾ ਮਾਲਕ ਬਣਾਉਂਦੀ ਹੈ ਸਗੋਂ ਉਸ ਨੂੰ ਸਮਾਜ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਸਮਝਣ ਅਤੇ ਨਿਭਾਉਣ ਦੇ ਕਾਬਿਲ ਵੀ ਬਣਾਉਂਦੀ ਹੈ।

**ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਵਿਭਾਗ**
**ਮਾਤਾ ਸੁੰਦਰੀ ਕਾਲਜ ਫਾਰ ਵੂਮਨ**
**ਦਿੱਲੀ ਯੂਨੀਵਰਸਿਟੀ।**

**ਡਾ. ਪਾਲ ਕੌਰ ਸਾਹਿਤ ਅਕਾਦੇਮੀ ਸਨਮਾਨ ਨਾਲ ਸਨਮਾਨਿਤ**



**ਇਸ ਵਰ੍ਹੇ ਦਾ ਸਾਹਿਤ ਅਕਾਦੇਮੀ ਪੁਰਸਕਾਰ ਪੰਜਾਬੀ ਦੀ ਜ਼ਹੀਨ ਸ਼ਾਇਰਾ ਡਾ. ਪਾਲ ਕੌਰ ਨੂੰ ਦੇਣ ਦਾ ਐਲਾਨ ਕੀਤਾ ਗਿਆ ਹੈ। ਡਾ. ਪਾਲ ਕੌਰ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਲੰਮੇ ਸਮੇਂ ਤੋਂ ਸਰਗਰਮ ਹਨ। ਖ਼ਲਾਅਵਾਸੀ ਤੋਂ ਸ਼ੁਰੂ ਹੋਈ ਉਹਨਾਂ ਦੀ ਕਾਵਿ-ਯਾਤਰਾ ‘ਸੁਣ ਗੁਣਵੰਤਾ, ਸੁਣ ਬੁੱਧਿਵੰਤਾ’ ਤੱਕ ਨਿਰੰਤਰ ਜਾਰੀ ਰਹੀ ਹੈ। ਇਸ ਸਾਲ ਉਹਨਾਂ ਦੀ ਪੁਸਤਕ ‘ਸੁਣ ਗੁਣਵੰਤਾ, ਸੁਣ ਬੁੱਧਿਵੰਤਾ’ ਨੂੰ ਸਾਹਿਤ ਅਕਾਦੇਮੀ ਦਿੱਲੀ ਵੱਲੋਂ ਵੱਕਾਰੀ ਸਨਮਾਨ ਨਾਲ ਨਵਾਜਣ ਤੇ ਅਦਾਰਾ ‘ਪ੍ਰਤਿਮਾਨ’ ਵੱਲੋਂ ਡਾ. ਪਾਲ ਕੌਰ ਨੂੰ ਬਹੁਤ ਬਹੁਤ ਵਧਾਈ।**

## ਪੰਜ ਕਵਿਤਾਵਾਂ / ਜਗਜੀਤ ਗੁਰਮ



1.
ਜਦੋਂ ਗ਼ਰੀਬੀ ਦੇ
ਛਾਂਗੇ ਹੋਏ ਮੁੱਢਾਂ ਉੱਤੇ
ਕ੍ਰਾਂਤੀ ਦੀਆਂ ਲਗਰਾਂ
ਫੁੱਟਦੀਆਂ ਨੇ
ਸਾਧਨ ਸੰਪੰਨ ਧਿਰ ਇਸ ਨੂੰ
ਬਗਾਬਤ ਦਾ ਨਾਮ
ਦੇ ਦਿੰਦੀ ਹੈ।

2.
ਹਨ੍ਹੇਰਾ ਹੋਇਆ
ਫਿਰ ਇੱਕਦਮ
ਹਕੀਕਤ ਸਾਹਮਣੇ ਆਈ
ਰੌਸ਼ਨੀ ਵਿੱਚ ਤਾਂ ਕੱਚ
ਹੀਰੇ ਤੋਂ ਵੱਧ ਚਮਕਦਾ ਸੀ।

3.
ਜਿਹੜੇ ਲੋਕ
ਸਮੁੰਦਰੀ ਜਹਾਜ਼ਾਂ ਦੇ
ਮਾਲਕ ਹੁੰਦੇ ਨੇ
ਉਹਨਾਂ ਦੇ ਬੱਚੇ, ਅਕਸਰ
ਤੈਰਨਾ ਨਹੀਂ ਸਿੱਖਦੇ।

4.
ਜ਼ੀਰੋ ਡਿਗਰੀ ਤੋਂ
ਸ਼ੁਰੂ ਕਰਕੇ
ਜਦ ਉਸ ਨੇ
ਤਿੰਨ ਸੌ ਸੱਠ ਡਿਗਰੀ ਤੱਕ
ਸਫ਼ਰ ਤੈਅ ਕੀਤਾ
ਉਹ ਫਿਰ ਜ਼ੀਰੋ ਡਿਗਰੀ 'ਤੇ ਸੀ।

5.
ਉਮਰ ਦੇ ਉਸ ਦੌਰ ਵਿੱਚੋਂ
ਲੰਘ ਰਿਹਾ ਹਾਂ
ਨਜ਼ਰ ਧੁੰਦਲੀ ਹੋ ਰਹੀ ਏ
ਚਿਹਰੇ ਸਾਫ਼
ਨਜ਼ਰ ਆਉਣ ਲੱਗੇ ਨੇ।

## ਪੁਸਤਕ ਰੀਵਿਊ

### ਤਬਾਦਲਾ / ਬੇਅੰਤ ਕੌਰ ਗਿੱਲ / ਰੀਵਿਊ ਕਰਤਾ / ਡਾ. ਗੁਰਵਿੰਦਰ ਅਮਨ

'ਤਬਾਦਲਾ ' ਨਾਵਲ ਬੇਅੰਤ ਕੌਰ ਗਿੱਲ ਵਲੋਂ ਦੂਜੇ ਨਾਵਲ ਵਜੋਂ ਸ਼ੁਮਾਰ ਹੋਇਆ ਹੈ। ਪਹਿਲਾਂ 'ਮਲਾਹਾਂ ਵਰਗੇ' ਨਾਵਲ ਨਾਲ ਉਸ ਨੇ ਸਾਹਿਤ ਜਗਤ ਵਿਚ ਹਾਜ਼ਰੀ ਭਰ ਲਈ ਸੀ। 'ਤਬਾਦਲਾ' ਨਾਵਲ ਪੁਲਿਸ ਵਿਭਾਗ ਦੇ ਅਫਸਰਾਂ ਦੀ ਮਨੋਸਥਿਤੀ ਪ੍ਰਤੀਕਰਮ ਤੇ ਸਮਾਜਿਕ ਵਰਤਾਰੇ ਪ੍ਰਤੀ ਸੁਚੇਤਕ ਰੂਪਮਾਨ ਹੁੰਦਾ ਨਜ਼ਰ ਆਉਂਦਾ ਹੈ। ਲੇਖਕਾ ਨੇ ਇਸ ਨਾਵਲ ਰਾਹੀਂ ਪੁਲਿਸ ਵਿਭਾਗ ਵਿਚ ਕੰਮ ਕਰਦੇ ਸਿਪਾਹੀ ਤੋਂ ਲੈ ਕੇ ਅਫਸਰਾਂ ਤੱਕ ਦੀ ਮਨੋ ਸਥਿਤੀ ਦਾ ਪੁਣਛਾਣ ਵਿਸ਼ਲੇਸ਼ਣ ਕੀਤਾ ਹੈ। ਲੇਖਕਾ ਨੇ ਪੁਲਿਸ ਵਿਭਾਗ ਦਾ ਉਹ ਪੱਖ ਉਜਾਗਰ ਕੀਤਾ ਹੈ ਜੋ ਆਮ ਲੋਕ ਉਸ ਪੱਖ ਤੋਂ ਵਿਰਵੇ ਹਨ। ਆਮ ਲੋਕਾਂ ਦੀ ਧਾਰਨਾ ਪੁਲਿਸ ਮਹਿਕਮੇ ਨੂੰ ਬੇਕਿਰਕ, ਬੇਬਾਕ, ਨਿਰਮੋਹੇ ਤੇ ਰਿਸ਼ਵਤਖ਼ੋਰ ਹੁੰਦੀ ਹੈ ਪਰ ਲੇਖਕਾ ਨੇ ਇਸ ਵਿਭਾਗ ਦੇ ਮੁਲਾਜਮਾਂ ਦਾ ਦੂਜਾ ਪੱਖ ਵੀ ਉਜਾਗਰ ਕੀਤਾ ਹੈ ਜਿਸ ਵਿਚ ਪੁਲਿਸ ਅਧਿਕਾਰੀ ਮੋਮ ਦਿਲ, ਮੁਹੱਬਤੀ ਰੂਹ, ਇਖਲਾਕੀ, ਸਮਾਜੀ ਤੇ ਮਨੁੱਖੀ ਸਰੋਕਾਰਾਂ ਦੇ ਪ੍ਰਨਾਏ ਹੋਏ ਹੁੰਦੇ ਹਨ। ਨਾਵਲ ਦਾ ਪਾਤਰ ਬਲਰਾਜ ਸਿਪਾਹੀ ਤੋਂ ਡੀ.ਐਸ.ਪੀ ਬਣਕੇ ਆਪਣੇ ਇਮਾਨਦਾਰੀ ਦਾ ਸਬੂਤ ਦਿੰਦਾ ਹੋਇਆ ਇਖਲਾਕ ਨੂੰ ਕਾਇਮ ਰੱਖਦਾ ਹੈ। ਵਾਰਤਾਲਾਪ ਵਿਚ ਡੀਐਸਪੀ ਬਲਰਾਜ ਆਪਣੇ ਅਰਦਲੀਆਂ ਤੇ ਮਹਤੇਈਆਂ ਨੂੰ ਵੀ ਪਿਆਰ ਨਾਲ ਪੇਸ਼ ਆਉਂਦਾ ਹੈ। ਨਾਵਲ ਵਿਚ ਹਰਮਨ ਤੇ ਐਸ.ਐਸ.ਪੀ ਰਤਨ ਦੇ ਪਿਆਰ ਦਾ ਇਜ਼ਹਾਰ ਵੀ ਇਕ ਵਿਲੱਖਣ ਪ੍ਰੇਮ ਪ੍ਰਸੰਗ ਵਜੋਂ ਉਬਰਿਆ ਹੈ। ਹਰਮਨ ਪ੍ਰੋਫੈਸਰ ਬਣ ਗਈ ਤੇ ਰਤਨ ਦੇ ਪਿਆਰ ਵਿਚ ਬਿਨ ਸ਼ਾਦੀ ਤੋਂ ਰਹਿ ਗਈ। ਆਪਸੀ ਮਿਲਨ ਤੇ ਪੁਲਿਸ ਵਿਭਾਗ ਦੀ ਜ਼ਮੀਨੀ ਹਕੀਕਤ ਨਾਲ ਜੁੜਕੇ ਹਰਮਨ ਵੀ ਵਿਭਾਗੀ ਕਾਰਗੁਜਾਰੀ ਤੇ ਝੂਰਦੀ ਹੈ। ਡੀ.ਐਸ.ਪੀ ਬਲਰਾਜ ਰਾਹੀਂ ਵਿਭਾਗ ਦੀ ਕਾਰਜਸ਼ੈੱਲੀ ਅਤੇ ਉਸ ਉਤੇ ਰਾਜਨੀਤਕ ਦਬਾਓ ਦਾ ਪਰਦਾਫਾਸ਼ ਕੀਤਾ ਹੈ। ਵਿਭਾਗ ਦੇ ਮੁਲਾਜਮਾਂ ਨੂੰ ਕੋਈ ਛੁੱਟੀ ਜਾ ਪਰਿਵਾਰਕ ਸਮਾਗਮ ਦਾ ਸਮਾਂ ਹੀ ਨੀ ਮਿਲਦਾ ਜਿਸ ਨਾਲ ਉਹ ਮਾਨਸਿਕ ਬਿਮਾਰ ਤੱਕ ਹੋ ਜਾਂਦੇ ਹਨ। ਨਾਵਲ ਵਿਚ ਇਕ ਬਿਰਤਾਂਤ ਚਿਤ੍ਰਤ ਕੀਤਾ ਹੈ ਕਿ ਪ੍ਰਧਾਨ ਮੰਤਰੀ ਦਾ ਉਸ ਇਲਾਕੇ ਵਿਚ ਸਮਾਗਮ ਤੇ ਦੌਰਾ ਹੈ ਲਈ ਸੁਰੱਖਿਆ ਇੰਤਜ਼ਾਮ ਤੇ ਸਫ਼ਲਤਾ ਪੂਰਵਕ ਉਸ ਦੇ ਵਾਪਿਸ ਪਰਤਣਾ ਤੱਕ ਦੀ ਜਿੰਮੇਵਾਰੀ ਵਿਭਾਗ ਲਈ ਸਿਰਦਰਦੀ ਸਾਬਿਤ ਹੁੰਦੀ ਹੈ ਉਸ ਸਮੇਂ ਦੀ ਪ੍ਰਸਥਿਤੀਆਂ

ਅਤੇ ਡਿਊਟੀ ਦੀ ਪ੍ਰਤਿਬੱਧਤਾ ਬਾਰੇ ਬਾਖੂਬੀ ਵਰਨਣ ਕੀਤਾ ਹੈ। ਲੇਖਕਾ ਰਾਜਨੀਤਕ ਪਾਰਟੀਆਂ ਵਲੋਂ ਕਿਸ ਤਰਾਂ ਅਫਸਰਾਂ ਨੂੰ ਵਰਤਣਾ ਤੇ ਉਨ੍ਹਾਂ ਨੂੰ ਆਪਣੇ ਸਿਕੰਜੇ ਵਿਚ ਅੜਾਉਣਾ ਵੀ ਬਿਆਨ ਕਰਦੀ ਹੈ। ਆਪਣੇ ਮੁਫਾਦ ਲਈ ਅਫਸਰਾਂ ਨੂੰ ਧਮਕਾਉਣਾ ਉਨ੍ਹਾਂ ਨੂੰ ਆਪਣੇ ਫ਼ਰਜ਼ਾਂ ਤੇ ਕਾਰਜ ਨੂੰ ਭੁਲਾਉਣ ਤੇ ਮਜਬੂਰ ਕਰਨਾ ਵੀ ਸ਼ਾਮਿਲ ਹੈ। ਪਰ ਬਲਰਾਜ ਵਰਗੇ ਸਿਰੜੀ, ਇਮਾਨਦਾਰ ਤੇ ਇੰਟੈਲੀਜੇਂਟ ਅਫ਼ਸਰ ਨੂੰ ਵੀ ਪਰੇਸ਼ਾਨ ਹੋਣਾ ਪੈ ਰਿਹਾ ਹੈ। ਜਾਪਦਾ ਹੈ ਲੇਖਕਾ ਨੇ ਇਹ ਨਾਵਲ ਲਿਖਣ ਲਈ ਜਾਂ ਤਾਂ ਕਿਸੇ ਪੁਲਿਸ ਅਫ਼ਸਰ ਦੀ ਮਦਦ ਲਈ ਹੈ ਜਾਂ ਕਿਸੀ ਪੁਲਿਸ ਅਫਸਰ ਨੇ ਇਹ ਨਾਵਲ ਦਾ ਪਲਾਟ ਬੜੀ ਨੀਝ ਨਾਲ ਸਾਂਝਾ ਕੀਤਾ ਹੈ। ਪੁਲਿਸ ਵਿਭਾਗ ਦੇ ਕਾਰਜ ਦੀ ਬਾਰੀਕੀਆਂ ਇਕ ਆਮ ਲੇਖਕ ਸ਼ਾਇਦ ਹੀ ਇੰਨੀ ਸਮਝ ਰੱਖਦਾ ਹੋਵੇ। ਰੋਚਕਤਾ ਭਰਪੂਰ ਇਸ ਨਾਵਲ ਨੂੰ ਪਾਠਕ ਇਕੋ ਹੱਲੇ ਪੜ੍ਹਨ ਲਈ ਲੋਚਦਾ ਹੈ। ਕੁਲ ਮਿਲਾਕੇ ਬੇਅੰਤ ਕੌਰ ਗਿੱਲ ਤੋਂ ਅਸੀਂ ਹੋਰ ਚੰਗੇਰੇ ਨਾਵਲਾਂ ਦੀ ਆਸ ਕਰਦੇ ਹਾਂ।

## ਛਲਾਵਿਆਂ ਦੀ ਰੁੱਤ / ਅਲਫ਼ਾਜ਼ / ਰੀਵਿਊ ਕਰਤਾ / ਭੁਪਿੰਦਰ ਮਾਨ


ਪੰਜਾਬੀ ਕਹਾਣੀ ਨੇ ਪਿਛਲੇ ਸਮੇ ਵਿੱਚ ਨਵੇਂ ਦਿਸਹੱਦੇ ਛੂਹੇ ਹਨ। ਇਸ ਨੇ ਆਪਣਾ ਮੁਹਾਂਦਰਾ ਬਦਲ ਕੇ ਵਿਸ਼ਵ ਪੱਧਰ ਤੱਕ ਆਪਣੀ ਛਾਪ ਛੱਡੀ ਹੈ। ਨਵੇਂ ਕਹਾਣੀਕਾਰਾਂ ਨੇ ਪਰੰਪਰਾਗਤ ਵਿਸ਼ਿਆਂ ਨੂੰ ਛੱਡ ਕੇ ਨਵੇਂ ਵਿਸ਼ੇ ਬਹੁਤ ਸੋਹਣੇ ਢੰਗ ਨਾਲ ਨਿਭਾਏ ਹਨ। ਸੱਜਰੀ ਕਲਮ ਅਲਫਾਜ਼ ਦੀ ਕਹਾਣੀਆਂ ਦੀ ਕਿਤਾਬ 'ਛਲਾਵਿਆਂ ਦੀ ਰੁੱਤ' ਪੜ੍ਹ ਕੇ ਪਾਠਕ ਸਹਿਜ ਹੀ ਪੰਜਾਬੀ ਕਹਾਣੀ ਦੇ ਹੋ ਰਹੇ ਵਿਕਾਸ ਨੂੰ ਦੇਖ ਸਕਦਾ ਹੈ।


ਅਲਫਾਜ਼ ਨੇ ਪਰਵਾਸ, ਲਿੰਗ ਗਤੀਸ਼ੀਲਤਾ ਅਤੇ ਨੌਜਵਾਨ ਪੀੜ੍ਹੀ ਦੀ ਬਦਲਦੀ ਸੋਚ ਵਰਗੇ ਆਧੁਨਿਕ ਸਰੋਕਾਰਾਂ ਨੂੰ ਸੰਬੋਧਿਤ ਕਰਕੇ ਪੰਜਾਬੀ ਕਹਾਣੀ ਦੀਆਂ ਸੀਮਾਵਾਂ ਨੂੰ ਮੁੜ ਪਰਿਭਾਸ਼ਿਤ ਕੀਤਾ ਹੈ। ਉਸਨੇ ਪੰਜਾਬੀ ਕਹਾਣੀ ਦੀ ਅਮੀਰ ਪਰੰਪਰਾ ਨੂੰ ਜਾਰੀ ਰੱਖਦੇ ਹੋਏ ਸੱਭਿਆਚਾਰਕ ਵਿਰਸੇ ਨਾਲ ਆਧੁਨਿਕਤਾ ਦਾ ਸੁਮੇਲ ਕੀਤਾ ਹੈ। ਉਸ ਦੀ ਕਹਾਣੀ ਸ਼ਹਿਰੀ ਅਤੇ ਪੇਂਡੂ ਨਵੇਂ ਦ੍ਰਿਸ਼ਟੀਕੋਣਾਂ ਦੇ ਬਿਰਤਾਂਤ ਨੂੰ ਸਿਰਜਦੀ ਹੈ। ਅਲਫਾਜ਼ ਦੇ ਵਿਸ਼ੇ ਪੰਜਾਬੀ ਡਾਇਸਪੋਰਾ ਦੇ ਸੰਘਰਸ਼ਾਂ, ਪਛਾਣ ਦੇ ਸੰਕਟਾਂ ਅਤੇ ਵਿਸ਼ਵੀਕਰਨ ਦੇ ਪ੍ਰਭਾਵਾਂ ਨਾਲ ਬਦਲਦੀ ਨੌਜਵਾਨੀ ਦੀ ਸੋਚ ਦੁਆਲੇ ਘੁੰਮਦੇ ਹਨ। ਉਹ ਆਪਣੀਆਂ ਕਹਾਣੀਆਂ ਰਾਹੀਂ ਉਨਾਂ ਵਿਸ਼ਿਆਂ ਨੂੰ ਫੜਦਾ, ਜਿਹੜੇ ਹਾਲੇ ਦੂਜੇ ਕਹਾਣੀਕਾਰਾਂ ਦੇ ਹਿੱਸੇ ਬਹੁਤ ਘੱਟ ਆਏ ਹਨ।

ਮਨੁੱਖ ਦੀ ਜ਼ਿੰਦਗੀ ਵਿੱਚ ਟੈਕਨੋਲਜੀ ਦੇ ਅਸਰ ਨੂੰ ਡੋਪਾਮਾਈਨ ਕਹਾਣੀ ਜਿਸ ਤਰ੍ਹਾਂ ਦਰਸਾਉਂਦੀ ਹੈ, ਉਹ ਕਾਬਲੇ ਤਾਰੀਫ ਹੈ। ਬੱਜੋਰਤਾ, ਸੱਤ ਦਿਨ ਦੀ ਕੈਦ ਵਰਗੀਆਂ ਕਹਾਣੀਆਂ ਆਮ ਮਨੁੱਖ ਦੀ ਮਾਨਸਿਕ ਪੀੜਾ ਨੂੰ ਪਾਠਕਾਂ ਸਾਹਮਣੇ ਰੱਖਦੀਆਂ ,ਮਨ ਤੇ ਡੂੰਘਾ ਅਸਰ ਛੱਡਦੀਆਂ ਹਨ। ਕਹਾਣੀਕਾਰ ਨੇ ਮੁੰਬਈ ਵਰਗੇ ਵੱਡੇ ਸ਼ਹਿਰਾਂ ਵਿੱਚ ਪ੍ਰਚਲਿਤ ਸ਼ੂਗਰ ਡੈਡੀ ਦੇ ਚਲਣ ਦਾ ਛੋਟੇ ਸ਼ਹਿਰਾਂ ਵੱਲ ਹੋ ਰਹੇ ਪਰਵਾਹ ਨੂੰ ਗਾਰਡੀਅਨ ਏਂਜਲ ਰਾਹੀ ਪਾਠਕਾਂ ਸਾਹਮਣੇ ਸੋਹਣੇ ਤਰੀਕੇ ਨਾਲ ਰੱਖਿਆ ਹੈ।

ਨਵੀਂ ਪੀੜੀ ਵਿੱਚ ਪਰੰਪਰਾਗਤ ਰਿਸ਼ਤਿਆਂ ਦੀ ਬਜਾਏ ਉਭਰ ਰਹੇ ਨਵੇਂ ਚਲਣਾਂ ਨੂੰ ਟਚ ਸਟੋਨ ਅਤੇ ਜਿਗੈਲੋ ਕਹਾਣੀਆਂ ਬਾਖੂਬੀ ਪਰਿਭਾਸ਼ਤ ਕਰਦੀਆਂ ਹਨ। ਫੈਂਟੇਸੀ, ਵਰਲਡ ਆਰਡਰ ਵਰਗੀਆਂ ਕਹਾਣੀਆਂ ਦਾ ਖੇਤਰ ਭਾਵੇਂ ਸੱਤ ਸਮੁੰਦਰ ਪਾਰ ਹੈ। ਉਹ ਸਾਡੇ ਪ੍ਰਵਾਸੀਆਂ ਦੇ ਜੀਵਨ ਉੱਪਰ ਤਿੱਖਾ ਵਾਰ ਕਰਦੀਆਂ ਨਵੀਂ ਸੱਚਾਈਆਂ ਨਾਲ ਪਾਠਕਾਂ ਨੂੰ ਰੂਬਰੂ ਕਰਾਉਂਦੀਆਂ ਹਨ। ਇਹ ਕਹਾਣੀਆਂ ਪਰਵਾਸੀਆਂ ਦੀਆਂ ਜ਼ਿੰਦਗੀਆਂ ਨੂੰ ਦਰਸਾਉਂਦੀਆਂ ਹੋਇਆ,ਉਨ੍ਹਾਂ ਦੀਆਂ ਜੜ੍ਹਾਂ ਅਤੇ ਅਕਾਂਖਿਆਵਾਂ ਨੂੰ ਪ੍ਰੀਭਾਸਿਤ ਕਰਦੀਆਂ ਹਨ। ਲੇਖਕ ਨੇ ਆਪਣੀ ਵਿਸ਼ਵ-ਵਿਆਪੀ ਪਹੁੰਚ ਰਾਹੀਂ ਖੇਤਰੀ ਸੀਮਾਵਾਂ ਤੋਂ ਉੱਪਰ ਉਠਾ ਕੇ ਪੰਜਾਬੀ ਕਹਾਣੀ ਦੇ ਕਾਰਜ ਖੇਤਰ ਦਾ ਦਾਇਰਾ ਅੰਤਰਰਾਸ਼ਟਰੀ ਪੱਧਰ ਤੱਕ ਕੀਤਾ ਹੈ।

ਅਲਫਾਜ਼ ਆਪਣੀਆਂ ਕਹਾਣੀਆਂ ਰਾਹੀਂ ਮਨੁੱਖੀ ਰਿਸ਼ਤਿਆਂ ਵਿੱਚਲੀ ਟੁੱਟ ਭੱਜ, ਰਿਸ਼ਤਿਆਂ ਉੱਪਰ ਭਾਰੀ ਪੈਂਦੀਆਂ ਇਛਾਵਾਂ, ਮਨੁੱਖੀ ਮਨ ਦੀਆ ਗੁੰਝਲਾਂ ਅਤੇ ਲਗਾਤਾਰ ਨੌਜਵਾਨੀ ਦੀ ਸੋਚ ਵਿਚ ਆ ਰਹੇ ਬਦਲਾਵ ਨੂੰ ਬਹੁਤ ਸੋਹਣੇ ਤਰੀਕੇ ਨਾਲ ਪਾਠਕਾਂ ਸਾਹਮਣੇ ਰੱਖਦਾ ਹੈ। ਉਸ ਦੀਆਂ ਕਹਾਣੀਆਂ ਪੰਜਾਬੀ ਸਾਹਿਤ ਵਿੱਚ ਸੱਜਰੀ ਹਵਾ ਦੇ ਬੁੱਲੇ ਵਰਗਾ ਅਹਿਸਾਸ ਕਰਾਉਂਦੀਆਂ ਹਨ। 'ਛਲਾਵਿਆਂ ਦੀ ਰੁੱਤ' ਕਿਤਾਬ ਦੀਆ ਕਹਾਣੀਆਂ ਦੇ ਵਿਸ਼ੇ ਸੱਜਰੇ, ਸੋਹਣੇ ਪਲਾਟ ਅਤੇ ਟੈਕਸਚਰ ਬਹੁਤ ਗੁੰਦਵਾ ਹੈ। ਅਲਫਾਜ਼ ਨੇ ਇਸ ਕਿਤਾਬ ਰਾਹੀਂ ਪੰਜਾਬੀ ਕਹਾਣੀ ਜਗਤ ਵਿੱਚ ਲੰਬੀ ਪੁਲਾਂਘ ਭਰੀ ਹੈ। 'ਛਲਾਵਿਆਂ ਦੀ ਰੁੱਤ' ਕਿਤਾਬ ਹਰ ਕਹਾਣੀ ਨੂੰ ਪਿਆਰ ਕਰਨ ਵਾਲੇ ਪਾਠਕ ਲਈ ਪੜ੍ਹਨ ਯੋਗ ਹੈ।






ਅਮਰੀਕਾ ਵੱਸਦੀ ਬਹੁ-ਵਿਧਾਵੀ ਲੇਖਕ 'ਲਾਜ ਨੀਲਮ ਸੈਣੀ' ਨੇ ਜਿੱਥੇ ਇਸ ਸਵੈ-ਜੀਵਨੀ ਮੂਲਕ ਨਾਵਲ 'ਅਲਵਿਦਾ!... ਕਦੇ ਵੀ ਨਹੀਂ" ਵਿੱਚ ਪੀੜ੍ਹੀ-ਦਰ-ਪੀੜ੍ਹੀ ਪਰਵਾਸ ਅਤੇ ਪੰਜਾਬੀ ਮਨੁੱਖ ਦੀ ਕਸ਼ਮਕਸ਼ ਨੂੰ ਪੇਸ਼ ਕੀਤਾ ਹੈ ਉੱਥੇ ਪੰਜਾਬੀ ਮਨੁੱਖ ਦੇ ਅਸਲ ਆਦਰਸ਼ਾਂ ਨੂੰ ਰਿਸ਼ਤਿਆਂ ਦੀਆਂ ਪਵਿੱਤਰ ਸ਼ੇਡਜ ਰਾਹੀਂ ਯਥਾਰਥਕ ਸ਼ੈਲੀ ਵਿੱਚ ਪੇਸ਼ ਕੀਤਾ ਹੈ। ਅਜੋਕੇ ਗਲੋਬਲ ਭਾਂਤ ਦੇ ਪਲ-ਪਲ ਬਦਲਦੇ ਜੀਵਨ ਯਥਾਰਥ, ਮੁਨਾਫ਼ੇ ਆਧਾਰਿਤ ਵਿਸ਼ਵੀ ਤਾਕਤਾਂ ਦੇ ਅਦਿੱਖ ਹਮਲੇ, ਇਨ੍ਹਾਂ ਸਭ ਹਮਲਿਆਂ ਦਾ ਮੁਕਾਬਲਾ ਕਰਦੇ ਰਹਿਣ ਅਤੇ ਬੇਹੱਦ ਕਰੂਰ ਜੀਵਨ ਸਥਿਤੀਆਂ ਵਿੱਚ ਵੀ ਜੀਵਨ ਨੂੰ ਜਿਊਂਣ ਜੋਗਾ ਕਰ ਲੈਣ ਦਾ ਆਹਰ ਇਸ ਨਾਵਲੀ ਬਿਰਤਾਂਤ ਵਿੱਚ ਫੈਲਿਆ ਹੋਇਆ ਹੈ। ਨਾਵਲ ਦੇ ਹਰ ਕਾਂਡ ਦੇ ਆਰੰਭ ਵਿੱਚ ਜੀਵਨ ਜਿਊਂਣ ਸੰਬੰਧੀ ਦਾਰਸ਼ਨਿਕ ਪ੍ਰਸ਼ਨ ਅਤੇ ਕਾਂਡ ਦੇ ਅੰਤ 'ਚ ਉਸ ਪ੍ਰਸ਼ਨ ਦੇ ਉੱਤਰ ਇਸ ਨਾਵਲ ਨੂੰ ਜਿੱਥੇ ਨਵੀਨ ਵਸਤੂਗਤ ਵਿਧੀ ਕਰਦੇ ਹਨ ਉੱਥੇ ਸ਼ੈਲੀਗਤ ਵਿਲੱਖਣਤਾ ਵੀ ਪ੍ਰਦਾਨ ਕਰਦੇ ਹਨ।

ਪ੍ਰਿਥਮ ਪ੍ਰਕਾਸ਼ਨ, ਪਟਿਆਲਾ


ਗੁਰਜੰਟ ਰਾਜੇਆਣਾ


## ਪ੍ਰਤੀਕ ਪਬਲੀਕੇਸ਼ਨਜ਼ ਦੀਆਂ ਨਵ-ਪ੍ਰਕਾਸ਼ਿਤ ਪੁਸਤਕਾਂ




























ਪ੍ਰਕਾਸ਼ਨ ਦੀ ਦੁਨੀਆਂ ਵਿੱਚ ਭਰੋਸੇਯੋਗ ਨਾਮ

**ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ**

ਸੰਪਰਕ: 98773-58869, 97810-33133

PARTEEK PUBLICATIONS




ਇਸ ਨਾਵਲ ਦੀ ਆਮਦ ਕਈ ਪੱਖਾਂ ਤੋਂ ਮਹੱਤਵਪੂਰਨ ਹੈ। 1947 ਤੋਂ 1984 ਤੱਕ ਵਾਪਰੇ ਦੁਖਾਂਤ, ਹਰੀ ਕ੍ਰਾਂਤੀ ਅਤੇ 1991 ਤੋਂ ਬਾਅਦ ਬਦਲਦੇ ਪੰਜਾਬ ਦੀ ਚਿੰਤਾਜਨਕ ਤਸਵੀਰ, ਇਸ ਦੌਰ ਵਿਚ ਲੋਕ ਚੇਤਨਾ ਦੇ ਪੂੰਜੀਵਾਦੀ ਰੁਪਾਂਤਰਣ। ਇਸ ਰੁਪਾਂਤਰਣ ਤੈਅਤ ਬਦਲਦੀ ਪੇਂਡੂ ਮਾਨਸਿਕਤਾ ਨੂੰ ਨਾਵਲਕਾਰ ਨੇ ਚਿੰਤਨੀ ਸੁਰ ਰਾਹੀਂ ਪੇਸ਼ ਕੀਤਾ ਹੈ। ਵਰਣ-ਵਿਵਸਥਾ ਦੇ ਪੰਜਾਬ ਸੰਦਰਭ ਅਤੇ ਇਸ ਵਿਵਸਥਾ ਦੇ ਪੈਦਾ ਕੀਤੇ ਮਾਰੂ ਪ੍ਰਵਚਨ ਨੂੰ ਤੋੜ ਕੇ ਇਸ ਨਾਵਲ ਦੇ ਦਲਿਤ ਪਾਤਰ ਮੁਕਤੀ ਦਾ ਪੈਂਤੜਾ ਅਖ਼ਤਿਆਰ ਕਰਦੇ ਹੋਏ ਮਰ ਮਿਟਦੇ ਹਨ।


**-ਗੁਰਜੰਟ ਰਾਜੇਆਣਾ**

**ਪ੍ਰਕਾਸ਼ਕ : ਪ੍ਰਿਥਮ ਪ੍ਰਕਾਸ਼ਨ, ਪਟਿਆਲਾ**

---

ਅਜੈ ਤਨਵੀਰ ਆਪਣੀ ਪਹਿਲੀ ਪੁਸਤਕ 'ਫ਼ਤਵਿਆਂ ਦੇ ਦੌਰ ਵਿੱਚ' ਨਾਲ ਹੀ ਪੰਜਾਬੀ ਸ਼ਾਇਰੀ ਦੇ ਖੇਤਰ ਵਿੱਚ ਆਪਣੀ ਸਾਰਥਕ ਪਛਾਣ ਦਰਜ ਕਰਵਾਉਂਦਾ ਹੈ। ਨਾਬਰੀ ਦੇ ਪ੍ਰਵਚਨ ਨੂੰ ਸ਼ਿਅਰ ਦਰ ਸ਼ਿਅਰ ਹੋਰ ਗੂੜ੍ਹਾ ਰੰਗ ਦਿੰਦੀ ਇਸ ਪੁਸਤਕ ਵਿੱਚ ਸ਼ਾਇਰ ਮਹਿਬੂਬ ਦੀਆਂ ਜ਼ੁਲਫਾਂ ਜਾਂ ਉਸਦੇ ਨੈਣਾਂ ਦੇ ਕਸੀਦੇ ਪੜ੍ਹਨ ਦੀ ਥਾਂ ਸਾਡੇ ਸਮਾਜ ਵਿਚਲੇ ਫਿਕਰ ਅਤੇ ਨਾ-ਬਰਾਬਰੀ, ਅਨਿਆਂ, ਹਿੰਸਾ, ਲੁੱਟ-ਖਸੁੱਟ ਅਤੇ ਸੋਸ਼ਣ ਜਿਹੇ ਮੁੱਦਿਆਂ ਨੂੰ ਆਪਣੀ ਸ਼ਾਇਰੀ ਦੇ ਜ਼ਿਕਰ ਵਿੱਚ ਲੈ ਕੇ ਆਉਂਦਾ ਹੈ। ਇਹ ਸ਼ਾਇਰੀ ਪੰਜਾਬੀ ਬੰਦੇ ਦੀ ਜਾਗਦੀ ਜਮੀਰ ਦੀ ਸ਼ਾਇਰੀ ਹੈ ਜਿਹੜੀ ਅਜੇ ਵੀ ਆਪਣੀ ਧਰਤੀ ਨਾਲ ਜੁੜੀ ਹੋਈ ਹੈ। ਸ਼ਾਇਰ ਕਿਤੇ ਵੀ ਧਰਤੀ ਦੇ ਨਾਲੋਂ ਆਪਣਾ ਮੋਹ ਟੁੱਟਣ ਨਹੀਂ ਦਿੰਦਾ ਸਗੋਂ ਉਹ ਆਪਣੀਆਂ ਜੜ੍ਹਾਂ ਨਾਲ ਰਿਸ਼ਤਾ ਪਰਤ ਦਰ ਪਰਤ ਹੋਰ ਗਹਿਰਾ ਕਰਦਾ ਜਾਂਦਾ ਹੈ।

**-ਡਾ. ਅਮਰਜੀਤ ਕੌਂਕੇ**




**ਪ੍ਰਕਾਸ਼ਕ : ਚੇਤਨਾ ਪ੍ਰਕਾਸ਼ਨ, ਲੁਧਿਆਣਾ**

RAA DESIGNS
WE DESIGN BEYOND YOUR IMAGINATION

CONTACT FOR

LOGO | BUSINESS CARD | LETTERHEAD | FLYER
STATIONARY DESIGN | BOOK TITLES | BOOK COMPOSING
SOCIAL MEDIA BANNERS & POSTS | WEBSITE
& ALL TYPE OF GRAPHIC DESIGN STUFF

M: +91 97810-33133, +91 70097-67394 E: raadesigns89@gmail.com W: www.raadesigns.com